Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
Royal Canadian
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 239 Friday, December 13, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਕੰਜ਼ਰਵੇਟਿਵ ਆਗੂ ਸ਼ੀਅਰ ਨੇ ਦਿੱਤਾ ਅਸਤੀਫਾ



ਓਟਵਾ, 12 ਦਸੰਬਰ (ਪੋਸਟ ਬਿਊਰੋ) : ਐਂਡਰਿਊ ਸ਼ੀਅਰ ਨੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਵਜੋਂ ਅਸਤੀਫਾ ਦੇ ਦਿੱਤਾ ਹੈ। ਕਈ ਹਫਤਿਆਂ ਤੱਕ ਅਜਿਹਾ ਕਰਨ ਦੀ ਉੱਠਦੀ ਰਹੀ ਮੰਗ ਨੂੰ ਟਾਲਣ ਤੋਂ ਬਾਅਦ ਆਖਿਰਕਾਰ ਸ਼ੀਅਰ ਨੇ ਅਸਤੀਫਾ ਦੇ ਹੀ ਦਿੱਤਾ। ਪਰ ਉਨ੍ਹਾਂ ਉਦੋਂ ਤੱਕ ਇਸ ਅਹੁਦੇ ਉੱਤੇ ਕਾਇਮ ਰਹਿਣ ਦਾ ਫੈਸਲਾ ਕੀਤਾ ਹੈ ਜਦੋਂ ਤੱਕ ਉਨ੍ਹਾਂ ਦਾ ਬਦਲ ਨਹੀਂ ਤਲਾਸ਼ ਲਿਆ ਜਾਂਦਾ।

ਵੀਰਵਾਰ ਸਵੇਰੇ ਪਾਰਲੀਆਮੈਂਟ ਹਿੱਲ ਉੱਤੇ ਕੰਜ਼ਰਵੇਟਿਵ ਕਾਕਸ ਨਾਲ ਮੁਲਾਕਾਤ ਕਰਨ ਤੋਂ ਬਾਅਦ ਹਾਊਸ ਆਫ ਕਾਮਨਜ਼ ਵਿੱਚ ਆਪਣੇ ਫੈਸਲੇ ਦਾ ਐਲਾਨ ਕਰਦਿਆਂ ਸ਼ੀਅਰ ਨੇ ਆਖਿਆ ਕਿ ਉਹ ਪਾਰਟੀ ਦੀ ਨੈਸ਼ਨਲ ਕਾਊਂਸਲ ਨੂੰ ਲੀਡਰਸ਼ਿਪ ਚੋਣ ਦਾ ਪ੍ਰਬੰਧ ਕਰਵਾਉਣ ਲਈ ਆਖਣਗੇ। ਸ਼ੀਅਰ ਨੇ ਆਖਿਆ ਕਿ ਆਪਣੇ ਅਸਤੀਫੇ ਬਾਰੇ ਫੈਸਲਾ ਕਰਨਾ ਉਨ੍ਹਾਂ ਵੱਲੋਂ ਲਿਆ ਗਿਆ ਹੁਣ ਤੱਕ ਦਾ ਸੱਭ ਤੋਂ ਮੁਸ਼ਕਲ ਫੈਸਲਾ ਰਿਹਾ। ਵੀਰਵਾਰ ਸ਼ਾਮ ਨੂੰ ਕੰਜ਼ਰਵੇਟਿਵ ਕਾਕਸ ਵੱਲੋਂ ਅਚਾਨਕ ਪਾਰਲੀਆਮੈਂਟ ਹਿੱਲ ਉੱਤੇ ਮੀਟਿੰਗ ਸੱਦੀ ਗਈ। ਕੰਜ਼ਰਵੇਟਿਵ ਕਾਕਸ ਚੇਅਰ ਟੌਮ ਕਮਾਇਕ ਅਨੁਸਾਰ ਇੱਕ ਘੰਟੇ ਤੋਂ ਵੀ ਘੱਟ ਸਮੇਂ ਤੱਕ ਬੰਦ ਦਰਵਾਜ਼ਾ ਮੀਟਿੰਗ ਕਰਨ ਤੋਂ ਬਾਅਦ ਕਾਕਸ ਨੇ ਸਰਬਸੰਮਤੀ ਨਾਲ ਇਹ ਵੋਟ ਕੀਤਾ ਕਿ ਅੰਤਰਿਮ ਆਗੂ ਵਜੋਂ ਸ਼ੀਅਰ ਆਪਣਾ ਬਦਲ ਮਿਲ ਜਾਣ ਤੱਕ ਇਸ ਅਹੁਦੇ ਉੱਤੇ ਬਣੇ ਰਹਿਣ।

ਇਹ ਸਵਾਲ ਉੱਠਣ ਕਿ ਕੀ ਸ਼ੀਅਰ ਨੂੰ ਹੀ ਕੰਜ਼ਰਵੇਟਿਵ ਆਗੂ ਬਣੇ ਰਹਿਣਾ ਚਾਹੀਦਾ ਹੈ ਜਾਂ ਫਿਰ ਕਾਕਸ ਨੂੰ ਉਸ ਤੋਂ ਬਿਨਾਂ ਕਿਸੇ ਨਵੇਂ ਚਿਹਰੇ ਨੂੰ ਮੌਕਾ ਦੇਣਾ ਚਾਹੀਦਾ ਹੈ, ਤੋਂ ਬਾਅਦ ਹੀ ਇਹ ਫੈਸਲਾ ਲਿਆ ਗਿਆ। ਸ਼ੀਅਰ ਨੇ ਆਖਿਆ ਕਿ ਕਿਸੇ ਇੱਕ ਵਿਅਕਤੀ ਨਾਲੋਂ ਪਾਰਟੀ ਜ਼ਿਆਦਾ ਅਹਿਮ ਹੈ ਤੇ ਕੰਜ਼ਰਵੇਟਿਵਾਂ ...ਬਾਕੀ ਪੰਨਾ 6 'ਤੇ

# ਕਮਲ ਖਹਿਰਾ ਮੁੜ ਕੌਮਾਂਤਰੀ ਵਿਕਾਸ ਮੰਤਰੀ ਦੀ ਪਾਰਲੀਮਾਨੀ ਸਕੱਤਰ ਨਿਯੁਕਤ



ਓਟਵਾ, 12 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਆਮੈਂਟ ਕਮਲ ਖਹਿਰਾ ਨੂੰ ਕੌਮਾਂਤਰੀ ਵਿਕਾਸ ਮੰਤਰੀ ਦਾ ਪਾਰਲੀਮਾਨੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਦਾ ਖੁਲਾਸਾ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਐਲਾਨ ਤੋਂ ਬਾਅਦ ਕੀਤਾ ਗਿਆ।

2015 ਤੋਂ ਹੁਣ ਤੱਕ ਕਮਲ ਖਹਿਰਾ ਦੂਜੀ ਵਾਰੀ ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਆਮੈਂਟ ਨਿਯੁਕਤ ਹੋਈ ਹੈ। ਇਸ ਤੋਂ ਪਹਿਲਾਂ ਉਹ 2015-16 ਵਿੱਚ ਸਿਹਤ ਮੰਤਰੀ ਦੀ ਪਾਰਲੀਮਾਨੀ ਸਕੱਤਰ ਰਹਿ ਚੁੱਕੀ ਹੈ ਤੇ 2016-17 ਵਿੱਚ ਨੈਸ਼ਨਲ ਰੈਵਨਿਊ ਮੰਤਰੀ ਤੇ 2017-19 ਵਿੱਚ ਕੌਮਾਂਤਰੀ ਵਿਕਾਸ ਮੰਤਰੀ ਦੀ ਪਾਰਲੀਮਾਨੀ ਸਕੱਤਰ ਰਹਿ ਚੁੱਕੀ ਹੈ।

...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਨ੍ਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

## ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ, ਡੇਰਾ ਚਾਹਲ, ਲਾਹੌਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabi-post.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ, ਲਾਹੌਰ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

# ਅਰਥਚਾਰੇ ਦੀ ਮੱਠੀ ਰਫਤਾਰ ਕਾਰਨ ਵਿਆਜ਼ ਦਰਾਂ ਵਿੱਚ ਵਾਧਾ ਹੋਣ ਦੀ ਕੋਈ ਸੰਭਾਵਨਾ ਨਹੀਂ: ਪੋਲੋਜ਼



ਟੋਰਾਂਟੋ, 12 ਦਸੰਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਦੇ ਗਵਰਨਰ ਸਟੀਫਨ ਪੋਲੋਜ਼ ਨੇ ਵੀਰਵਾਰ ਨੂੰ ਆਖਿਆ ਕਿ ਗਲੋਬਲ ਅਰਥਚਾਰੇ ਦੀ ਮੱਠੀ ਰਫਤਾਰ ਕਾਰਨ ਵਿਆਜ਼ ਦਰਾਂ ਵਿੱਚ ਵਾਧਾ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

ਟੋਰਾਂਟੋ ਵਿੱਚ ਐਂਪਾਇਰ ਕਲੱਬ ਨਾਲ ਗੱਲ ਕਰਦਿਆਂ ਪੋਲੋਜ਼ ਨੇ ਆਖਿਆ ਕਿ ਆਬਾਦੀ ਦੀ ਘਾਟ ਕਾਰਨ ਹੀ ਆਰਥਿਕ ਵਿਕਾਸ ਦੀ ਰਫਤਾਰ ਮੱਠੀ ਹੈ ਤੇ ਤਬਦੀਲੀ ਲਿਆਉਣ ਲਈ ਉਤਪਾਦਕਤਾ ਵੀ ਨਹੀਂ ਵੱਧ ਰਹੀ। ਇਸ ਤੋਂ ਇਲਾਵਾ ਗਲੋਬਲਾਈਜ਼ੇਸ਼ਨ ਰਾਹੀਂ ਉਤਪਾਦਕਤਾ ਵਿੱਚ ਹੋਏ ਵਾਧੇ ਉੱਤੇ ਟਰੇਡ ਵਾਰ ਕਾਰਨ ਤਲਵਾਰ ਲਟਕ ਰਹੀ ਹੈ। ਇੰਪੋਰਟ ਉੱਤੇ ਲਾਏ ਗਏ ਟੈਰਿਫਜ਼ ਕਾਰਨ ਕੰਪਨੀਆਂ ਨੂੰ ਆਪਣੀ ਸਪਲਾਈ ਚੇਨ ਖਤਮ ਕਰਨੀ ਪੈਂਦੀ ਹੈ ਤੇ ਦੂਜੀ ਸਪਲਾਈ ਚੇਨ ਸ਼ੁਰੂ ਕਰਨੀ ਪੈਂਦੀ ਹੈ ਜਿਹੜੀ ਘੱਟ ਸਮਰੱਥ ਹੁੰਦੀ ਹੈ। ਇਸ ਤੋਂ ਇਲਾਵਾ ਟਰੇਡ ਨੀਤੀਆਂ ਬਾਰੇ

...ਬਾਕੀ ਪੰਨਾ 6 'ਤੇ

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL
ਕਸਟਮ ਮੇਡ ਘਰ
ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ
ਲੀਗਲ ਬੈਸਮੈਂਟ
COMMERCIAL
New store design & build
Lease hold Improvements
Medical, offices, retail, restaurants & salon
FAST TRACK PERMIT & CONSTRUCTION
437.219.5009
info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards
Plazas & Industrial buildings
Banquet halls & restaurants
Gas stations & repair shops
Offices & Clinics
FREE No Obligation Estimate
We are Professional, Reliable & Experienced
AAA LANDSCAPING | 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ
ਹਵਾਈ ਟਿਕਟਾਂ ਅਤੇ ਭਰੋਸੇਮੰਦ
ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਛੋਟੇ ਭਾਈ ਇਹ ਕਿਹਾ ਸੁਖਬੀਰ ਸੋਹ ਨੂੰ,
ਦੂਸ਼ਣ ਲਾਉਂਦਿਆਂ ਕਦੇ ਕੁਝ ਸੋਚ ਮੀਆਂ।
ਕਰਨੀ ਸਿੱਖੀ ਸੀ ਇੱਕੋ ਜਿਹੀ ਰਾਜਨੀਤੀ,
ਇੱਕੋ ਈ ਬਾਬਾ ਸੀ ਦੋਵਾਂ ਦਾ ਕੋਚ ਮੀਆਂ।
ਆਪਣੀ ਵਾਰੀ ਸੀ ਰੱਜ ਕੇ ਖੇਡ ਲਿਆ ਤੂੰ,
ਆ ਗਈ ਵਿੱਚ ਬਰਗਾੜੀ ਦੇ ਮੋਚ ਮੀਆਂ।
ਮੱਤਾਂ ਦੇਂਦਾ ਪਿਆ ਬੈਠਾ ਤੂੰ ਪੌੜੀਆਂ ’ਤੇ,
ਗਿਆ ਸੀ ਤੂੰ ਹੀ ਪੰਜਾਬ ਤਾਂ ਨੋਚ ਮੀਆਂ।
ਕਿਹਾ ਫਿਰ ਝੱਟ ਸੁਖਬੀਰ ਨੂੰ ਚੇਲਿਆਂ ਨੇ,
ਭਾਜੀ ਮੋੜਨ ਨੂੰ ਰਹਿੰਦਾ ਹੈ ਕਿਆ ਮੀਆਂ।
ਸੁਣ-ਸੁਣ ਲੋਕ ਪਏ ਹੱਸਣ ਹੈਰਾਨ ਹੋ ਕੇ,
ਮੱਥਾ ਟੱਬਰ ਵਿੱਚ ਲੱਗਿਆ ਪਿਆ ਮੀਆਂ।

**ਤੀਸ ਮਾਰ ਖਾਂ**

# ਰੇਤ ਮਾਫ਼ੀਆ ਦੇ ਪਿਤਾਮਾ ਬਾਦਲਾਂ ਵੱਲੋਂ ਰੇਤ ਮਾਫ਼ੀਆ ਵਿਰੁੱਧ ਹੀ ਧਰਨਾ ਹਾਸੋਹੀਣਾ: ਭਗਵੰਤ ਮਾਨ

### *ਕਾਂਗਰਸੀਆਂ ਨਾਲ ਆਪਣੀ ਹਿੱਸੇਦਾਰੀ ਵਧਾਉਣ ਲਈ ਧਰਨਿਆਂ ਦੇ ਡਰਾਮੇ ਕਰ ਰਹੇ ਹਨ ਬਾਦਲ



ਚੰਡੀਗੜ੍ਹ, 12 ਦਸੰਬਰ 2019 (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਬੁੱਧਵਾਰ ਨੂੰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਵੱਲੋਂ ਰੇਤ ਮਾਫ਼ੀਆ ਵਿਰੁੱਧ ਮੋਹਾਲੀ ਵਿੱਚ ਦਿੱਤੇ ਧਰਨੇ ਉੱਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਰੇਤ ਮਾਫ਼ੀਆ ਦੇ ਫਾਊਂਡਰ ਮੈਂਬਰਾਂ ਵੱਲੋਂ ਰੇਤ ਮਾਫ਼ੀਆ ਅਤੇ ਗੁੰਡਾ ਪਰਚੀ ਵਿਰੁੱਧ ਹੀ ਧਰਨਾ ਇੰਜ ਜਾਪਦਾ ਹੈ, ਜਿਵੇਂ ਤਾਲਿਬਾਨ ਸ਼ਾਂਤੀ ਅਤੇ ਅਹਿੰਸਾ ਲਈ ਮੋਮਬੱਤੀ ਮਾਰਚ ਕੱਢ ਰਹੇ ਹੋਣ।

ਪਾਰਟੀ ਹੈੱਡਕੁਆਟਰ ਤੋਂ ਜਾਰੀ ਬਿਆਨ ਰਾਹੀਂ ਭਗਵੰਤ ਮਾਨ ਨੇ ਕਿਹਾ ਕਿ ਕਿੰਨੀ ਹਾਸੋਹੀਣੀ ਗੱਲ ਹੈ ਕਿ ਬਾਦਲਾਂ ਨੇ ਆਪਣੇ 10 ਸਾਲਾਂ ਦੇ ਮਾਫ਼ੀਆ ਰਾਜ ਵਿੱਚ ਰੇਤ ਮਾਫ਼ੀਆ ਦੀਆਂ ਸੰਗਠਨਾਤਮਕ ਤਰੀਕੇ ਨਾਲ ਜੜਾਂ ਪੰਜਾਬ ਵਿੱਚ ਲਗਾਈਆਂ ਸਨ, ਰੇਤ ਮਾਫ਼ੀਆਂ ਦੇ ਉਹੀ ਪਿਤਾਮਾ (ਫਾਊਂਡਰ) ਅੱਜਕੱਲ ਰੇਤ ਮਾਫ਼ੀਆ ਤੇ ਗੁੰਡਾ ਪਰਚੀ ਵਿਰੁੱਧ ਹੀ ਧਰਨੇ ਲਾਉਣ ਦੇ ਖੇਖਣ ਕਰਨ ਲੱਗੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਧਰਨੇ ਲਗਾਉਣ ਦਾ ਅਸਲੀ ਕਾਰਨ ਕਾਂਗਰਸੀਆਂ ਨਾਲ ਰੇਤ ਮਾਫ਼ੀਆ ਵਿੱਚ ਆਪਣਾ ਹਿੱਸਾ ਵਧਾਉਣ ਲਈ ਦਬਾਅ ਪਾਉਣਾ ਹੈ। ਉਨਾਂ ਕਿਹਾ ਕਿ ਪੰਜਾਬ ਅੰਦਰ ਸਭ ਨੂੰ ਪਤਾ ਹੈ ਕਿ ਕਾਂਗਰਸੀ, ਅਕਾਲੀ (ਬਾਦਲ) ਅਤੇ ਭਾਜਪਾ ਵਾਲੇ ਵਾਰੀਆਂ ਬੰਨ ਕੇ ਪੰਜਾਬ ਨੂੰ ਲੁੱਟਦੇ ਆ ਰਹੇ ਹਨ। ਇਨਾਂ ਵਿੱਚੋਂ ਜੋ ਵੀ ਸੱਤਾ ਉੱਤੇ ਕਾਬਜ਼ ਹੁੰਦਾ ਹੈ, ਉਹ ਵੱਡੇ ਸ਼ੇਅਰ (ਹਿੱਸੇਦਾਰੀ) ਨਾਲ ਸੰਬੰਧਿਤ ਮਾਫ਼ੀਆ ਦੀ ਕਮਾਨ ਸੰਭਾਲ ਲੈਂਦਾ ਹੈ। ਪਹਿਲਾਂ ਬਾਦਲਾਂ ਦੇ ਰਾਜ ਵਿੱਚ ਰੇਤ ਮਾਫੀਆ, ਸਰਾਬ ਮਾਫੀਆ ਅਤੇ ਕੇਬਲ ਮਾਫੀਆ ਆਦਿ ਵਿੱਚ ਅਕਾਲੀ-ਭਾਜਪਾ ਆਗੂ ਵੱਡੇ ਹਿੱਸੇਦਾਰ ਸਨ ਅਤੇ ਕਾਂਗਰਸੀ 20 - 30 ਪ੍ਰਤੀਸਤ ‘ਚ ਛੋਟੇ ਭਾਈਵਾਲ ਸਨ। ਹੁਣ ਕਾਂਗਰਸੀ ਵੱਡੇ ਹਿੱਸੇਦਾਰ ਅਤੇ ਬਾਦਲ ਛੋਟੇ ਹਿੱਸੇਦਾਰ ਹਨ। ਹੁਣ ਕਿਉਂਕੇ ਬਾਦਲ ਕੈਪਟਨ ਸਰਕਾਰ ਨੂੰ ਆਪਣੇ ਘਰ ਦੀ ਸਰਕਾਰ ਸਮਝਦੇ ਹਨ, ਇਸ ਲਈ ਉਹ ਕੈਪਟਨ ਦੇ ਸਲਾਹਕਾਰ ਨਾਲ ਮੁਬਾਰਿਕਪੁਰ-ਡੇਰਾਬੱਸੀ ਅਤੇ ਪੂਰੇ ਪੰਜਾਬ ‘ਚ ਕਾਂਗਰਸੀਆਂ ਨਾਲ ਰੇਤੇ ਦੀਆਂ ਖੱਡਾਂ ਅਤੇ ਗੁੰਡਾ ਪਰਚੀਆਂ ‘ਚ ਆਪਣੇ ਹਿੱਸੇ ਨੂੰ ਬਰਾਬਰ 50-50 ਪ੍ਰਤੀਸਤ ਤੱਕ ਵਧਾਉਣਾ ਚਾਹੁੰਦੇ ਹਨ। ਜਿਸ ਲਈ ਉਹ ਦਬਾਅ ਦੀ ਰਾਜਨੀਤੀ ਤਹਿਤ ਰੇਤ ਮਾਫ਼ੀਆ ਵਿਰੁੱਧ ਧਰਨੇ ਪ੍ਰਦਰਸ਼ਨਾਂ ਦਾ ਨਾਟਕ ਕਰ ਰਹੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਇਹ ਭਲੀ-ਭਾਂਤੀ ਜਾਣਦੇ ਹੀ ਨਹੀਂ ਸਗੋਂ ਅੱਖੀਂ ਦੇਖ ਰਹੇ ਹਨ, ਕਿ ਕੈਪਟਨ ਅਤੇ ਬਾਦਲ ਕਿਸ ਹੱਦ ਤੱਕ ਮਿਲੇ ਹੋਏ ਹਨ। ਇਸ ਲਈ ਨਾ ਬਾਦਲ ਅਤੇ ਨਾ ਹੀ ਕਾਂਗਰਸੀ ਅਜਿਹੇ ਹਾਸੋਹੀਣੇ ਡਰਾਮੇ ਕਰਕੇ ਪੰਜਾਬ ਦੇ ਲੋਕਾਂ ਨੂੰ ਹੋਰ ਗੁੰਮਰਾਹ ਨਹੀਂ ਕਰ ਸਕਦੇ।

ਮਾਨ ਨੇ ਕਿਹਾ ਕਿ ਜੇਕਰ ਕੈਪਟਨ ਨੂੰ ਪੰਜਾਬ ਅਤੇ ਪੰਜਾਬੀਆਂ ਦੇ ਹਿੱਤ ਪਿਆਰੇ ਹੁੰਦੇ ਤਾਂ ਉਹ ਪੰਜਾਬ ਵਿਚ ਰੇਤ ਮਾਫ਼ੀਆ ਨੂੰ ਕੁਚਲਣ ਅਤੇ ਸੂਬੇ ਦਾ ਖਜਾਨਾ ਭਰਨ ਲਈ ਤੇਲੰਗਾਨਾ ਸਰਕਾਰ ਦੀ ਖਣਨ ਨੀਤੀ (ਮਾਈਨਿੰਗ ਪਾਲਿਸੀ) ਪੰਜਾਬ ਵਿੱਚ ਲਾਗੂ ਕਰਦੇ, ਉਨਾਂ ਕਿਹਾ ਕਿ 2022 ਵਿੱਚ ‘ਆਪ’ ਦੀ ਸਰਕਾਰ ਬਣਨ ਉੱਤੇ ਤੇਲੰਗਾਨਾ ਮਾਈਨਿੰਗ ਮਾਡਲ ਨੂੰ ਹੋਰ ਵੀ ਸਾਫ਼ ਸੁਥਰੇ ਤਰੀਕੇ ਨਾਲ ਲਾਗੂ ਕਰੇਗੀ। ਜਿਸ ਨਾਲ ਨਾ ਕੇਵਲ ਸੂਬੇ ਦਾ ਖ਼ਜ਼ਾਨਾ ਭਰੇਗਾ ਸਗੋਂ ਵੱਡੇ ਪੱਧਰ ਉੱਤੇ ਰੁਜ਼ਗਾਰ ਵੀ ਪੈਦਾ ਹੋਵੇਗਾ।

# ਸਾਂਝੀ ਕਾਰਵਾਈ ਲਈ ਓਨਟਾਰੀਓ ਦੀਆਂ ਚਾਰ ਟੀਚਰਜ਼ ਯੂਨੀਅਨਾਂ ਅੱਜ ਕਰਨਗੀਆਂ ਐਲਾਨ




ਟੋਰਾਂਟੋ, 12 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੀਆਂ ਚਾਰ ਮੁੱਖ ਟੀਚਰਜ਼ ਯੂਨੀਅਨਾਂ ਵੱਲੋਂ ਅੱਜ ਸਵੇਰੇ ਸਾਂਝੀ ਨਿਊਜ਼ ਕਾਨਫਰੰਸ ਕਰਕੇ ਪ੍ਰੋਵਿੰਸ ਨਾਲ ਆਪਣੇ ਕਾਂਟਰੈਕਟ ਬਾਰੇ ਚੱਲ ਰਹੀ ਗੱਲਬਾਤ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।

ਇਹ ਯੂਨੀਅਨਾਂ, ਜਿਹੜੀਆਂ ਪਬਲਿਕ, ਕੈਥੋਲਿਕ ਤੇ ਫਰੈਂਚ ਬੋਰਡਜ਼ ਦੇ ਐਲੀਮੈਂਟਰੀ ਤੇ ਹਾਈ ਸਕੂਲ ਟੀਚਰਾਂ ਦੀ ਨੁਮਾਇੰਦਗੀ ਕਰਦੀਆਂ ਹਨ, ਵੱਲੋਂ ਇਸ ਯੋਜਨਾ ਦੇ ਸਬੰਧ ਵਿੱਚ ਮਾਮੂਲੀ ਵੇਰਵੇ ਹੀ ਮੁਹੱਈਆ ਕਰਵਾਏ ਗਏ ਹਨ। ਪਰ ਪਿਛਲੇ ਮਹੀਨੇ, ਚਾਰਾਂ ਯੂਨੀਅਨਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦੇ ਵੇਜ ਕੈਪ ਬਿੱਲ ਦੀ ਨਿਖੇਧੀ ਕੀਤੀ ਸੀ।

ਯੂਨੀਅਨਾਂ ਨੇ ਆਖਿਆ ਕਿ ਇਹ ਬਿੱਲ, ਜਿਹੜਾ ਪਬਲਿਕ ਸੈਕਟਰ ਦੀਆਂ ਸਾਰੀਆਂ ਤਨਖਾਹਾਂ ਦੇ ਵਾਧਿਆਂ ਉੱਤੇ ਅਗਲੇ ਤਿੰਨ ਸਾਲਾਂ ਲਈ ਹਰ ਸਾਲ ਇੱਕ ਫੀ ਸਦੀ ਦੇ ਹਿਸਾਬ ਨਾਲ ਰੋਕ ਲਾਵੇਗਾ, ਉਨ੍ਹਾਂ ਦੇ ਚਾਰਟਰ ਅਧਿਕਾਰਾਂ ਦੀ ਉਲੰਘਣਾ ਕਰੇਗਾ। ਉਨ੍ਹਾਂ ਆਖਿਆ ਕਿ ਉਸ ਸਮੇਂ ਉਹ ਬਿੱਲ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਦੀ ਅਤਿਆਰੀ ਕਰ ਰਹੇ ਸਨ।

ਸਰਕਾਰ ਦਾ ਕਹਿਣਾ ਹੈ ਕਿ ਵੇਜ ਕੈਪ ਬਿੱਲ ਬਾਰਗੇਨਿੰਗ ਪ੍ਰਕਿਰਿਆ ਦੀ ਕਦਰ ਕਰਦਾ ਹੈ। ਉਨ੍ਹਾਂ ਆਖਿਆ ਕਿ ਅਜੇ ਵੀ ਕਰਮਚਾਰੀਆਂ ਨੂੰ ਸੀਨੀਓਰਿਟੀ, ਉਨ੍ਹਾਂ ਦੀ ਕਾਰਗੁਜ਼ਾਰੀ ਜਾਂ ਉਨ੍ਹਾਂ ਦੀ ਯੋਗਤਾ ਲਈ ਫਾਇਦਾ ਮਿਲੇਗਾ।

# ਕੌਮੀ ਪਸ਼ੂਧਨ ਚੈਂਪਿਅਨਸ਼ਿਪ ਅਤੇ ਐਕਸਪੋ-2020 ਬਟਾਲਾ ਵਿਖੇ 6 ਤੋਂ 8 ਫਰਵਰੀ ਤੱਕ ਕਰਵਾਇਆ ਜਾਵੇਗਾ: ਤ੍ਰਿਪਤ ਬਾਜਵਾ



ਚੰਡੀਗੜ੍ਹ, 12 ਦਸੰਬਰ (ਪੋਸਟ ਬਿਊਰੋ)- ਪਸ਼ੂ ਪਾਲਣ ਦੇ ਕਿੱਤੇ ਨੂੰ ਉਤਸ਼ਾਹਤ ਕਰਨ ਅਤੇ ਇਸ ਨੂੰ ਲਾਹੇਵੰਦਾ ਧੰਦਾ ਬਣਾਉਣ ਲਈ ਪੰਜਾਬ ਸਰਕਾਰ ਵਲੋਂ ਹਰ ਵਰੇ ਕਰਵਾਈ ਜਾਣ ਵਾਲੀ ਕੌਮੀ ਪਸ਼ੂਧਨ ਚੈਂਪੀਅਨਸ਼ਿਪ ਅਤੇ ਐਕਸਪੋ-2020 ਅਗਲੇ ਵਰੇ 6 ਤੋਂ 8 ਫ਼ਰਵਰੀ ਤੱਕ ਬਟਾਲਾ ਵਿਖੇ ਕਰਵਾਈ ਜਾਵੇਗੀ।

ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਸ਼੍ਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦਸਿਆ ਕਿ ਇਹ ਚੈਂਪਿਅਨਸ਼ਿਪ ਜਿੱਥੇ ਸੂਬੇ ਦੇ ਪਸ਼ੂ ਪਾਲਕਾਂ ਨੂੰ ਉਤਸ਼ਾਹ ਦੇਵੇਗੀ, ਉਥੇ ਉਹਨਾਂ ਨੂੰ ਇਸ ਕਿੱਤੇ ਸਬੰਧੀ ਨਵੀਨਤਮ ਜਾਣਕਾਰੀ ਵੀ ਪ੍ਰਦਾਨ ਕਰੇਗੀ। ਉਹਨਾਂ ਕਿਹਾ ਕਿ ਪਸ਼ੂ ਅਤੇ ਮੱਛੀ ਪਾਲਣ ਕਿੱਤਾ ਅਜਿਹਾ ਰਾਮਬਾਣ ਹੈ, ਜਿਸ ਨੂੰ ਅਪਣਾ ਕੇ ਕਿਸਾਨ ਆਪਣੀ ਆਮਦਨ ਵਧਾ ਸਕਦੇ ਹਨ ਅਤੇ ਸੂਬੇ ਦੇ ਵਿਕਾਸ ਵਿਚ ਵੀ ਹਿੱਸਾ ਪਾ ਸਕਦੇ ਹਨ।

ਉਹਨਾਂ ਕਿਹਾ ਕਿ ਇਸ ਪਸ਼ੂਦਨ ਚੈਂਮੀਅਨਸ਼ਿਪ ਵਿਚ ਪਸ਼ੂਆਂ ਦੀ ਨਸਲ ਅਤੇ ਦੁੱਧ ਚੁਆਈ ਦੇ ਕੌਮੀ ਪੱਧਰ ਤੇ ਪਸ਼ੂਧਨ ਚੈਂਪੀਅਨਸ਼ਿੱਪ ਕਰਵਾਏ ਜਾਣਗੇ। ਇਸ ਵਿਚ ਦੁੱਧ ਚੁਆਈ ਦੇ ਮੁਕਾਬਲਿਆਂ ਤੋਂ ਇਲਾਵਾ ਵੱਖ-ਵੱਖ ਨਸਲਾਂ ਦੇ ਘੋੜਿਆਂ, ਮੱਝਾਂ, ਗਾਂਵਾਂ, ਭੇਡਾਂ, ਬੱਕਰੀਆਂ, ਕੁੱਤਿਆਂ ਅਤੇ ਮੁਰਗੀਆਂ ਆਦਿ ਦੇ ਨਸਲ ਮੁਕਾਬਲੇ ਕਰਵਾਏ ਜਾਣਵੇ ਅਤੇ ਜੇਤੂ ਪਸ਼ੂਆਂ ਦੇ ਮਾਲਕਾਂ ਨੂੰ ਦਿਲ ਖਿੱਚਵੇਂ ਇਨਾਮ ਦਿੱਤੇ ਜਾਣਗੇ।

ਇਸ ਮੌਕੇ ਲੱਗਣ ਵਾਲੇ ਐਕਸਪੋ ਦੌਰਾਨ ਪਸ਼ੂ ਪਾਲਣ ਅਤੇ ਖੇਤੀਬਾੜੀ ਨਾਲ ਸਬੰਧਿਤ ਵੱਖ-ਵੱਖ ਵਿਸ਼ਿਆਂ ਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਨੁਮਾਇਸ਼ਾਂ ਲਗਾਈਆਂ ਜਾਣਗੀਆਂ। ਪਸ਼ੂ ਪਾਲਣ ਮੰਤਰੀ ਨੇ ਦਸਿਆ ਕਿ ਇਸ ਮੇਲੇ ਦੌਰਾਨ ਕਰਵਾਏ ਜਾ ਰਹੇ ਸੈਮੀਨਾਰਾਂ ਵਿਚ ਕੌਮਾਂਤਰੀ ਅਤੇ ਕੌਮੀ ਪੱਧਰ ਦੇ ਮਾਹਰ ਬੁਲਾਏ ਜਾਣਗੇ ਜੋ ਮੱਝਾਂ_ਗਾਵਾਂ, ਸੂਰ, ਮੱਛੀ, ਬੱਕਰੀਆਂ ਪਾਲਣ ਕਿੱਤਿਆਂ ਸਬੰਧੀ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਕਰਨਗੇ।

ਇਸ ਤੋਂ ਇਲਾਵਾ ਕੌਮੀ ਪਸ਼ੂਧਨ ਚੈਂਪੀਅਨਸ਼ਿੱਪ ਦੌਰਾਨ ਸਮੂਹ ਸਰਕਾਰੀ ਵਿਭਾਗਾਂ ਦੇ ਨਾਲ-ਨਾਲ ਪਸ਼ੂ ਪਾਲਣ ਦੇ ਧੰਦੇ ਨਾਲ ਜੁੜੀਆਂ ਕੌਮੀ ਸੰਸਥਾਵਾਂ ਅਤੇ ਪ੍ਰਾਈਵੇਟ ਕੰਪਨੀਆਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ ਜਿਨਾਂ ਰਾਹੀਂ ਪਸ਼ੂ-ਪਾਲਕਾਂ ਨੂੰ ਨਵੀਨਤਮ ਜਾਣਕਾਰੀਆਂ ਅਤੇ ਖੋਜਾਂ ਦੇ ਰੂਬਰੂ ਕਰਵਾਇਆ ਜਾਵੇਗਾ।

# ਨੌਰਥ ਯੌਰਕ ਵਿੱਚ ਚੱਲੀ ਗੋਲੀ ਕਾਰਨ 20 ਸਾਲਾ ਵਿਅਕਤੀ ਦੀ ਹੋਈ ਮੌਤ




ਟੋਰਾਂਟੋ, 12 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਚੱਲੀ ਗੋਲੀ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ।

ਗੋਲੀ ਚੱਲਣ ਦੀਆਂ ਆਵਾਜ਼ਾਂ ਆਉਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਰਾਤ 8:00 ਵਜੇ ਲੈਜ਼ਲੀ ਸਟਰੀਟ ਤੇ ਫਿੰਚ ਐਵਨਿਊ ਈਸਟ ਨੇੜੇ 11 ਫੀਲਡ ਸਪੈਰੋਅ ਵਿਖੇ ਟਾਊਨਹਾਊਸ ਕਾਂਪਲੈਕਸ ਵਿਖੇ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਇਮਾਰਤ ਦੀ ਸਾਈਡਵਾਕ ਉੱਤੇ ਇੱਕ ਵਿਅਕਤੀ ਡਿੱਗਿਆ ਪਿਆ ਮਿਲਿਆ।

ਉਸ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀਆਂ ਨੂੰ ਪੈਦਲ ਹੀ ਉੱਥੋਂ ਜਾਂਦਿਆਂ ਵੇਖਿਆ ਗਿਆ। ਪੁਲਿਸ ਵੱਲੋਂ ਹਾਲ ਦੀ ਘੜੀ ਮ੍ਰਿਤਕ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਪੁਲਿਸ ਬੱਸ ਇਹੋ ਆਖ ਰਹੀ ਹੈ ਕਿ ਮਰਨ ਵਾਲਾ ਆਪਣੇ 20ਵਿਆਂ ਵਿੱਚ ਸੀ।

ਟੋਰਾਂਟੋ ਵਿੱਚ ਗੰਨ ਹਿੰਸਾ ਆਪਣੇ ਚਰਮ ਉੱਤੇ ਹੈ। ਸੋਮਵਾਰ ਤੱਕ 270 ਵਿਅਕਤੀ ਇਸ ਗੰਨ ਹਿੰਸਾ ਕਾਰਨ ਇਸ ਸਾਲ ਜਾਂ ਤਾਂ ਮਾਰੇ ਜਾ ਚੁੱਕੇ ਹਨ ਤੇ ਜਾਂ ਫਿਰ ਜ਼ਖ਼ਮੀ ਹੋ ਗਏ ਹਨ। ਪੁਲਿਸ ਡਾਟਾ ਅਨੁਸਾਰ ਦਰਜਨਾਂ ਹੋਰ ਇਸ ਸਾਲ ਦੇ ਅੰਤ ਤੱਕ ਮਾਰੇ ਗਏ ਹਨ ਤੇ ਹਾਲਾਤ 2004 ਵਰਗੇ ਨਜ਼ਰ ਆ ਰਹੇ ਹਨ। 2014 ਵਿੱਚ ਗੰਨ ਹਿੰਸਾ ਵਿੱਚ ਕਮੀ ਪਾਏ ਜਾਣ ਤੋਂ ਬਾਅਦ ਇੱਕ ਵਾਰੀ ਫਿਰ ਸਿਟੀ ਵਿੱਚ ਸੂਟਿੰਗ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। 9 ਦਸੰਬਰ ਤੱਕ 94 ਵਿਅਕਤੀਆਂ ਨੂੰ ਗੋਲੀ ਲੱਗੀ।

ਇਸ ਸਾਲ ਗੰਨ ਹਿੰਸਾ ਹੁਣ ਤੱਕ ਪਿਛਲੇ ਸਾਰੇ ਰਿਕਾਰਡ ਤੋੜ ਚੁੱਕੀ ਹੈ। 2005 ਨੂੰ ਯੀਅਰ ਆਫ ਦ ਗੰਨ ਐਲਾਨਿਆ ਗਿਆ ਸੀ ਪਰ ਇਸ ਵਾਰੀ ਉਸ ਤੋਂ ਵੀ ਵੱਧ ਗੰਨ ਹਿੰਸਾ ਹੋ ਰਹੀ ਹੈ। 2018 ਦੇ ਮੁਕਾਬਲੇ ਇਸ ਅਰਸੇ ਦੌਰਾਨ ਗੰਨ ਹਿੰਸਾ ਕਾਰਨ ਹੋਈਆਂ ਮੌਤਾਂ 28 ਫੀ ਸਦੀ ਦੇ ਹਿਸਾਬ ਨਾਲ ਵੱਧ ਸਨ। ਇਹ ਸਿਟੀ ਵਿੱਚ ਹੋਣ ਵਾਲੇ ਕਤਲਾਂ ਦਾ ਸੱਭ ਤੋਂ ਵੱਧ ਅੰਕੜਾ ਹੈ।

# ਮੁੱਖ ਮੰਤਰੀ ਦੀਆਂ ਹਦਾਇਤਾਂ ’ਤੇ ਵਿੱਤ ਵਿਭਾਗ ਵੱਲੋਂ ਪੇਂਡੂ ਵਿਕਾਸ, ਸਹਿਕਾਰਤਾ, ਸੈਰ ਸਪਾਟਾ ਅਤੇ ਪੀ.ਆਈ.ਡੀ.ਬੀ. ਲਈ 566 ਕਰੋੜ ਜਾਰੀ

ਚੰਡੀਗੜ੍ਹ, 12 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ ’ਤੇ ਵਿੱਤ ਮੰਤਰੀ ਨੇ ਪੇਂਡੂ ਵਿਕਾਸ ਤੇ ਪੰਚਾਇਤ, ਮਾਲ, ਸਹਿਕਾਰਤਾ, ਸੈਰ-ਸਪਾਟਾ, ਭੌਂ ਤੇ ਜਲ ਸੰਭਾਲ ਵਿਭਾਗਾਂ ਤੋਂ ਇਲਾਵਾ ਪੰਜਾਬ ਬੁਨਿਆਦੀ ਵਿਕਾਸ ਬੋਰਡ (ਪੀ.ਆਈ.ਡੀ.ਬੀ) ਨੂੰ 565.99 ਕਰੋੜ ਰੁਪਏ ਜਾਰੀ ਕੀਤੇ ਹਨ।

ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ 14ਵੇਂ ਵਿੱਤ ਕਮਿਸ਼ਨ ਗ੍ਰਾਂਟ ਤਹਿਤ ਵਿੱਤੀ ਵਰ੍ਹੇ 2016-17 ਲਈ ਮੁਢਲੀ ਗ੍ਰਾਂਟ ਅਤੇ ਕਾਰਗੁਜ਼ਾਰੀ ਗ੍ਰਾਂਟ ਦੀ ਦੂਜੀ ਕਿਸ਼ਤ ਦੇ ਸੰਦਰਭ ਵਿੱਚ ਕ੍ਰਮਵਾਰ 305.81 ਕਰੋੜ ਅਤੇ 80.23 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ। ਇਸੇ ਤਰ੍ਹਾਂ ਵਿੱਤ ਵਿਭਾਗ ਨੇ ਬਾਂਡਜ਼ ਦੀ ਮੁੜ ਖਰੀਦ ਲਈ ਪੀ.ਆਈ.ਡੀ.ਬੀ ਨੂੰ 100.80 ਕਰੋੜ ਦੀ ਰਾਸ਼ੀ ਜਾਰੀ ਕੀਤੀ ਹੈ। ਇਸੇ ਦੌਰਾਨ ਨਾਬਾਰਡ ਤਹਿਤ ਭੌਂ ਤੇ ਜਲ ਸੰਭਾਲ ਵਿਭਾਗ ਦੇ ਸੋਧੇ ਹੋਏ ਪਾਣੀ ਦੀ ਮੁੜ ਵਰਤੋਂ ਅਤੇ ਸੂਖਮ ਸਿੰਜਾਈ ਸਮੇਤ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਲਈ 54.23 ਕਰੋੜ ਜਾਰੀ ਕੀਤੇ ਹਨ।

ਕੌਮੀ ਸਹਿਕਾਰੀ ਵਿਕਾਸ ਨਿਗਮ ਰਾਹੀਂ ਭੋਗਪੁਰ ਕੋ-ਆਪ੍ਰੇਟਿਵ ਸ਼ੂਗਰ ਮਿੱਲ ਨੂੰ ਅਪਗ੍ਰੇਡ ਅਤੇ ਆਧੁਨਿਕੀਕਰਨ ਨੂੰ ਯਕੀਨੀ ਬਣਾਉਣ ਲਈ 6.96 ਕਰੋੜ ਰੁਪਏ ਜਾਰੀ ਕੀਤੇ ਹਨ।

ਸੈਰ ਸਪਾਟਾ ਲਈ ਏਸ਼ੀਅਨ ਵਿਕਾਸ ਬੈਂਕ ਦੀ ਸਹਾਇਤਾ ਪ੍ਰਾਪਤ ਬੁਨਿਆਦੀ ਢਾਂਚਾ ਵਿਕਾਸ ਨਿਵੇਸ਼ ਪ੍ਰੋਗਰਾਮ ਤਹਿਤ ਵੱਖ-ਵੱਖ ਸੈਰ-ਸਪਾਟਾ ਪ੍ਰੋਜੈਕਟਾਂ ਨੂੰ ਅਮਲ ਵਿੱਚ ਲਿਆਉਣ ਲਈ ਸੈਰ ਸਪਾਟਾ ਵਿਭਾਗ ਨੂੰ 5.96 ਕਰੋੜ ਰੁਪਏ ਦੇ ਫੰਡ ਅਲਾਟ ਕੀਤੇ ਹਨ।

ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੇ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਅਤੇ ਨੰਬਰਦਾਰਾਂ ਦੀਆਂ ਤਨਖਾਹਾਂ ਦੀ ਅਦਾਇਗੀ ਲਈ ਕ੍ਰਮਵਾਰ 5 ਕਰੋੜ ਰੁਪਏ ਅਤੇ 7 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’,
ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ‘ਮਾਤਾ ਗੁਜਰੀ ਸਾਕਾ ਸਰਹਿੰਦ’ ਨਾਟਕ 22 ਦਸੰਬਰ ਨੂੰ

ਟੋਰਾਂਟੋ, 12 ਦਸੰਬਰ (ਪੋਸਟ ਬਿਊਰੋ)- ਯੂਨਾਈਟਡ ਮੈਗਾ ਮਿਲੇਨੀਅਮ ਤੇ ਵਾਰਿਸ ਗਰੁੱਪ ਵੱਲੋਂ ਡਾ ਨਿਰਮਲ ਜੌੜਾ ਦਾ ਲਿਖਿਆ ਤੇ ਡਾ ਹੀਰਾ ਰੰਧਾਵਾ ਦੁਆਰਾ ਨਿਰਦੇਸ਼ਿਤ ਕੀਤੇ ਜਾ ਰਹੇ ਨਾਟਕ ‘ਮਾਤਾ ਗੁਜਰੀ ਸਾਕਾ ਸਰਹਿੰਦ’ ਨਾਟਕ ਦੀ ਪੇਸ਼ਕਾਰੀ 22 ਦਸੰਬਰ ਨੂੰ ਕੀਤੀ ਜਾਵੇਗੀ। ਨਿਰਦੇਸ਼ਕ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਪੇਸ਼ਕਾਰੀ ਬਰੈਂਪਟਨ ਦੇ ਰੋਜ਼ ਥੀਏਟਰ ਵਿੱਚ ਬਾਅਦ ਦੁਪਹਿਰ 2 ਵਜੇ ਕੀਤੀ ਜਾਵੇਗੀ। ਨਾਟਕ ਦੇ ਪ੍ਰਡਿਊਸਰ ਦੇਵ ਮਾਂਗਟ ਤੇ ਰੂਪੀ ਮਾਂਗਟ ਨੇ ਦੱਸਿਆ ਕਿ ਇਸ ਪੇਸ਼ਕਾਰੀ ਲਈ ਵਿਕਣ ਵਾਲੀਆਂ ਟਿਕਟਾਂ ਤੋਂ ਪ੍ਰਾਪਤ ਧੰਨ ਰਾਸ਼ੀ ਟੋਰਾਂਟੋ ਦੇ ‘ਸਿੱਕ ਕਿਡਜ. ਹਸਪਤਾਲ’ ਨੂੰ ਦਾਨ ਕੀਤੀ ਜਾਵੇਗੀ। ਾਟਕ ਦੇ ਲੇਖਕ ਡਾ ਨਿਰਮਲ ਜੌੜਾ ਵੀ ਇਸ ਪੇਸ਼ਕਾਰੀ ਲਈ ਵਿਸੇਸ਼ ਤੌਰ ਤੇ ਪਹੁੰਚ ਰਹੇ ਹਨ। ਇਹ ਨਾਟਕ ਮਾਤਾ ਗੁਜਰੀ ਅਤੇ ਸਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਉੱਤੇ ਅਧਾਰਿਤ ਹੈ। ਇਸ ਪੇਸ਼ਕਾਰੀ ਵਿੱਚ 50 ਦੇ ਕਰੀਬ ਬੱਚੇ ਤੇ ਵੱਡੇ ਥੀਏਟਰ ਕਲਾਕਾਰ ਕੰਮ ਕਰ ਰਹੇ ਹਨ ਜਿਨ੍ਹਾਂ ਵਿੱਚ ਪਰਮਜੀਤ ਦਿਓਲ, ਸੁੰਦਰਪਾਲ ਰਾਜਾਸਾਂਸੀ, ਜੋਗਿੰਦਰ ਸੰਘੇੜਾ, ਜਸਵਿੰਦਰ ਬੱਬੂ, ਦਿਲਬਰ ਮਾਂਗਟ, ਰਾਜਾ ਮਾਂਗਟ, ਜੋਵਨ ਦਿਓਲ, ਹਰਿੰਦਰ ਗਹੀਰ, ਜੈਗਪਾਲ, ਕੰਵਰ ਆਦਿ ਸ਼ਾਮਿਲ ਹਨ। ਇਸ ਨਾਟਕ ਦਾ ਆਨੰਦ ਮਾਨਣ ਅਤੇ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਜਾਣੂ ਕਰਵਾਉਣ ਦਾ ਇਹ ਇੱਕ ਸੁਨਹਿਰੀ ਮੌਕਾ ਹੈ ਜਿਸ ਵਿੱਚ ਬੱਚੇ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਸ ਪੇਸ਼ਕਾਰੀ ਵਿੱਚ 8 ਤੋਂ 18 ਸਾਲ ਦੇ ਬੱਚਿਆਂ ਨੂੰ ਸ਼ਾਮਿਲ ਕਰਨ, ਸਪਾਸਰਸ਼ਿਪ, ਸਵੈ-ਸੇਵੀ ਵਜੋਂ ਕੰਮ ਕਰਨ ਜਾਂ ਵਧੇਰੇ ਜਾਣਕਾਰੀ ਲਈ ਗੁਰਪ੍ਰੀਤ ਨੂੰ 416-816-3515, ਹਰਪ ਗਰੇਵਾਲ ਨੂੰ 416-722-3500 ਜਾਂਦੇਵ ਮਾਂਗਟ ਨੂੰ 416-803-5333 ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੀ ਬੀ ਆਈ ਵੱਲੋਂ ਚਿਤਾਵਨੀ, ਵਿਦਿਆਰਥਣਾਂ ਦਾ ਸੀਰੀਅਲ ਕਿਡਨੈਪਰ ਟੀਚਰ ਪੰਜਾਬ ਵਿੱਚ ਫਿਰ ਰਿਹੈ

ਫਰੀਦਕੋਟ, 12 ਦਸੰਬਰ, (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀਸੀ ਬੀ ਆਈ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਨੂੰ ਪੱਤਰ ਜਾਰੀ ਕਰ ਕੇ ਵਿਦਿਆਰਥਣਾਂ ਨੂੰ ਅਗਵਾ ਕਰਨ ਵਾਲੇ ਇੱਕ ਟੀਚਰ ਬਾਰੇ ਚੌਕਸ ਕੀਤਾ ਹੈ।

ਪਤਾ ਲੱਗਾ ਹੈ ਕਿ ਇਹ ਸੀਰੀਅਲ ਕਿਡਨੈਪਰ ਅੰਗਰੇਜ਼ੀ ਦਾ ਟੀਚਰ ਹੈ ਤੇ ਫਰਜ਼ੀ ਨਾਂ ਅਤੇ ਪਤਾ ਦੇ ਕੇ ਰਹਿੰਦਾ ਹੈ। ਉਹ ਕਈ ਵਿਦਿਆਰਥਣਾਂ ਦੇ ਅਗਵਾ ਕੇਸਾਂ ਦਾ ਭਗੌੜਾ ਹੈ ਤੇ ਪਹਿਲਾਂ ਮਾਨਸਾ ਤੇ ਕਪੂਰਥਲਾ ਦੇ ਨਿੱਜੀ ਸਕੂਲਾਂ ਵਿੱਚ ਕੰਮ ਕਰ ਚੁੱਕਾ ਹੈ। ਸੀ ਬੀ ਆਈਨੂੰ ਸ਼ੱਕ ਹੈ ਕਿ ਪੰਜਾਬ ਦੇ ਕਿਸੇ ਸਕੂਲ ਵਿੱਚ ਕੰਮ ਕਰਦਾ ਹੋ ਸਕਦਾ ਹੈ। ਧਵਲ ਹਰੀਸ਼ਚੰਦਰ ਤ੍ਰਿਵੇਦੀ ਨਾਂ ਦੇ ਇਸ ਆਦਮੀ ਦੇ ਖਿਲਾਫ਼ ਗੁਜਰਾਤ ਹਾਈ ਕੋਰਟ ਦੇ ਆਦੇਸ਼ ਉੱਤੇਸੀ ਬੀ ਆਈ ਜਾਂਚ ਚੱਲ ਰਹੀ ਹੈ।ਗੁਜਰਾਤ ਹਾਈ ਕੋਰਟ ਵਿੱਚ ਇਕ ਵਿਅਕਤੀ ਨੇ ਪਟੀਸ਼ਨ ਦਾਇਰ ਕਰ ਕੇ ਆਪਣੀ ਨਾਬਾਲਿਗ ਬੇਟੀ ਦੇ ਅਗਵਾ ਬਾਰੇਸੀ ਬੀ ਆਈ ਜਾਂਚ ਦੀ ਮੰਗ ਕੀਤੀ ਸੀ, ਜਿਸ ਨੂੰ ਤ੍ਰਿਵੇਦੀ ਨੇ 11 ਅਗਸਤ 2018 ਨੂੰ ਅਗਵਾ ਕੀਤਾ ਸੀ। ਇਸ ਕੇਸ ਵਿੱਚ ਗੁਜਰਾਤ ਦੇ ਰਾਜਕੋਟ ਦੀ




ਅਦਾਲਤ ਨੇ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਪਿਛਲੇ ਸਾਲ 28 ਜੁਲਾਈ ਨੂੰ ਪੈਰੋਲ ਉੱਤੇ ਜੇਲ੍ਹ ਤੋਂਨਿਕਲਣ ਪਿੱਛੋਂ ਉਹ ਇਕ ਹੋਰ ਨਾਬਾਲਿਗ ਲੜਕੀ ਗੁਮਰਾਹ ਕਰ ਕੇ ਲੈ ਗਿਆ। ਇਸ ਤੋਂ ਪਹਿਲਾਂ ਤ੍ਰਿਵੇਦੀ ਨੂੰ 14 ਜੁਲਾਈ 2014 ਨੂੰ ਪੰਜਾਬ ਤੋਂਦੋ ਨਾਬਾਲਿਗ ਲੜਕੀਆਂ ਦੇ ਅਗਵਾ ਤੇ ਬਲਾਤਕਾਰ ਦੇ ਦੋਸ਼ ਵਿੱਚਕਾਬੂ ਕੀਤਾ ਗਿਆ ਸੀ। ਪਤਾ ਲੱਗਾ ਹੈ ਕਿ ਸੀ ਬੀ ਆਈ ਜਾਂਚਮੁਤਾਬਕ ਧਵਲ ਤ੍ਰਿਵੇਦੀ ਪਹਿਲਾਂ ਨਾਬਾਲਗ ਲੜਕੀਆਂ ਅਗਵਾ ਕਰਨ ਦੇ ਸੱਤ ਕੇਸਾਂ ਵਿੱਚ ਸ਼ਾਮਲ ਰਿਹਾ ਹੈ, ਜਿਨ੍ਹਾਂ ਵਿੱਚੋਂ ਇਕ ਕੇਸ ਵਿੱਚ ਉਸਨੂੰ ਸਜ਼ਾ ਹੋ ਚੁੱਕੀ ਹੈ। ਸੀ ਬੀ ਆਈ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਧਵਲ ਚੁਸਤ ਕਿਸਮ ਦਾ ਅਪਰਾਧੀ ਹੈ। ਉਹ ਫਰਜ਼ੀ ਨਾਂ ਅਤੇ ਪਤੇ ਨਾਲ ਵੱਖ-ਵੱਖ ਰਾਜਾਂ ਦੇ ਸਕੂਲਾਂ ਵਿੱਚ ਅੰਗਰੇਜ਼ੀ ਟੀਚਰ, ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਜਾਂ ਮੈਨੇਜਰ ਦੇ ਤੌਰ ਉੱਤੇ ਕੰਮ ਕਰਦਾ ਹੈ। ਉਹ ਸਕੂਲ ਵਿੱਚ ਪੜ੍ਹਦੀਆਂ ਨਾਬਾਲਿਗ ਲੜਕੀਆਂ ਨੂੰ ਸ਼ਿਕਾਰ ਬਣਾਉਂਦਾ ਹੈ। ਇਸ ਤੋਂ ਪਹਿਲਾਂ ਉਹ ਟੀਡੀਕੇ ਚੰਦਰ, ਟੀ ਕੇਡੀ ਚੰਦਰ, ਡੀ ਕੁਮਾਰ ਅਤੇ ਧਰਮਿੰਦਰ ਕੁਮਾਰ ਦੇ ਫਰਜ਼ੀ ਨਾਵਾਂ ਦੀ ਵਰਤੋਂ ਕਰ ਚੁੱਕਾ ਹੈ। ਉਸ ਨੇ ਹਰਿਆਣਾ ਦੇ ਕਾਲਕਾ, ਪੰਚਕੂਲਾ ਵਿੱਚ ਫਰਜ਼ੀ ਵੋਟਰ ਪਛਾਣ ਪੱਤਰ ਤੇ ਰਾਸ਼ਨ ਕਾਰਡ ਵੀ ਬਣਵਾ ਲਿਆ ਸੀ, ਜਿਸ ਨਾਲਉਸ ਨੇ ਮਾਨਸਾ ਦੇ ਬੁਢਲਾਡਾ ਦੇ ਇਕ ਨਿੱਜੀ ਸਕੂਲ ਵਿੱਚ ਨੌਕਰੀ ਕੀਤੀ ਸੀ।

# ਇਸ ਸਾਲ ਦੀ ਸਭ ਤੋਂ ਸੈਕਸੀ ਏਸ਼ੀਆਈ ਹੀਰੋਇਨ ਆਲੀਆ ਭੱਟ



ਲੰਡਨ, 12 ਦਸੰਬਰ (ਪੋਸਟ ਬਿਊਰੋ)- ਬਾਲੀਵੱਡ ਅਭਿਨੇਤੀ ਆਲੀਆ ਭੱਟ ਨੂੰ ਇਸ ਸਾਲ ਦੀ ਸਭ ਤੋਂ ਸੈਕਸੀ ਮਹਿਲਾ ਅਤੇ ਉਸਦੀ ਸਾਥੀ ਕਲਾਕਾਰ ਦੀਪਿਕਾ ਪਾਦੁਕੋਣ ਨੂੰ ਪੂਰੇ ਦਹਾਕੇ ਦੀ ਸਭ ਤੋਂ ਸੈਕਸੀ ਮਹਿਲਾ ਚੁਣਿਆ ਗਿਆ। ਲੰਡਨ 'ਚ ਕੱਲ੍ਹ ਨੂੰ ਜਾਰੀ ਇੱਕ ਆਨਲਾਈਨ ਚੋਣ 'ਚ ਦੋਹਾਂ ਦੇ ਸਿਰ 'ਤੇ ਇਹ ਤਾਜ ਸਜਿਆ ਹੈ।

ਬ੍ਰਿਟੇਨ ਦੇ ਹਫਤਾਵਾਰੀ ਅਖਬਾਰ ‘ਈਸਟਰਨ ਆਈ' ਦੁਆਰਾ ਜਾਰੀ ਇਸ ਸਾਲਾਨਾ ਸੂਚੀ 'ਚ ਟੌਪ 'ਤੇ ਰੱਖੀ ਗਈ ਆਲੀਆ ਨੇ ਇਸ ਸਾਲ ਨੂੰ ਉਸ ਦੇ ਲਈ ਸ਼ਾਨਦਾਰ ਕਿਹਾ ਹੈ। ਜਿਥੇ ਉਸ ਨੇ ਅਭਿਨੈ 'ਚ ਕਈ ਐਵਾਰਡ ਜਿੱਤੇ ਹਨ ਉਥੇ 2020 ਆਸਕਰ ਦੇ ਲਈ ਭਾਰਤ ਦੀ ਅਧਿਕਾਰਤ ਐਂਟਰੀ ‘ਗਲੀ ਬੁਆਏ' ਦੀ ਅਭਿਨੇਤਰੀ ਵੀ ਹੈ।ਭੱਟ ਨੇ ਉਸ ਦੇ ਪੱਖ 'ਚ ਕੀਤੇ ਗਏ ਵੋਟਸ ਲਈ ਖੁਸ਼ੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਮੇਰਾ ਹਮੇਸ਼ਾ ਤੋਂ ਮੰਨਣਾ ਰਿਹਾ ਹੈ ਕਿ ਸੱਚੀ ਸੁੰਦਰਤਾ ਜੋ ਦਿੱਸਦੀ ਹੈ, ਉਸ ਤੋਂ ਕਿਤੇ ਵੱਧ ਹੁੰਦੀ ਹੈ ਅਤੇ ਉਹੀ ਸਭ ਤੋਂ ਜ਼ਿਆਦਾ ਅਰਥ ਰੱਖਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਬੁਢੇ ਹੋ ਜਾਵਾਂਗੇ, ਅਸੀਂ ਕਿੱਦਾਂ ਦੇ ਦਿਸਦੇ ਹਾਂ, ਇਹ ਸਮੇਂ ਦੇ ਨਾਲ ਬਦਲ ਜਾਵੇਗਾ ਪਰ ਤੁਹਾਡਾ ਦਿਲੋਂ ਸੱਚਾ ਹੋਣਾ ਤੁਹਾਨੂੰ ਹਮੇਸ਼ਾ ਖੂਬਸੂਰਤ ਬਣਾਈ ਰੱਖੇਗਾ ਤੇ ਸਾਨੂੰ ਸਾਰਿਆਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ‘ਸੈਕਸੀਅਸਟ ਏਸ਼ੀਅਨ ਫੀਮੇਲ' ਲਿਸਟ ਆਨਲਾਈਨ ਵੋਟ, ਮੀਡੀਆ ਕਵਰੇਜ, ਵੱਖ-ਵੱਖ ਸੋਸ਼ਲ ਮੀਡੀਆ ਮੰਚਾਂ 'ਤੇ ਮਿਲਣ ਵਾਲੀ ਪ੍ਰਤੀਕਿਰਿਆ ਦੇ ਅਧਾਰ 'ਤੇ ਬਣਾਈ ਜਾਂਦੀ ਹੈ। ਦੀਪਿਕਾ ਪਿਛਲੇ ਸਾਲ ਇਸ ਚੋਟੀ 'ਤੇ ਸੀ, ਇਸ ਸਾਲ ਇੱਕ ਸਟੈੱਪ ਡਿੱਗ ਕੇ ਦੂਜੇ ਨੰਬਰ 'ਤੇ ਆ ਗਈ ਪਰ ਪਿਛਲੇ ਦਹਾਕੇ ਦੀ ਸਭ ਤੋਂ ਸੈਕਸੀ ਮਹਿਲਾ ਦਾ ਖਿਤਾਬ ਇਸ ਵਾਰ ਵੀ ਉਸੇ ਨੇ ਜਿੱਤਿਆ ਹੈ। ਇਸ ਸੂਚੀ 'ਚ ਟੈਲੀਵਿਜ਼ਨ ਦੇ ਕਲਾਕਾਰਾਂ 'ਚ ਸਭ ਤੋਂ ਉਚਾ ਸਥਾਨ ਹਿਨਾਂ ਖਾਂ ਨੇ ਹਾਸਲ ਕੀਤਾ। ਚੌਥੇ ਨੰਬਰ 'ਤੇ ਮਾਹਿਰਾ ਖਾਨ ਨੇ ਇਸ ਧਰਤੀ 'ਤੇ ਸਭ ਤੋਂ ਸੈਕਸੀ ਪਾਕਿਸਤਾਨੀ ਮਹਿਲਾ ਦਾ ਤਾਜ ਪੰਜਵੇਂ ਸਾਲ ਵੀ ਬਰਕਰਾਰ ਰੱਖਿਆ। ਇਸ ਸਾਲ ਦੀਆਂ ਟੌਪ 10 'ਚ ਸੁਰਭੀ ਚੰਦਰਾ (5), ਕੈਟਰੀਨਾ ਕੈਫ (6), ਸ਼ਿਵਾਂਗੀ ਜੋਸ਼ੀ (7), ਨਿਆ ਸ਼ਰਮਾ (8), ਮੇਹਵਿਸ਼ ਹਯਾਤ (9) ਅਤੇ ਪ੍ਰਿਯੰਕਾ ਚੋਪੜਾ (10) ਨੇ ਆਪਣੀ ਜਗ੍ਹਾ ਬਣਾਈ ਹੈ।

# ਭਾਰਤ ਸਰਕਾਰ ਏਅਰ ਇੰਡੀਆ ਵਿੱਚ 100 ਫ਼ੀਸਦੀ ਹਿੱਸੇਦਾਰੀ ਵੇਚੇਗੀ

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਤਜਵੀਜ਼ ਸ਼ੁਦਾ ਪ੍ਰਕਿਰਿਆ ਵਜੋਂ ਏਅਰ ਇੰਡੀਆ ਵਿੱਚ ਆਪਣੀ 100 ਫ਼ੀਸਦੀ ਹਿੱਸੇਦਾਰੀ ਵੇਚਣ ਦਾ ਫ਼ੈਸਲਾ ਕਰ ਲਿਆ ਹੈ।

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਅੱਜ ਵੀਰਵਾਰ ਪਾਰਲੀਮੈਂਟ ਨੂੰ ਦੱਸਿਆ ਕਿ ਏਅਰ ਇੰਡੀਆ ਉੱਤੇ ਇਸ ਵਕਤ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਕਰਜ਼ਾ ਹੈ। ਇਹ ਲੰਬੇ ਸਮੇਂ ਤੋਂ ਘਾਟੇ ਵਿੱਚ ਚੱਲ ਰਹੀ ਹੈ ਤੇ ਇਸ ਦਾ ਬਿਜ਼ਨਸ ਪਟੜੀ ਉੱਤੇ ਚਾੜ੍ਹਨ ਲਈ ਸਰਕਾਰ ਨੇ ਇਸ ਦਾ ਵਿਨਿਵੇਸ਼ ਕਰਨ ਦਾ ਫ਼ੈਸਲਾ ਕਰ ਲਿਆ ਹੈ। ਸਿਵਲ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਲੋਕ ਸਭਾ ਵਿੱਚ ਇਕ ਸਵਾਲ ਦੇ ਲਿਖਤੀ ਜਵਾਬ ਵਿੱਚ ਕਿਹਾ ਕਿ ਇਸ ਸਾਲ ਨਵੀਂ ਸਰਕਾਰ ਦੇ ਬਣਨ ਪਿੱਛੋਂ ਏਅਰ ਇੰਡੀਆ ਸਪੈਸਿਫਿਕ ਅਲਟਰਨੇਟਿਵ ਮਕੈਨਿਜ਼ਮ (ਏ ਆਈ ਐੱਸ ਏ ਐੱਮ) ਦਾ ਮੁੜ ਗਠਨ ਕੀਤਾ ਗਿਆ ਅਤੇ ਏਅਰ ਇੰਡੀਆ ਦੇ ਰਣਨੀਤਕ ਵਿਨਿਵੇਸ਼ ਦੇ ਮੁੜ ਸ਼ੁਰੂ ਹੋਈ ਪ੍ਰਕਿਰਿਆ ਮਨਜ਼ੂਰ ਕਰ ਲਈ ਗਈ ਹੈ। ਏ ਆਈ ਐੱਸ ਏ ਐੱਸ ਨੇ 100 ਫ਼ੀਸਦੀ ਹਿੱਸੇਦਾਰੀ ਵੇਚਣ ਦੀ ਤਜਵੀਜ਼ ਨੂੰ ਹਰੀ ਝੰਡੀ ਦਿੱਤੀ ਹੈ।ਏਅਰ ਇੰਡੀਆ ਨੂੰ 2018-19 ਵਿੱਚ 8,556.35 ਕਰੋੜ ਰੁਪਏ ਘਾਟਾ ਹੋਣ ਦਾ ਅਨੁਮਾਨ ਹੈ। ਮੰਤਰੀ ਪੁਰੀ ਨੇ ਕਿਹਾ ਕਿ ਹਵਾਬਾਜ਼ੀ ਖੇਤਰ ਵਿੱਚ ਸੁਧਾਰ ਲਈ ਕਈ ਤਰ੍ਹਾਂ ਦੇ ਕਦਮ ਚੁੱਕੇ ਗਏ ਹਨ, ਜਿਸ ਵਿੱਚ ਜੈੱਟ ਏਅਰਵੇਜ਼ ਦੇ ਜਹਾਜ਼ ਦੂਜੀਆਂ ਕੰਪਨੀਆਂ ਨੂੰ ਟਰਾਂਸਫਰ ਕਰਨਾ ਸ਼ਾਮਲ ਹੈ। ਜੈੱਟ ਏਅਰਵੇਜ਼ ਨੇ ਅਪਰੈਲ ਵਿੱਚ ਨਕਦੀ ਸੰਕਟ ਕਾਰਨ ਆਪਣਾ ਆਪਰੇਸ਼ਨ ਰੋਕ ਦਿੱਤਾ ਸੀ। ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਏਅਰ ਪੋਰਟਸ ਅਥਾਰਟੀ ਆਫ ਇੰਡੀਆ (ਏ ਏ ਆਈ) ਨੇ ਅਗਲੇ ਪੰਜ ਸਾਲਾਂ ਵਿੱਚ ਭਾਰਤ ਦੇ ਕਈ ਏਅਰਪੋਰਟਾਂ ਦੇ ਨਵੀਨੀਕਰਨ ਲਈ 25,000 ਕਰੋੜ ਰੁਪਏ ਨਿਵੇਸ਼ ਕਰਨ ਦਾ ਟੀਚਾ ਰੱਖਿਆ ਹੈ। ਇਸੇ ਚਰਚੇ ਦੌਰਾਨ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਆਈ ਏ ਟੀ ਏ) ਦੇ ਡਾਇਰੈਕਟਰ ਜਨਰਲ ਏਜੈਕਜ਼ੈਂਡਰ ਡੀ ਜੁਨੀਏਕ ਨੇ ਏਅਰ ਇੰਡੀਆ ਦਾ ਵਿਨਿਵੇਸ਼ ਸਹੀ ਤੇ ਪਾਰਦਰਸ਼ੀ ਨਾਲ ਹੋਣ ਦੀ ਆਸ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਏਅਰ ਇੰਡੀਆ ਦਾ ਵਿਨਿਵੇਸ਼ ਏਦਾਂ ਕਰਨਾ ਚਾਹੀਦਾ ਹੈ ਕਿ ਦੇਸ਼ ਦੇ ਹਵਾਬਾਜ਼ੀ ਸੈਕਟਰ ਵਿੱਚ ਮੁਕਾਬਲਾ ਵਧੇ। ਉਨ੍ਹਾਂ ਕਿਹਾ ਕਿ ਨਿੱਜੀ ਹਵਾਬਾਜ਼ੀ ਕੰਪਨੀ ਜੈੱਟ ਏਅਰਵੇਜ਼ ਦੇ ਡੁੱਬਣ ਨਾਲ ਦੇਸ਼ ਵਿੱਚ ਹਵਾਬਾਜ਼ੀ ਸੈਕਟਰ ਦੀ ਸਥਿਰਤਾ ਉੱਤੇ ਸਵਾਲ ਖੜ੍ਹੇ ਹੁੰਦੇ ਹਨ।

# ਅਯੁਧਿਆ ਕੇਸ ਬਾਰੇ ਸਾਰੀਆਂ ਰਿਵੀਉ ਪਟੀਸ਼ਨਾਂ ਸੁਪਰੀਮ ਕੋਰਟ ਵਿੱਚ ਰੱਦ

ਨਵੀਂ ਦਿੱਲੀ, 12 ਦਸੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਅਯੁਧਿਆ ਫੈਸਲੇ ਵਿਰੁੱਧ ਦਾਖਲ ਕੀਤੀਆ ਸਾਰੀਆਂ 18 ਨਜ਼ਰਸਾਨੀ ਪਟੀਸ਼ਨਾਂ ਰੱਦ ਕਰ ਦਿੱਤੀਆਂ ਹਨ। ਪਟੀਸ਼ਨਰਾਂ ਨੇ ਮੰਗ ਕੀਤੀ ਸੀ ਕਿ ਅਯੁੱਧਿਆ ਬਾਰੇ ਸੁਪਰੀਮ ਕੋਰਟ ਆਪਣੇ ਦਿੱਤੇ ਫ਼ੈਸਲੇ ਉੱਤੇ ਮੁੜ ਵਿਚਾਰ ਕਰੇ, ਜਿਸ ਨੂੰ ਕੋਰਟ ਨੇ ਰੱਦ ਕਰ ਦਿੱਤਾ ਹੈ।

ਅੱਜ ਵੀਰਵਾਰ ਨੂੰ ਸੁਣਵਾਈ ਕਰਨ ਵਾਲੇ ਪੰਜ ਜੱਜਾਂ ਦੀ ਬੈਂਚ ਵਿਚ ਚੀਫ਼ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਿਚ ਜਸਟਿਸ ਧਨੰਜੇ ਵਾਈ ਚੰਦਰਚੂੜ, ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਐੱਸ ਅਬਦੁਲ ਨਜ਼ੀਰ ਤੇ ਜਸਟਿਸ ਸੰਜੀਵ ਖੰਨਾ ਸ਼ਾਮਲ ਹਨ। ਪਹਿਲਾਂ ਇਸ ਬੈਂਚ ਵਿਚ ਜਸਟਿਸ ਰਜਨ ਗੰਗੋਈ ਵੀ ਸਨ, ਪਰ ਉਨ੍ਹਾਂ ਦੀ ਸੇਵਾਮੁਕਤੀ ਮਗਰੋਂ ਉਨ੍ਹਾਂ ਦੀ ਥਾਂ ਜਸਟਿਸ ਸੰਜੀਵ ਖੰਨਾ ਨੂੰ ਸਾਮਲ ਕੀਤਾ ਗਿਆ ਹੈ।ਇਸ ਬਾਰੇ ਦੋ ਦਸੰਬਰ ਨੂੰ ਸਭ ਤੋਂ ਪਹਿਲੀ ਰਿਵੀਉ ਪਟੀਸ਼ਨ ਮੌਲਾਨਾ ਸਈਦ ਅਸ਼ਹਦ ਰਸ਼ੀਦੀ ਨੇਦਾਇਰ ਕੀਤੀ ਤੇ ਫਿਰ ਛੇ ਦਸੰਬਰ ਨੂੰ ਮੌਲਾਨਾ ਮੁਫ਼ਤੀ ਹਸਬੁੱਲ੍ਹਾ, ਮਹੁੰਮਦ ਉਮਰ,ਮੌਲਾਨਾ ਮਹਿਫ਼ੂਜ਼-ਉਰ-ਰਹਿਮਾਨ, ਹਾਜੀ ਮਹਿਬੂਬ ਤੇ ਮਿਸਬਾਹੁੱਦੀਨ ਨੇ ਦਾਇਰ ਕੀਤੀਆਂ ਹਨ।ਇਸ ਪਿੱਛੋਂ 9 ਦਸੰਬਰ ਨੂੰ ਦੋ ਨਜ਼ਰਸਾਨੀ ਪਟੀਸ਼ਨਾਂ ਹੋਰ ਦਾਇਰ ਹੋਈਆਂ ਸਨ, ਜਿਨ੍ਹਾਂ ਵਿਚੋਂ ਇਕ ਪਟੀਸ਼ਨ ਅਖਿਲ ਭਾਰਤੀ ਹਿੰਦੂ ਮਹਾਂਸਭਾ ਦੀ ਤੇ ਦੂਜੀ 40 ਤੋਂ ਵੱਧ ਲੋਕਾਂ ਵੱਲੋਂ ਸਾਂਝੇ ਤੌਰ ਉੱਤੇ ਸੀ। ਸਾਂਝੀ ਅਰਜ਼ੀ ਦੇਣ ਵਾਲਿਆਂ ਵਿਚ ਇਤਿਹਾਸਕਾਰ ਇਰਫ਼ਾਨ ਹਬੀਬ, ਅਰਥ ਸ਼ਾਸਤਰੀ ਅਤੇ ਸਿਆਸੀ ਵਿਸ਼ਲੇਸ਼ਕ ਪ੍ਰਭਾਤ ਪਟਨਾਇਕ, ਮਨੁੱਖੀ ਅਧਿਕਾਰਾਂ ਦੇਵਰਕਰ ਹਰਸ਼ ਮੰਦਰ, ਨੰਦਿਨੀ ਸੁੰਦਰ ਅਤੇ ਜੌਨ ਦਿਆਲ ਸ਼ਾਮਲ ਸਨ।ਵਰਨਣ ਯੋਗ ਹੈ ਕਿ 9 ਨਵੰਬਰ ਨੂੰ ਅਯੁਧਿਆ ਦੇ ਕੇਸ ਵਿਚ ਸੁਪਰੀਮ ਕੋਰਟ ਨੇ ਫ਼ੈਸਲਾ ਕਰਦੇ ਸਮੇਂ ਵਿਵਾਦ ਵਾਲੀ ਢਾਈ ਏਕੜ ਜ਼ਮੀਨ ਮੰਦਰ ਬਣਾਉਣ ਲਈ ਦੇਣ ਦੇ ਹੁਕਮ ਸੁਣਾਏ ਸਨ ਤੇ ਮਸਜਿਦ ਲਈ ਅਯੁਧਿਆ ਵਿਚ ਹੀ 5 ਏਕੜ ਹੋਰ ਥਾਂ ਜ਼ਮੀਨ ਦੇਣ ਲਈ ਕਿਹਾ ਸੀ।

# ਦੋ ਮਹੀਨੇ ਪਹਿਲਾਂ ਅਗਵਾ ਹੋ ਗਈ ਨਾਬਾਲਗ ਹੂਮਾ ਯੂਨਸ ਦਾ ਕੇਸ ਸਿੰਧ ਅਸੈਂਬਲੀ 'ਚ ਪੁੱਜਾ

ਲਾਹੌਰ, 12 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਕਰਾਚੀ ਸ਼ਹਿਰ ਦੀ ਤਹਿਸੀਲ ਕੋਰੰਗੀ ਤੋਂ 10 ਅਕਤੂਬਰ ਨੂੰ ਅਗਵਾ ਕੀਤੀ ਗਈ 14 ਸਾਲਾਂ ਹੂਮਾ ਯੂਨਸ ਪੁੱਤਰੀ ਯੂਨਸ ਮਸੀਹ ਦਾ ਪੁਲਸ ਅਜੇ ਤੱਕ ਕੋਈ ਸੁਰਾਗ ਨਹੀਂ ਲਾ ਸਕੀ। ਇਸ ਮਾਮਲੇ ਦੇ ਸਿੰਧ ਅਸੈਂਬਲੀ 'ਚ ਪੁੱਜਣ 'ਤੇ ਪੁਲਸ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਹੂਮਾ ਯੂਨਸ ਨੇ ਆਪਣੀ ਇੱਛਾ ਨਾਲ ਧਰਮ ਪਰਿਵਾਰਤਨ ਕਰਕੇ ਨਿਕਾਹ ਕਰ ਲਿਆ ਹੈ, ਜਿਸ ਬਾਰੇ ਅਦਾਲਤ ਵੱਲੋਂ ਲਏ ਜਾਣ ਵਾਲੇ ਫੈਸਲੇ ਦੇ ਬਾਅਦ ਹੀ ਕਿਸੇ ਪ੍ਰਕਾਰ ਦੀ ਕਾਰਵਾਈ ਸੰਭਵ ਹੈ। ਪੀੜਤਾ ਦੀ ਮਾਂ ਦਾ ਕਹਿਣਾ ਹੈ ਕਿ ਕੋਰੰਗੀ ਦੇ ਸੈਂਟ ਸਾਈਮਨ ਗੁਲਸ਼ਨ ਹਾਲੀ ਸਕੂਲ 'ਚ 8ਵੀਂ ਜਮਾਤ 'ਚ ਪੜ੍ਹਦੀ ਉਸ ਦੀ ਬੇਟੀ ਨੂੰ ਅਬਦਲ ਜਬਾਰ ਅਗਵਾ ਕਰਕੇ ਡੇਰਾ ਗਾਜ਼ੀ ਖਾਨ ਲੈ ਗਿਆ ਅਤੇ ਉਥੇ ਇੱਕ ਮਸਜਿਦ 'ਚ ਉਸਨੇ ਹੂਮਾ ਦਾ ਜ਼ਬਰੀ ਧਰਮ ਪਰਿਵਰਤਨ ਕਰਵਾ ਕੇ ਉਸ ਨਾਲ ਨਿਕਾਹ ਕਰ ਲਿਆ ਹੈ। ਹੂਮਾ ਦੀ ਮਾਂ ਨੇ ਦੱਸਿਆ ਕਿ ਜਦੋਂ ਅਗਵਾ ਦੇ ਅਗਲੇ ਦਿਨ ਉਨ੍ਹਾਂ ਪੁਲਸ ਥਾਣਾ ਨੰਬਰ ਚਾਰ 'ਚ ਇਸ ਦਾ ਕੇਸ ਦਰਜ ਕਰਵਾਇਆ ਤਾਂ ਪੁਲਸ ਨੇ ਉਕਤ ਮਸਜਿਦ ਦੇ ਮੌਲਵੀ ਵੱਲੋਂ ਜਾਰੀ ਕੀਤਾ ਧਰਮ ਪਰਿਵਰਤਨ ਸਰਟੀਫਿਕੇਟ ਤੇ ਨਿਕਾਹਨਾਮਾ ਉਨ੍ਹਾਂ ਨੂੰ ਦੇ ਕੇ ਕਿਹਾ ਕਿ ਉਨ੍ਹਾਂ ਦੀ ਪੁੱਤਰੀ ਬਾਲਗ ਹੈ ਅਤੇ ਉਸ ਨੇ ਆਪਣੀ ਮਰਜੀ ਨਾਲ ਨਿਕਾਹ ਕੀਤਾ ਹੈ। ਪੀੜਤਾ ਦੀ ਮਾਂ ਨੇ ਦੱਸਿਆ ਕਿ ਨਿਕਾਹਨਾਮਾ ਤੇ ਧਰਮ ਪਰਿਵਰਤਨ ਸਰਟੀਫਿਕੇਟ 'ਤੇ ਹੂਮਾ ਦੀ ਉਮਰ 18 ਸਾਲ ਲਿਖੀ ਹੈ, ਜਦ ਕਿ ਉਨ੍ਹਾਂ ਦਾ ਵਿਆਹ ਹੋਏ ਨੂੰ ਅਜੇ ਸਿਰਫ 14 ਸਾਲ ਹੋਏ ਹਨ।








Paramjit Deol Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

“Your neighborhood broker, Call Paramjit Deol Today”

**Mississauga $134,000** — 17 Tannery St: Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

**Mississauga $169,900** — 7215 Goreway Dr 70: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities

**St. Catharines $189,000** — 198 Glenridge Ave 5: Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch

**Mississauga $199,900** — Techlogics — 5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** — GINO'S PIZZA — 136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Mississauga $399,900** — Photo Not Available — 7120 Pacific Circ B : Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As

**Shelburne $399,999** — 328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Toronto $435,000** — 90 Dale Ave 407: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins

**Mississauga $449,000** — 2556 Argyle Rd 1104: Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New

**Richmond Hill $560,000** — 8868 Yonge St 222E : Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

**Brampton $655,000** — 32 Tollgate St : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

**Oshawa $659,000** — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $829,900** — 29 Phillip Ave: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

**Brampton $983,000** — 87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000** — 785 Craig Carrier Crt: Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

**Brampton $1,900,000** — Photo Not Available — 115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਨਾਗਰਿਕਤਾ ਸੋਧ ਬਿੱਲ ਨੂੰ ਰਾਸ਼ਟਰਪਤੀ ਕੋਵਿੰਦ ਵੱਲੋਂ ਮਨਜ਼ੂਰੀ, ਖੜ੍ਹੇ ਪੈਰ ਲਾਗੂ

## * ਆਸਾਮ ਦੇ ਹਾਲਾਤ ਖਰਾਬ, ਕਰਫਿਊ, ਲੋਕ ਹਵਾਈ ਅੱਡੇ ਉੱਤੇ ਫਸੇ
## * ਤ੍ਰਿਪੁਰਾ, ਮੇਘਾਲਿਆ ਉੱਤੇ ਅਸਰ, ਸ਼ਿਲਾਂਗ ਵਿੱਚ ਵੀ ਕਰਫਿਊ





ਨਵੀਂ ਦਿੱਲੀ, 12 ਦਸੰਬਰ, (ਪੋਸਟ ਬਿਊਰੋ)- ਲੋਕ ਸਭਾ ਅਤੇ ਰਾਜ ਸਭਾ ਵੱਲੋਂ ਨਾਗਰਿਕਤਾ ਸੋਧ ਬਿੱਲ 2019 ਨੂੰ ਪਾਸ ਕੀਤੇ ਜਾਣ ਪਿੱਛੋਂ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਇਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾ ਦੀ ਮਨਜ਼ੂਰੀ ਮਿਲਦੇ ਸਾਰ ਇਹ ਬਿੱਲ ਖੜੇ ਪੈਰ ਕਾਨੂੰਨ ਬਣ ਕੇ ਲਾਗੂ ਹੋ ਗਿਆ ਹੈ।ਇਸ ਸੋਧ ਕਾਨੂੰਨ ਮੁਤਾਬਕ ਹਿੰਦੂ, ਸਿੱਖ, ਬੋਧੀ, ਜੈਨੀ, ਪਾਰਸੀ ਤੇ ਈਸਾਈ ਭਾਈਚਾਰੇ ਦੇ ਜੋ ਲੋਕ 31 ਦਸੰਬਰ 2014 ਤਕ ਅਫਗਾਨਿਸਤਾਨ,ਪਾਕਿਸਤਾਨ ਜਾਂ ਬੰਗਲਾਦੇਸ਼ ਤੋਂ ਭਾਰਤ ਆਏ ਹੋਏ ਸਨ ਅਤੇ ਜਿਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਿੱਚ ਧਾਰਮਿਕ ਪੱਖੋਂ ਜ਼ੁਲਮ ਸਾਹ-ਮਣਾ ਪਿਆ ਸੀ, ਉਨ੍ਹਾਂ ਨੂੰ ਗੈਰ-ਕਾਨੂੰਨੀ ਪ੍ਰਵਾਸੀ ਨਹੀਂ ਮੰਨਿਆ ਜਾਵੇਗਾ,ਸਗੋਂ ਭਾਰਤ ਦੀ ਨਾਗਰਿਕਤਾ ਦੇ ਦਿੱਤੀ ਜਾਵੇਗੀ।

ਵਰਨਣ ਯੋਗ ਹੈ ਕਿ ਨਾਗਰਿਕਤਾ ਸੋਧ ਬਿੱਲ 2019ਨੂੰਇੱਕ ਦਿਨ ਪਹਿਲਾਂ ਰਾਜ ਸਭਾ ਵਿੱਚ ਵੋਟਿੰਗ ਨਾਲ ਪਾਸ ਕਰ ਦਿੱਤਾ ਗਿਆ ਸੀ ਅਤੇ ਲੋਕ ਸਭਾ ਉਸ ਤੋਂ ਇੱਕ ਦਿਨ ਪਹਿਲਾਂ ਇਸ ਨੂੰ ਪਾਸ ਕਰ ਚੁੱਕੀ ਸੀ।

ਇਸ ਦੌਰਾਨ ਭਾਰਤ ਦੇ ਉੱਤਰ-ਪੂਰਬੀ ਰਾਜਾਂ ਵਿੱਚਨਾਗਰਿਕਤਾ ਸੋਧ ਬਿੱਲ ਦੇ ਵਿਰੋਧ ਵਿਚ ਕਈ ਥਾਈਂ ਵਿਰੋਧ ਪ੍ਰਦਰਸ਼ਨ ਜਾਰੀ ਹਨ। ਆਸਾਮ ਅਤੇ ਤ੍ਰਿਪੁਰਾ ਦੇ ਬਾਅਦ ਨਾਲ ਲੱਗਦੇ ਰਾਜ ਮੇਘਾਲਿਆਂ ਵਿੱਚਵੀ ਮੋਬਾਈਲ ਇੰਟਰਨੈੱਟ ਅਤੇ ਮੈਸੇਜਿੰਗ ਸੇਵਾ ਬੰਦ ਕਰਨੀ ਪਈ ਹੈ। ਸੂਬਾਈ ਗ੍ਰਹਿ ਵਿਭਾਗ ਦੇ ਮੁਤਾ-ਬਕ ਇਹ 48 ਘੰਟਿਆਂ ਲਈ ਰੋਕ ਰੱਖਣਦਾ ਖਿਆਲ ਹੈ, ਪਰ ਵਧਾਈ ਜਾ ਸਕਦੀ ਹੈ। ਗੁਹਾਟੀ ਤੋਂ ਬਾਅਦ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿੱਚ ਕਰਫਿਊ ਲਾਉਣਾ ਪਿਆ ਹੈ, ਜਿੱਥੇ ਅੱਜ ਵੀਰਵਾਰ ਨੂੰ ਪ੍ਰਸ਼ਾਸਨ ਨੇ ਇੰਟਰਨੈੱਟ ਅਤੇ ਐੱਸ ਐੱਮ ਐੱਸ ਸਰਵਿਸ ਉੱਤੇ ਰੋਕ ਲਾਈ ਹੈ। ਇਸ ਤੋਂ ਪਹਿਲਾਂ ਤ੍ਰਿਪੁਰਾ ਵਿੱਚ ਵੀ ਇੰਟਰਨੈੱਟ ਅਤੇ ਐੱਸ ਐੱਮ ਐੱਸ ਸੇਵਾ ਉੱਤੇ ਰੋਕ ਲਾਈ ਗਈ ਸੀ।

ਆਸਾਮ ਵਿੱਚ ਹਾਲਾਤ ਚਿੰਤਾਜਨਕ ਹਨ। ਅਣਮਿੱਥੇ ਸਮੇਂ ਦੇ ਕਰਫਿਊ ਅਤੇ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਸੈਂਕੜੇ ਲੋਕ ਗੁਹਾਟੀ ਹਵਾਈ ਅੱਡੇ ਉੱਤੇ ਫਸੇ ਹੋਏ ਹਨ। ਸ਼ਹਿਰ ਤੋਂ 30 ਕਿਲੋਮੀਟਰ ਦੂਰ ਬੋਰਝਾਰ ਵਾਲੇ ਪ੍ਰਸਿੱਧ ਸਥਾਨ ਗੋਪੀਨਾਥ ਬਾਰਦੋਲੋਈ ਦੇ ਕੌਮਾਂਤਰੀ ਹਵਾਈ ਅੱਡੇ ਦੇ ਅੰਦਰ ਅਤੇ ਬਾਹਰ ਲੋਕ ਦੀ ਭੀੜ ਦਿੱਸਦੀ ਹੈ। ਸੁਰੱਖਿਆ ਫੋਰਸ ਵਜੋਂ ਆਸਾਮ ਪੁਲਸ ਅਤੇ ਕਮਾਂਡੋ ਤਾਇਨਾਤੇ ਕੀਤੇ ਗਏ ਹਨ। ਹਵਾਈ ਅੱਡਾ ਕੰਪਲੈਕਸ ਵਿੱਚੋਂ ਪ੍ਰੀਪੇਡ ਟੈਕਸੀ ਕਾਊਂਟਰਤੋਂ ਸੇਵਾਵਾਂਬੰਦ ਹਨ।ਸਥਾਨਕ ਟੈਕਸੀ ਡਰਾਈਵਰ ਮਨ-ਮਰਜ਼ੀ ਦੇ ਕਿਰਾਏ ਲੈ ਰਹੇ ਹਨ। ਈਟਾਨਗਰ, ਦੀਮਾਪੁਰ ਅਤੇ ਆਈਜ਼ੋਲ ਜਾਣ ਵਾਲੇ ਕਈ ਲੋਕ ਏਥੇ ਫਸ ਗਏ ਹਨ।

ਦਿੱਲੀ ਵਿੱਚੋਂ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਸਾਰੇ ਨਿੱਜੀ ਸੈਟੇਲਾਈਟ ਟੀ ਵੀ ਚੈਨਲਾਂ ਨੂੰ ਐਡਵਾਈਜ਼ਰੀ ਜਾਰੀ ਕਰਕੇ ਅਜਿਹੀ ਸਮੱਗਰੀ ਪੇਸ਼ ਕਰਨ ਬਾਰੇ ਸਾਵਧਾਨੀ ਵਰਤਣ ਨੂੰ ਕਿਹਾ ਹੈ, ਜਿਹੜੀ ਹਿੰਸਾ ਭੜਕਾ ਸਕਦੀ ਹੈ। ਮੰਤਰਾਲੇ ਨੇ ਦੇਸ਼ ਵਿਰੋਧੀ ਰੁਝਾਨ ਨੂੰ ਹੱਲਾਸ਼ੇਰੀ ਦੇਣ ਅਤੇ ਦੇਸ਼ ਦੀ ਅਖੰਡਤਾ ਨੂੰ ਪ੍ਰਭਾਵਤ ਕਰ ਸਕਣ ਵਾਲੀ ਸਮੱਗਰੀ ਪੇਸ਼ ਕਰਨ ਬਾਰੇ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਕੁਝ ਟੀ ਵੀ ਚੈਨਲਾਂ ਨੇ ਬੁੱਧਵਾਰ ਨੂੰ ਪਾਰਲੀਮੈਂਟ ਵਿੱਚ ਪਾਸ ਹੋਏ ਨਾਗਰਿਕਤਾ ਸੋਧ ਬਿੱਲ ਦੇ ਖਿਲਾਫ ਉੱਤਰ-ਪੂਰਬਦੇ ਹਿੰਸਕ ਪ੍ਰਦਰਸ਼ਨਾਂ ਦੀ ਫੁਟੇਜ ਵਿਖਾਈ ਸੀ, ਜਿਸ ਪਿੱਛੋਂ ਇਹ ਐਡਵਾਈਜ਼ਰੀ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਕੇਬਲ ਟੈਲੀਵਿਜ਼ਨ ਨੈਟਵਰਕ ਰੈਗੂਲੇਸ਼ਨ ਐਕਟ 1995 ਤੇ ਉਸ ਪਿੱਛੋਂ ਬਣੇ ਐਕਟ ਮੁਤਾਬਕਪਹਿਲਾਂ ਕਈ ਵਾਰ ਮੰਤਰਾਲੇ ਨੇ ਨਿੱਜੀ ਚੈਨਲਾਂ ਨੂੰ ਪ੍ਰੋਗਰਾਮ ਤੇ ਇਸ਼ਤਿਹਾਰਬਾਜ਼ੀ ਕਾਨੂੰਨ ਦਾ ਸਖਤੀ ਨਾਲ ਪਾਲਣ ਕਰਨ ਦੀ ਐਡਵਾਈਜ਼ਰੀ ਜਾਰੀ ਕੀਤੀ ਹੋਈ ਹੈ। ਤਾਜ਼ਾ ਐਡਵਾਈਜ਼ਰੀਮੁਤਾਬਕ ਸਾਰੇ ਟੀ ਵੀ ਚੈਨਲਾਂ ਨੂੰ ਅਜਿਹੀ ਕਿਸੇ ਵੀ ਸਮੱਗਰੀ ਬਾਰੇਸਾਵਧਾਨ ਰਹਿਣ ਨੂੰ ਕਿਹਾ ਗਿਆ ਹੈ, ਜਿਸ ਦੇ ਨਾਲ ਹਿੰਸਾ ਭੜਕਾ ਸਕਦੀ ਹੈ ਜਾਂ ਜਿਸ ਵਿਚ ਕਾਨੂੰਨ ਅਤੇ ਵਿਵਸਥਾ ਕਾਇਮ ਰੱਖਣ ਦੇ ਖਿਲਾਫ ਕੁਝ ਵੀ ਹੋਵੇ।

### ਅਮਰਿੰਦਰ ਸਿੰਘ ਦਾ ਐਲਾਨ

# ਪੰਜਾਬ ਵਿਚ ਨਾਗਰਿਕਤਾ ਸੋਧ ਬਿੱਲ ਲਾਗੂ ਨਹੀਂ ਹੋਵੇਗਾ

## * ਕਈ ਹੋਰ ਰਾਜਾਂ ਵੱਲੋਂ ਵੀ ਨਾਂਹ, ਸੁਪਰੀਮ ਕੋਰਟ ਵਿੱਚ ਚੁਣੌਤੀ



ਚੰਡੀਗੜ੍ਹ, 12 ਦਸੰਬਰ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਵੱਲੋਂ ਪਾਸ ਕੀਤੇ ਗਏ ਨਾਗਰਿਕਤਾ ਸੋਧ ਬਿੱਲ (ਸੀ ਏ ਬੀ) ਨੂੰ ਲਾਗੂ ਕਰਨ ਬਾਰੇ ਕੇਂਦਰ ਤੇ ਪੰਜਾਬ ਸਰਕਾਰ ਦਾ ਪੇਚਾ ਪੈ ਗਿਆ ਹੈ। ਕੇਂਦਰ ਨੇ ਪਾਰਲੀਮੈਂਟ ਤੋਂ ਨਾਗਰਿਕਤਾ ਸੋਧ ਬਿੱਲ ਬੇਸ਼ੱਕ ਪਾਸ ਕਰਵਾ ਲਿਆ ਹੈ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਇਸ ਸੋਧ ਬਿੱਲ ਨੂੰ ਇਸ ਰਾਜ ਵਿਚ ਲਾਗੂ ਨਹੀਂ ਕਰੇਗੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਇਕ ਬਿਆਨ ਵਿਚ ਕਿਹਾ ਕਿ ਇਹ ਬਿੱਲ ਸਿੱਧੇ ਤੌਰ ਉੱਤੇ ਭਾਰਤ ਦੇ ਧਰਮ ਨਿਰਪੱਖ ਅਕਸ ਉੱਤੇ ਹਮਲਾ ਕਰਦਾ ਹੈ ਤੇ ਉਨ੍ਹਾਂ ਦੀ ਸਰਕਾਰ ਇਸ ਰਾਜ ਦੇ ਧਰਮ ਨਿਰਪੱਖ ਢਾਂਚੇ ਨੂੰ ਤਹਿਸ-ਨਹਿਸ ਕਰਨ ਦੀਆਂ ਕੋਸ਼ਿਸ਼ਾਂ ਸਫਲਨਹੀਂ ਹੋਣ ਦੇਵੇਗੀ। ਉਨ੍ਹਾ ਕਿਹਾ ਕਿ ਦੇਸ਼ ਵਿਚ ਸੰਵਿਧਾਨਿਕ ਸੰਸਥਾਵਾਂ ਦੀ ਰਾਖੀ ਜ਼ਰੂਰੀ ਹੈ ਤੇ ਕਾਂਗਰਸ ਪਾਰਟੀ ਦਾਪੰਜਾਬ ਦੀ ਵਿਧਾਨ ਸਭਾ ਵਿਚ ਦੋ ਤਿਹਾਈ ਬਹੁਮਤ ਹੋਣ ਕਾਰਨ ਉਹ ਏਥੇ ਇਹ ਗੈਰ-ਸੰਵਿਧਾਨਿਕ ਬਿੱਲ ਕਿਸੇ ਹਾਲਤ ਵਿੱਚ ਪਾਸ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਨਾਲਕੇਂਦਰ ਸਰਕਾਰ ਇਸ ਦੇਸ਼ਦਾ ਧਰਮ ਨਿਰਪੱਖ ਢਾਂਚਾ ਭੰਗ ਕਰਨ ਦੇ ਯਤਨਾਂ ਵਿਚ ਲੱਗੀ ਹੋਈ ਹੈ ਅਤੇ ਕਿਉਂਕਿ ਇਸ ਦੇਸ਼ ਦੀ ਮਜ਼ਬੂਤੀ ਉਸ ਦੀ ਧਰਮ ਨਿਰਪੱਖਤਾ ਦੇ ਗੁਣਾਂ ਵਿਚ ਹੈ, ਇਸ ਲਈ ਅਸੀਂ ਇਹ ਬਿੱਲ ਲਾਗੂ ਨਹੀਂ ਕਰਾਂਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਰਲੀਮੈਂਟ ਨੂੰ ਉਹ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ, ਜਿਸ ਨਾਲ ਦੇਸ਼ ਦੇ ਸੰਵਿਧਾਨ ਅਤੇ ਲੋਕਾਂ ਦੇ ਮੁੱਢਲੇ ਅਧਿਕਾਰਾਂ ਦਾ ਘਾਣ ਹੋਵੇ। ਉਨ੍ਹਾਂ ਕਿਹਾ ਕਿ ਨਾਗਰਿਕਤਾ ਸੋਧ ਬਿੱਲ (ਸੀ ਏ ਬੀ) ਸਾਡੇ ਸੰਵਿਧਾਨ ਵਿਚਲੇ ਅਧਿਕਾਰਾਂ ਅਤੇ ਕਦਰਾਂ-ਕੀਮਤਾਂ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਕਾਨੂੰਨ, ਜਿਹੜਾ ਦੇਸ਼ ਦੇ ਲੋਕਾਂ ਨੂੰ ਧਰਮ ਦੇ ਆਧਾਰ ਉੱਤੇ ਵੰਡਦਾ ਹੋਵੇ, ਪੂਰੀ ਤਰ੍ਹਾਂ ਨਾਲ ਗੈਰ-ਕਾਨੂੰਨੀ ਹੈ ਤੇ ਇਸ ਨੂੰ ਕਿਸੇ ਵੀ ਤਰ੍ਹਾਂ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਸੰਵਿਧਾਨ ਵਿਚਲੇ ਅਧਿਕਾਰਾਂ ਦੀ ਰਾਖੀ ਕਰੇ, ਉਨ੍ਹਾਂ ਨੂੰ ਨਸ਼ਟ ਨਾ ਕਰੇ, ਪੰਜਾਬ ਵਿਚ ਸਾਡੀ ਸਰਕਾਰ ਹੁੰਦੇ ਹੋਏ ਅਸੀਂ ਇਸ ਕਾਨੂੰਨ ਨੂੰ ਲਾਗੂ ਨਹੀਂ ਹੋਣ ਦੇਵਾਂਗੇ।

ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਸੀ ਏ ਬੀ ਲਾਗੂ ਕੀਤੇ ਜਾਣ ਨਾਲ ਦੇਸ਼ ਦੀ ਪ੍ਰਭੂਸੱਤਾ, ਸਮਾਜਵਾਦ, ਧਰਮ ਨਿਰਪੱਖਤਾ ਤੇ ਲੋਕਰਾਜੀ ਦੇਸ਼ ਵਾਲੀ ਹੋਂਦ ਖਤਰੇ ਵਿਚ ਪੈ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਵਿਦੇਸ਼ਾਂ ਵਿਚਲੇ ਭਾਰਤੀਆਂ ਨੂੰ ਉਥੋਂ ਕੱਢਣ ਦਾ ਕੋਈ ਕਾਨੂੰਨ ਪਾਸ ਹੋਵੇ ਅਤੇ ਵਿਦੇਸ਼ ਵੱਸਦੇ ਭਾਰਤੀਆਂ ਤੋਂ ਧਾਰਮਿਕ ਆਧਾਰ ਉੱਤੇਨਾਗਰਿਕਤਾ ਖੋਹੀ ਜਾਵੇ ਤਾਂ ਸਾਡੇ ਲੋਕਾਂ ਉੱਤੇ ਕੀ ਗੁਜ਼ਰੇਗੀ, ਇਸ ਦਾ ਅੰਦਾਜ਼ਾ ਕੇਂਦਰ ਸਰਕਾਰ ਨੂੰ ਲਾਉਣਾ ਚਾਹੀਦਾ ਹੈ।

ਇਸ ਦੌਰਾਨ ਕਈ ਹੋਰ ਰਾਜਾਂ ਦੇ ਮੁੱਖ ਮੰਤਰੀ ਵੀ ਇਸ ਬਿੱਲ ਦੇ ਵਿਰੋਧ ਵਿੱਚ ਖੜ੍ਹਣ ਲੱਗੇ ਹਨ। ਕੇਰਲ ਦੇ ਮੁੱਖ ਮੰਤਰੀ ਪਿਨਰਈ ਵਿਜਯਨ ਨੇ ਇਸ ਦੇ ਵਿਰੁੱਧ ਕਿਹਾ ਕਿ ਕੇਂਦਰ ਸਰਕਾਰ ਭਾਰਤ ਨੂੰ ਧਰਮ ਦੇ ਆਧਾਰ ਉੱਤੇ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਇਹ ਨਾਗਰਿਕਤਾ ਸੋਧ ਬਿੱਲ ਭਾਰਤ ਦੇ ਸੰਵਿਧਾਨ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਕੇਰਲ ਵਿੱਚ ਲਾਗੂ ਨਹੀਂਕੀਤਾ ਜਾਵੇਗਾ। ਵਿਜਯਨ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਸਾਰੇ ਭਾਰਤੀਆਂ ਲਈ ਨਾਗਰਿਕਤਾ ਅਧਿਕਾਰ ਦੀ ਗਾਰੰਟੀ ਦਿੰਦਾ ਹੈ, ਭਾਵੇ ਉਨ੍ਹਾਂ ਦਾ ਧਰਮ, ਜਾਤੀ, ਭਾਸ਼ਾ, ਸੱਭਿਆਚਾਰ, ਲਿੰਗ ਜਾਂ ਪੇਸ਼ਾ ਕੁਝ ਵੀ ਹੋਵੇ, ਪਰ ਨਵਾਂ ਨਾਗਰਿਕਤਾ ਸੋਧ ਬਿੱਲ ਲੋਕਾਂ ਦੇ ਅਧਿਕਾਰਾਂ ਨੂੰ ਖਤਮ ਕਰਦਾ ਹੈ।

ਦੂਸਰੇ ਪਾਸੇ ਇਸ ਨਾਗਰਿਕਤਾ ਸੋਧ ਬਿੱਲ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਪਹਿਲੀ ਅਰਜ਼ੀ ਦਾਖ਼ਲ ਹੋ ਗਈ ਹੈ। ਇਹ ਅਰਜ਼ੀ ਇੰਡੀਅਨ ਯੂਨੀਅਨ ਮੁਸਲਿਮ ਲੀਗ ਨੇ ਦਿੱਤੀ ਹੈ, ਜਿਸ ਨੇ ਕਿਹਾ ਹੈ ਕਿ ਸੰਵਿਧਾਨ ਧਰਮ ਦੇ ਅਧਾਰ ਉੱਤੇਵਿਤਕਰੇ ਦੀ ਆਗਿਆਨਹੀਂ ਦਿੰਦਾ। ਉਨ੍ਹਾਂ ਨੇ ਇਸ ਬਿੱਲ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਹੈ।ਕਾਂਗਰਸ ਦੇ ਰਾਜ ਸਭਾ ਮੈਂਬਰ ਕਪਿਲ ਸਿੱਬਲ ਇਸ ਕੇਸ ਬਾਰੇ ਕੋਰਟ ਵਿੱਚ ਆਈਯੂਐਮਐੱਲ ਦੀ ਪੈਰਵੀ ਕਰ ਸਕਦੇ ਹਨ। ਸਿੱਬਲ ਨੇ ਕਿਹਾ ਕਿ ਜੀਐੱਸਟੀ ਅਤੇ ਨੋਟਬੰਦੀ ਦੇ ਨੁਕਸਾਨ ਪਿੱਛੋਂ ਇਸ ਬਿੱਲ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

## ਝਾਰਖੰਡ ਵਿੱਚ ਤੀਜੇ ਪੜਾਅ ਦੀਆਂ ਚੋਣਾਂ ਦੌਰਾਨ 62.35 ਫ਼ੀਸਦੀ ਵੋਟਿੰਗ



ਰਾਂਚੀ, 12 ਦਸੰਬਰ, (ਪੋਸਟ ਬਿਊਰੋ)- ਝਾਰਖੰਡ ਵਿਧਾਨ ਸਭਾ ਦੇ ਤੀਜੇ ਪੜਾਅ ਲਈ ਵੋਟਿੰਗ ਪੂਰੀ ਹੋਣ ਨਾਲ ਮੈਦਾਨ ਵਿਚ ਖੜ੍ਹੇ 309 ਉਮੀਦਵਾਰਾਂ ਦੀ ਕਿਸਮਤ ਵੋਟ ਮਸ਼ੀਨਾਂ ਵਿਚ ਬੰਦ ਹੋ ਗਈ ਹੈ। ਅੱਜ ਮਾਹੌਲ ਪੂਰੀ ਤਰ੍ਹਾਂ ਸ਼ਾਂਤੀ ਪੂਰਨ ਰਿਹਾ, ਜਿਸ ਦੌਰਾਨ 17 ਵਿਧਾਨ ਸਭਾ ਸੀਟਾਂ ਲਈ ਵੋਟਿੰਗ ਵਿਚ ਕੁਲ 62.35 ਫ਼ੀਸਦੀ ਲੋਕਾਂ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ, ਪਰ ਇਹ ਪਿਛਲੀ ਵਾਰ 2014 ਦੇ ਮੁਕਾਬਲੇ ਵਿੱਚ 1.67 ਫ਼ੀਸਦੀ ਘੱਟ ਹੈ।

ਇਸ ਰਾਜ ਵਿੱਚ ਵਿਧਾਨ ਸਭਾ ਲਈ ਚੋਣਾਂ ਦੇ ਪਿਛਲੇ ਦੋ ਪੜਾਵਾਂ ਵਾਂਗ ਇਸ ਪੜਾਅ ਵਿਚ ਵੀ ਸ਼ਹਿਰੀ ਤੋਂ ਪੇਂਡੂ ਖੇਤਰਾਂ ਵਿਚ ਵੱਧ ਵੋਟਿੰਗ ਹੋਈ ਹੈ। ਸਿੱਲੀ ਵਿਧਾਨ ਸਭਾ ਹਲਕੇ ਵਿਚ ਸਭ ਤੋਂਵੱਧ 76.98 ਤੇ ਰਾਂਚੀ ਵਿਚ ਸਭ ਤੋਂ ਘੱਟ 49.10 ਫੀਸਦੀ ਵੋਟਿੰਗ ਹੋਈ ਹੈ। ਵੋਟਰਾਂ ਨੂੰ ਜਾਗਰੂਕ ਕਰਨ ਦੇ ਲੱਖ ਯਤਨਾਂ ਦੇ ਬਾਵਜੂਦ ਹਜ਼ਾਰੀ ਬਾਗ ਵਿਧਾਨ ਸਭਾ ਹਲਕੇ ਦਾਵੋਟਪ੍ਰਤੀਸ਼ਤ ਵਧਣ ਦੀ ਥਾਂ 13.54 ਫ਼ੀਸਦੀ ਘਟ ਗਿਆ ਹੈ। ਏਥੇ 2014 ਵਿਚ ਕੁਲ 70.72 ਫ਼ੀਸਦੀ ਵੋਟਰਾਂ ਨੇ ਵੋਟ ਪਾਈ ਸੀ, ਇਸ ਵਾਰ ਵੋਟ ਫ਼ੀਸਦੀ 57.18 ਫ਼ੀਸਦੀ ਰਹੀ ਹੈ।

## ਸਿੱਖ ਵਿਦਵਾਨਾਂ ਵੱਲੋਂ ਵਿਚਾਰਾਂ ਕਰਨ ਲਈ ਸੰਤ ਢੱਡਰੀਆਂ ਵਾਲਾ ਨੂੰ ਬਾਕਾਇਦਾ ਸੱਦਾ ਜਾਰੀ

ਚੰਡੀਗੜ੍ਹ, 12 ਦਸੰਬਰ, (ਪੋਸਟ ਬਿਊਰੋ)- ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੇ 22 ਦਸੰਬਰ ਨੂੰ ਸੱਦ ਲਿਆ ਹੈ। ਇਹ ਕਮੇਟੀ ਢੱਡਰੀਆਂ ਵਾਲੇ ਦੇ ਖਿਲਾਫ ਸ਼ਿਕਾਇਤਾਂ ਦੀ ਘੋਖ ਕਰਨ ਲਈ ਬਣਾਈ ਗਈ ਹੈ। ਪੰਜ ਸਿੱਖ ਵਿਦ-ਵਾਨਾਂ ਦੀ ਕਮੇਟੀ ਨੇ ਢੱਡਰੀਆਂ ਵਾਲਾ ਨੂੰ ਕੁਝ ਵਿਵਾਦਤ ਕਥਨਾਂ ਦੀ ਵਿਚਾਰ ਕਰਨ ਲਈ 22 ਦਸੰਬਰ ਨੂੰ 12 ਵਜੇ ਪਟਿਆਲਾ ਦੇ ਗੁਰਦੁਆਰਾ ਦੂਖ-ਨਿਵਾਰਨ ਸਾਹਿਬ ਵਿਖੇ ਆਉਣ ਲਈ ਸੱਦਾ ਭੇਜਿਆ ਹੈ।

ਇਸ ਸੰਬੰਧ ਵਿੱਚ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਸਿੱਖ ਵਿਦਵਾਨਾਂ ਦਾ ਇਹ ਸੱਦਾ ਸੰਤ ਢੱਡਰੀਆਂ ਵਾਲੇ ਨੇ ਪ੍ਰਾਪਤ ਕਰ ਲਿਆ ਹੈ।ਵਿਦਵਾਨਾਂ ਦੀ ਜਿਸਸਬ ਕਮੇਟੀ ਦੇ ਕੋਆਰਡੀਨੇਟਰ ਡਾ. ਚਮਕੌਰ ਸਿੰਘ ਨੇ ਢੱਡਰੀਆਂ ਵਾਲੇ ਨੂੰ ਸੱਦਾ ਭੇਜਿਆ ਹੈ, ਉਸਵਿੱਚ ਡਾ. ਪਰਮਵੀਰ ਸਿੰਘ, ਪ੍ਰਿੰ. ਪ੍ਰਭਜੋਤ ਕੌਰ, ਗੁਰਮੀਤ ਸਿੰਘ , ਡਾ. ਅਮਰਜੀਤ ਸਿੰਘ ਅਤੇ ਇੰਦਰਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਵਿਦਵਾਨਾਂ ਦੀ ਕਮੇਟੀ ਨੇ ਢੱਡਰੀਆਂ ਵਾਲਾ ਨਾਲ ਇਕੱਲੇ ਬੈਠ ਕੇ ਵਿਚਾਰ ਵਟਾਂਦਰਾ ਕਰਨ ਲਈ 22 ਨੂੰ ਪਟਿਆਲਾ ਦੇ ਗੁਰਦੁਆਰਾ ਦੂਖ-ਨਿਵਾਰਨ ਸਾਹਿਬ ਦੇ ਮੀਟਿੰਗ ਹਾਲ ਵਿਖੇ ਦੁਪਹਿਰ 12 ਵਜੇ ਪਹੁੰਚਣ ਲਈ ਕਿਹਾ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਹਦਾਇਤ ਹੈ ਕਿ ਉਸ ਸਾਰੇ ਕੇਸ ਬਾਰੇ ਢੱਡਰੀਆਂ ਵਾਲੇ ਨਾਲ ਗੱਲਬਾਤ ਸਿਰਫ 5 ਮੈਂਬਰੀ ਕਮੇਟੀ ਕਰੇਗੀ, ਕਮੇਟੀ ਉਸ ਨੂੰ ਆਪਣੇ ਕੋਲ ਸੱਦੇ ਜਾਂ ਓਥੇ ਜਾ ਕੇ ਗੱਲਬਾਤ ਕਰੇ, ਇਹ ਉਸ ਉੱਤੇ ਛੱਡ ਦਿੱਤਾ ਹੈ। ਸੱਦਾ ਪੱਤਰ ਲੈ ਲੈਣ ਦੇ ਬਾਵਜੂਦ ਢੱਡਰੀਵਾਲਾ ਵੱਲੋਂ ਪੰਜ ਮੈਂਬਰੀ ਕਮੇਟੀ ਨੂੰ ਮਿਲਣ ਬਾਰੇ ਬੇਯਕੀਨੀ ਹੈ, ਕਿਉਂਕਿ ਉਹ ਅਕਾਲ ਤਖਤ ਦੇ ਜਥੇਦਾਰ ਤੇ ਉਨ੍ਹਾਂ ਦੀ ਬਣਾਈ ਕਮੇਟੀ ਨੂੰ ਕੋਈ ਮਹੱਤਵ ਨਾ ਦੇਣ ਵਰਗੇ ਬਿਆਨ ਕਈ ਵਾਰਦੇ ਚੁੱਕੇ ਹਨ।

ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887,
ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887,
ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਐਂਡਰੀਊ ਸ਼ੀਅਰ ਦੀ ਘਰ ਵਾਪਸੀ



ਬੇਸ਼ੱਕ ਇਹ ਵੱਡੀ ਖ਼ਬਰ ਹੈ ਕਿ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ ਨੇ ਕੱਲ ਅਸਤੀਫ਼ਾ ਦੇ ਦਿੱਤਾ ਹੈ ਪਰ ਇਹ ਕੋਈ ਅਨਹੋਣੀ ਖਬ਼ਰ ਨਹੀਂ ਜਿਸਦਾ ਕਿਸੇ ਨੇ ਕਿਆਸ ਨਾ ਕੀਤਾ ਹੋਵੇ। ਸੁਆਲ ਤਾਂ ਸਿਰਫ਼ ਐਨਾ ਉੱਠਦਾ ਰਿਹਾ ਹੈ ਕਿ ਇਹ ਭਾਣਾ ਕਦੋਂ ਵਾਪਰੇਗਾ? ਜਦੋਂ ਸੱਜੇ ਪੱਖੀ ਮੀਡੀਆ ਗਰੁੱਪ ਗਲੋਬਲ ਨਿਊਜ਼' ਐਂਡਰੀਊ ਸ਼ੀਅਰ ਦੇ ਬੱਚਿਆਂ ਦੀਆਂ ਫੀਸਾਂ ਦੇ ਇੱਕ ਹਿੱਸੇ ਦਾ ਕੰਜ਼ਰਵੇਟਿਵ ਪਾਰਟੀ ਫੰਡ ਵਿੱਚੋਂ ਭਰੇ ਜਾਣ ਬਾਰੇ ਖੁਲਾਸਾ ਕਰਦਾ ਹੈ, ਤਾਂ ਬਹੁਤ ਕੁੱਝ ਸੋਚਣਾ ਬਣਦਾ ਹੈ ਕਿ ਹੁਣ ਕੀ ਹੋਣ ਵਾਲਾ ਹੈ। ਕੰਜ਼ਰਵੇਟਿਵਾਂ ਨੇ ਤਾਂ ਅੱਜ ਨਹੀਂ ਤਾਂ ਕੱਲ, ਸ਼ੀਅਰ ਨੂੰ ਘਰ ਭੇਜ ਹੀ ਦੇਣਾ ਸੀ ਮਜ਼ੇਦਾਰ ਗੱਲ ਇਹ ਹੈ ਕਿ ਉਸਦੇ ਘਰ ਦਾ ਜਾਣ ਦਾ ਸਮਾਂ ਅਤੇ ਰਸਤਾ ਪਾਰਟੀ ਨੇ ਨਹੀਂ ਸਗੋਂ ਗਲੋਬਲ ਨਿਊਜ਼ ਨੇ ਨਿਰਧਾਰਤ ਕੀਤਾ। ਫੀਸ ਦਾ ਮੁੱਦਾ ਸਿਰਫ਼ ਐਨਾ ਹੈ ਕਿ ਉਸਦੇ ਪ੍ਰਾਈਵੇਟ ਸਕੂਲ ਵਿੱਚ ਪੜਦੇ ਬੱਚਿਆਂ ਦੀ ਫੀਸ ਦਾ ਇੱਕ ਹਿੱਸਾ ਟੋਰੀ ਪਾਰਟੀ ਦੇ ਫੰਡ ਵਿੱਚੋਂ ਅਦਾ ਕੀਤਾ ਜਾਂਦਾ ਰਿਹਾ ਹੈ।

2017 ਵਿੱਚ ਜਦੋਂ ਸ਼ੀਅਰ ਨੂੰ ਪਾਰਟੀ ਲੀਡਰ ਚੁਣਿਆ ਗਿਆ ਤਾਂ ਸ਼ੀਅਰ ਨੇ ਪਰਿਵਾਰ ਨਾਲ ਓਟਾਵਾ ਆਣ ਰਿਹਾਇਸ਼ ਕੀਤੀ ਜਿੱਥੇ ਉਸਦੇ ਬੱਚਿਆਂ ਦੇ ਪ੍ਰਾਈਵੇਟ ਸਕੂਲ ਦੀ ਫੀਸ ਰੀਜਾਇਨਾ ਵਿਚਲੇ ਪ੍ਰਾਈਵੇਟ ਸਕੂਲ ਨਾਲੋਂ ਵੱਧ ਸੀ। ਇਸ ਫੀਸ ਦੇ ਅੰਤਰ ਨੂੰ ਪਾਰਟੀ ਨੇ ਅਦਾ ਕਰਦੀ ਰਹੀ ਹੈ ਜੋ ਵੱਡੀ ਗੱਲ ਨਹੀਂ। ਵੇਖਿਆ ਜਾਵੇ ਤਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ (ਨੈਨੀ ਕੇਸ, ਆਗਾ ਖਾਨ ਦੇ ਸ਼ਾਹੀ ਰੀਜ਼ੋਰਟਾਂ ਵਿੱਚ ਫੇਰੀਆਂ ਮਿਸਾਲ ਹਨ) ਵੀ ਵਿਵਾਦਾਂ ਵਿੱਚ ਉਲਝੇ ਰਹੇ ਹਨ ਪਰ ਤਾਂ ਵੀ ਠਾਠ ਨਾਲ ਕੁਰਸੀ ਉੱਤੇ ਬੈਠੇ ਹਨ। ਸੋ ਸ਼ੀਅਰ ਨੂੰ ਲੀਡਰੀ ਤੋਂ ਲਾਂਭੇ ਕਰਨ ਦੇ ਜੋੜ ਤੋੜ ਤਾਂ ਅੰਦਰੋ ਖਾਤੇ ਕੁੱਝ ਦੇਰ ਤੋਂ ਚੱਲ ਰਹੇ ਸਨ ਪਰ ਉਸਨੂੰ ਮਾਰਚਿੰਗ ਆਰਡਰ ਵੱਖਰੇ ਢੰਗ ਨਾਲ ਮਿਲੇ। ਕੀ ਇਸਨੂੰ ਇੱਕ ਭਲੇਮਾਣਸ ਸਿਆਸਤਦਾਨ ਨਾਲ ਧੱਕਾ ਹੋਣ ਦਾ ਕਿੱਸਾ ਆਖਿਆ ਜਾ ਸਕਦਾ ਹੈ?

25 ਸਾਲਾਂ ਦੀ ਉਮਰ ਵਿੱਚ ਐਮ ਪੀ ਚੁਣੇ ਜਾਣ ਅਤੇ 32 ਸਾਲਾਂ ਵਿੱਚ ਕੈਨੇਡਾ ਦੀ ਪਾਰਲੀਮੈਂਟ ਦਾ ਸਪੀਕਰ ਬਣਨ ਦਾ ਨਾਮਣਾ ਖੱਟਣ ਵਾਲਾ ਐਂਡਰੀਊ ਸ਼ੀਅਰ ਦੇ ਸਾਊ ਸਿਆਸਤਦਾਨ ਹੋਣ ਵਿੱਚ ਕਿਸੇ ਨੂੰ ਕੋਈ ਸ਼ੱਕ ਨਹੀਂ ਹੋ ਸਕਦਾ, ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਹ ਇੱਕ ਪ੍ਰਭਾਵਹੀਣ ਲੀਡਰ ਸਾਬਤ ਹੋਇਆ ਹੈ। ਇਹ ਤਾਂ ਕਿਸਮਤ ਦਾ ਹੀ ਗੇੜ ਸੀ ਕਿ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿੱਪ ਰੇਸ ਦੇ ਸੱਤਵੇਂ ਗੇੜ ਵਿੱਚ ਉਸਨੇ ਕਰਾਮਾਤੀ ਢੰਗ ਨਾਲ ਮੈਕਸਿਮ ਬਰਨੀਏ ਨੂੰ ਹਰਾ ਦਿੱਤਾ ਸੀ ਨਹੀਂ ਤਾਂ ਅੱਜ ਟੋਰੀ ਪਾਰਟੀ ਦਾ ਇਤਿਹਾਸ ਕੁੱਝ ਹੋਰ ਹੀ ਹੁੰਦਾ।

ਇਸ ਸਾਲ ਦੀਆਂ ਚੋਣਾਂ ਵਿੱਚ ਟੋਰੀਆਂ ਦਾ ਸਰਕਾਰ ਨਾ ਬਣਾ ਸਕੱਣ ਦੀ ਸਾਰੀ ਜੁੰਮੇਵਾਰੀ ਸ਼ੀਅਰ ਸਿਰ ਪੈਣੀ ਸੁਭਾਵਿਕ ਸੀ। ਉਸ ਕੋਲ ਨਾ ਤਾਂ ਐਥਨਿਕ ਕਮਿਉਨਿਟੀਆਂ ਨਾਲ ਤਾਲਮੇਲ ਕਰਨ ਦੀ ਕਲਾ ਸੀ ਅਤੇ ਨਾ ਹੀ ਉਸਨੇ ਇਹ ਕਲਾ ਨੂੰ ਸਿੱਖਣ ਦੀ ਕੋਸ਼ਿਸ਼ ਕੀਤੀ। ਇਸ ਕਲਾ ਦੀ ਘਾਟ ਕਾਰਣ ਹੀ ਪੀਲ ਰੀਜਨ ਵਿੱਚ ਨੌਮੀਨੇਸ਼ਨ ਚੋਣਾਂ ਦਾ ਘਾਲਾ-ਮਾਲਾ ਹੋਇਆ ਜਿਸਦੇ ਸਿੱਟੇ ਵਜੋਂ ਇੱਥੋਂ ਟੋਰੀ ਇੱਕ ਵੀ ਸੀਟ ਨਾ ਕੱਢ ਸਕੇ। ਇਵੇਂ ਹੀ ਉਸਦਾ ਸੋਸ਼ਲ ਕੰਜ਼ਰਵੇਟਿਵ ਏਜੰਡਾ ਪਾਰਟੀ ਲਈ ਖਤਰਨਾਕ ਸਾਬਤ ਹੋਇਆ। ਐਂਡਰੀਊ ਸ਼ੀਅਰ ਇਹ ਸਮਝਣ ਵਿੱਚ ਅਸਮਰੱਥ ਰਿਹਾ ਕਿ ਅੱਜ ਕੈਨੇਡਾ-ਵਾਸੀ ਗਰਭਪਾਤ ਅਤੇ ਐਲ ਜੀ ਬੀ ਟੀ ਕਿਊ ਵਰਗੇ ਮੁੱਦਿਆਂ ਉੱਤੇ ਐਨੀ ਖੁੱਲ ਦੀ ਉਮੀਦ ਰੱਖਦੇ ਹਨ ਕਿ ਜਗਮੀਤ ਸਿੰਘ ਵਰਗੇ ਰਿਵਾਇਤੀ ਅਤੇ ਅਮ੍ਰਿਤਧਾਰੀ ਸਿੱਖ ਲਈ ਵੀ ਇਹਨਾਂ ਮੁੱਦਿਆਂ ਦਾ ਝੰਡਾ ਬਰਦਾਰ ਬਣਨਾ ਸਹੀ ਸਾਬਤ ਹੁੰਦਾ ਹੈ। ਦੂਜੇ ਪਾਸੇ ਸ਼ੀਅਰ ਸੀ ਜੋ ਸਮੇਂ ਦੀ ਨਬਜ਼ ਨਹੀਂ ਫੜ ਸਕਿਆ। ਅਜਿਹੇ ਨੇਤਾ ਆਪਣੇ ਨਿੱਜੀ ਵਿਸ਼ਵਾਸ਼ ਅਤੇ ਮਾਨਤਾਵਾਂ ਦੇ ਲਿਹਾਜ਼ ਨਾਲ ਬੇਸ਼ੱਕ 100% ਸਹੀ ਹੋਣ, ਪਰ ਅਜੋਕੇ ਸਮਿਆਂ ਵਿੱਚ ਮਾੜੇ ਸਿਆਸਤਦਾਨ ਸਾਬਤ ਹੁੰਦੇ ਹਨ।

ਸ਼ੀਅਰ ਤੋਂ ਬਾਅਦ ਟੋਰੀਆਂ ਨੂੰ ਕੋਈ ਅਜਿਹਾ ਲੀਡਰ ਚੁਣਨਾ ਹੋਵੇਗਾ ਜਿਸ ਕੋਲ ਪ੍ਰੋਗਰੈਸਿਵ ਏਜੰਡਾ ਹੋਵੇ ਅਤੇ ਸਮੇਤ ਪਰਵਾਸੀਆਂ ਦੇ ਹਰ ਵਰਗੇ ਦੇ ਕੈਨੇਡੀਅਨਾਂ ਨਾਲ ਖੱਲਾ, ਸਪੱਸ਼ਟ ਅਤੇ ਜਵਾਬਦੇਹੀ ਉੱਤੇ ਆਧਾਰਿਤ ਤਾਲਮੇਲ ਪੈਦਾ ਕਰ ਸਕੇ। ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪਵੇਗਾ ਕਿ ਟੋਰਂ ਅੰਤਰਿਮ ਲੀਡਰ ਵਜੋਂ ਕਮਾਲ ਦਾ ਕੰਮ ਕਰ ਚੁੱਕੀ ਰੋਨਾ ਐਂਬਰੋਸ ਨੂੰ ਅਗਲੇ ਲੀਡਰ ਵਜੋਂ ਚੁਣਦੇ ਹਨ ਜਾਂ ਵਿਦੇਸ਼ ਮੰਤਰੀ ਰਹਿ ਚੁੱਕੇ ਪੀਟਰ ਮੈਕੇਅ ਨੂੰ। ਫਰਕ ਇਹ ਗੱਲ ਪਾਵੇਗੀ ਕਿ ਅਗਲਾ ਲੀਡਰ ਅਵਸਰਾਂ ਭਰੇ ਖੁੱਲੇ ਪਏ ਮੈਦਾਨ ਵਿੱਚ ਗੋਲ ਕਰਨ ਦੇ ਕਾਬਲ ਹੋਵੇ ਭਾਵ ਪਾਰਟੀ ਲਈ ਜਿੱਤ ਹਾਸਲ ਕਰ ਸਕੇ।

# ਕੰਜ਼ਰਵੇਟਿਵ ਆਗੂ ਸ਼ੀਅਰ ਨੇ ਦਿੱਤਾ ਅਸਤੀਫਾ

...ਪੰਨਾ 1 ਦਾ ਬਾਕੀ

ਨੂੰ ਕਿਸੇ ਅਜਿਹੇ ਸ਼ਖ਼ਸ ਦੀ ਲੋੜ ਹੈ ਜਿਹੜਾ 100 ਫੀ ਸਦੀ ਪਾਰਟੀ ਪ੍ਰਤੀ ਸਮਰਪਿਤ ਹੋਵੇ ਅਤੇ ਜਿਹੜਾ ਪਾਰਟੀ ਨੂੰ ਇੱਕਜੁੱਟ ਰੱਖ ਕੇ ਸਰਕਾਰ ਬਣਾਉਣ ਉੱਤੇ ਧਿਆਨ ਕੇਂਦਰਿਤ ਕਰ ਸਕੇ।

ਕੰਜ਼ਰਵੇਟਿਵ ਪਾਰਟੀ ਦੇ ਐਗਜ਼ੈਕਟਿਵ ਡਾਇਰੈਕਟਰ ਡਸਟਿਨ ਵੈਨ ਵੁਗਟ ਅਨੁਸਾਰ ਇਸ ਹਫਤੇ ਦੇ ਸ਼ੁਰੂ ਤੋਂ ਹੀ ਸ਼ੀਅਰ ਨੇ ਆਪਣੇ ਸਟਾਫ ਮੈਂਬਰਾਂ ਨੂੰ ਅਸਤੀਫਾ ਦੇਣ ਦੇ ਆਪਣੇ ਫੈਸਲੇ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ ਸੀ। ਅਗਲੀ ਚੋਣ ਕੈਂਪੇਨ ਵਿੱਚ ਕੰਜ਼ਰਵੇਟਿਵ ਆਗੂ ਨਾ ਰਹਿਣ ਬਾਰੇ ਜਿਵੇਂ ਹੀ ਸ਼ੀਅਰ ਨੇ ਐਲਾਨ ਕੀਤਾ ਤਾਂ ਉਨ੍ਹਾਂ ਦੇ ਕਾਕਸ ਮੈਂਬਰਾਂ ਨੇ ਉਨ੍ਹਾਂ ਨਾਲ ਹੱਥ ਮਿਲਾਉਣੇ ਸ਼ੁਰੂ ਕਰ ਦਿੱਤੇ ਤੇ ਉਨ੍ਹਾਂ ਨੂੰ ਜੱਫੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਬਾਅਦ ਹੀ ਵਿਰੋਧੀ ਧਿਰ ਦੇ ਆਗੂਆਂ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰਤੀਕਿਰਿਆ ਪ੍ਰਗਟਾਈ। ਉਨ੍ਹਾਂ ਦੇ ਸਿਆਸੀ ਵਿਰੋਧੀਆਂ ਨੇ ਸਮਰਪਣ ਭਾਵਨਾ ਤੇ ਸੇਵਾ ਲਈ ਸ਼ੀਅਰ ਦਾ ਧੰਨਵਾਦ ਕੀਤਾ।

ਟਰੂਡੋ ਨੇ ਆਖਿਆ ਕਿ ਔਖੇ ਤੇ ਮਾੜੇ ਵੇਲਿਆਂ ਵਿੱਚ ਬਹੁਤ ਹੀ ਰਹਿਮਦਿਲੀ ਤੇ ਹੌਸਲੇ ਤੋਂ ਕੰਮ ਲਿਆ। ਉਨ੍ਹਾਂ ਸ਼ੀਅਰ ਦੇ ਅਗਲੇ ਸਫਰ ਲਈ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਇਹ ਵੀ ਪਤਾ ਲੱਗਿਆ ਹੈ ਕਿ ਕੰਜ਼ਰਵੇਟਿਵ ਫੰਡ ਸ਼ੀਅਰ ਦੇ ਓਟਵਾ ਵਿੱਚ ਪ੍ਰਾਈਵੇਟ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੀਆਂ ਫੀਸਾਂ ਲਈ ਵੀ ਵਰਤੇ ਗਏ। ਇਸ ਉੱਤੇ ਵੀ ਪਾਰਟੀ ਦੇ ਕਈ ਮੈਂਬਰਾਂ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ। ਕੈਂਪੇਨ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਸ਼ੀਅਰ ਦੇ ਵੱਡੇ ਆਲੋਚਕ ਰਹੇ ਕੰਜ਼ਰਵੇਟਿਵ ਸੈਨੇਟਰ ਜੀਨ ਗਾਇ ਡੇਜੇਨਾਇਸ ਦਾ ਕਹਿਣਾ ਹੈ ਕਿ ਸ਼ੀਅਰ ਨੂੰ ਇਹ ਖਰਚਾ ਪਾਰਟੀ ਨੂੰ ਮੋੜਨਾ ਚਾਹੀਦਾ ਹੈ।

# ਕਮਲ ਖਹਿਰਾ ਮੁੜ ਕੌਮਾਂਤਰੀ ਵਿਕਾਸ ਮੰਤਰੀ ਦੀ ਪਾਰਲੀਮਾਨੀ ਸਕੱਤਰ ਨਿਯੁਕਤ

...ਪੰਨਾ 1 ਦਾ ਬਾਕੀ

ਕਮਲ ਕੌਮਾਂਤਰੀ ਵਿਕਾਸ ਮੰਤਰੀ ਕਰੀਨਾ ਗੋਲਡ ਨਾਲ ਵਿਦੇਸ਼ ਨੀਤੀਆਂ ਨੂੰ ਅੱਗੇ ਵਧਾਉਣ ਵਿੱਚ ਮਦਦ ਕਰੇਗੀ ਜਿਵੇਂ ਕਿ ਕੈਨੇਡਾ ਦੀ ਫੈਮੀਨਿਸਟ ਇੰਟਰਨੈਸ਼ਨਲ ਅਸਿਸਟੈਂਸ ਪਾਲਿਸੀ, ਜਿਸ ਨੂੰ ਦੁਨੀਆ ਤੇ ਸੱਭ ਤੋਂ ਕਮਜ਼ੋਰ ਲੋਕਾਂ ਦੀ ਮਦਦ ਲਈ ਪਿਛਲੀ ਪਾਰਲੀਆਮੈਂਟ ਵਿੱਚ ਵਿਕਸਤ ਕਰਨ ਵਿੱਚ ਉਨ੍ਹਾਂ ਕਾਫੀ ਕੰਮ ਕੀਤਾ ਸੀ। ਇਸ ਮੌਕੇ ਕਮਲ ਨੇ ਆਖਿਆ ਕਿ ਕੌਮਾਂਤਰੀ ਵਿਕਾਸ ਮੰਤਰੀ ਦਾ ਪਾਰਲੀਮਾਨੀ ਸਕੱਤਰ ਚੁਣਿਆ ਜਾਣਾ ਵੱਡੇ ਸਨਮਾਨ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਉਹ ਇਸ ਸਬੰਧ ਵਿੱਚ ਆਪਣਾ ਕੰਮ ਨਿੱਠ ਕੇ ਕਰਦੀ ਰਹੇਗੀ।

# ਅਰਥਚਾਰੇ ਦੀ ਮੱਠੀ ਰਫਤਾਰ ਕਾਰਨ ਵਿਆਜ਼ ਦਰਾਂ ਵਿੱਚ ਵਾਧਾ ਹੋਣ ਦੀ ਕੋਈ ਸੰਭਾਵਨਾ ਨਹੀਂ: ਪੋਲੋਜ਼

...ਪੰਨਾ 1 ਦਾ ਬਾਕੀ

ਅਸਥਿਰਤਾ ਕਾਰਨ ਕੰਪਨੀਆਂ ਨੂੰ ਆਪਣੀਆਂ ਨਿਵੇਸ਼ ਯੋਜਨਾਵਾਂ ਵਿੱਚ ਕਟੌਤੀ ਕਰਨੀ ਪੈ ਰਹੀ ਹੈ ਤੇ ਇਸ ਦਾ ਸਾਫ ਮਤਲਬ ਹੈ- ਭਵਿੱਖ ਵਿੱਚ ਘੱਟ ਆਰਥਿਕ ਵਿਕਾਸ। ਪੋਲੋਜ਼ ਨੇ ਵੀਰਵਾਰ ਨੂੰ ਇੱਕ ਡਿਸਕਸ਼ਨ ਪੇਪਰ ਵੀ ਜਾਰੀ ਕੀਤਾ ਤੇ ਆਖਿਆ ਕਿ ਆਰਟੀਫਿਸ਼ਲ ਇੰਟੈਲੀਜੈਂਸ ਤੇ ਫੋਰਥ ਇੰਡਸਟਰੀਅਲ ਰੈਵੋਲਿਊਸ਼ਨ ਭਵਿੱਖ ਵਿੱਚ ਉਤਪਾਦਕਤਾ ਵਿੱਚ ਵਾਧਾ ਕਰ ਸਕਦਾ ਹੈ ਪਰ ਇਹ ਮੁਨਾਫਾ ਹਾਲ ਦੀ ਘੜੀ ਅਰਥਚਾਰੇ ਵਿੱਚ ਨਜ਼ਰ ਨਹੀਂ ਆਉਣ ਲੱਗਿਆ। ਜ਼ਿਕਰਯੋਗ ਹੈ ਕਿ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਪਿਛਲੇ ਹਫਤੇ 1.75 ਫੀ ਸਦੀ ਰੱਖੀਆਂ ਗਈਆਂ ਸਨ ਤੇ ਪਿਛਲੇ ਇੱਕ ਤੋਂ ਵੀ ਵੱਧ ਸਾਲ ਤੋਂ ਇਹ ਇੱਥੇ ਹੀ ਟਿਕੀਆਂ ਹੋਈਆਂ ਹਨ।

# ਕੈਬਨਿਟ ਸਬ ਕਮੇਟੀ ਵੱਲੋਂ ਅਵਾਰਾ ਪਸ਼ੂਆਂ ਦੇ ਖਤਰੇ ਨਾਲ ਨਜਿੱਠਣ ਲਈ ਸਾਰੇ ਵਿਭਾਗਾਂ ਵੱਲੋਂ ਸਾਂਝੀ ਕਾਰਵਾਈ ਕਰਨ ਦਾ ਸੱਦਾ

ਚੰਡੀਗੜ੍ਹ, 12 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ 4 ਸੀਨੀਅਰ ਮੰਤਰੀਆਂ ਦੀ ਸ਼ਮੂਲੀਅਤ ਵਾਲੀ ਕੈਬਨਿਟ ਸਬ-ਕਮੇਟੀ ਨੇ ਅੱਜ ਸੂਬੇ ਵਿੱਚ ਅਵਾਰਾ ਪਸ਼ੂਆਂ ਨਾਲ ਪੈਦਾ ਹੋਏ ਗੰਭੀਰ ਸਮਾਜਿਕ-ਆਰਥਿਕ ਖਤਰੇ ਨੂੰ ਠੱਲ ਪਾਉਣ ਲਈ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਵੱਲੋਂ ਸਾਂਝੀ ਕਾਰਵਾਈ ਕਰਨ ਦਾ ਸੱਦਾ ਦਿੱਤਾ। ਕੈਬਨਿਟ ਸਬ ਕਮੇਟੀ ਦੀ ਇਹ ਪਹਿਲੀ ਮੀਟਿੰਗ ਸੀ ਜਿਸ ਦੀ ਪ੍ਰਧਾਨਗੀ ਸ੍ਰੀ ਬ੍ਰਹਮ ਮਹਿੰਦਰਾ ਨੇ ਕੀਤੀ। ਇਸ ਕਮੇਟੀ ਵਿੱਚ ਸਥਾਨਕ ਸਰਕਾਰਾਂ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ, ਪਸ਼ੂ ਪਾਲਣ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ, ਸਿੱਖਿਆ ਮੰਤਰੀ ਸ੍ਰੀ ਵਿਜੇ ਇੰਦਰ ਸਿੰਗਲਾ ਸ਼ਾਮਲ ਹਨ।

ਸਥਾਨਕ ਸਰਕਾਰਾਂ ਵਿਭਾਗ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸ੍ਰੀ ਬ੍ਰਹਮ ਮਹਿੰਦਰਾ ਨੇ ਪਸ਼ੂ ਪਾਲਣ ਵਿਭਾਗ ਦੇ ਸਕੱਤਰ ਨੂੰ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਦੂਜੇ ਸੂਬਿਆਂ ਵੱਲੋਂ ਅਪਣਾਈਆ ਵਿਉਂਤਾ ਦਾ ਅਧਿਐਨ ਕਰਨ ਅਤੇ ਕੈਬਨਿਟ ਸਬ ਕਮੇਟੀ ਕੋਲ ਵਿਚਾਰ ਲਈ ਕੋਈ ਢੁੱਕਵਾਂ ਹੱਲ ਪੇਸ਼ ਕਰਨ ਦੀ ਹਦਾਇਤ ਕੀਤੀ।

ਕੈਬਨਿਟ ਸਬ ਕਮੇਟੀ ਨੇ ਸੂਬੇ ਦੇ ਕਿਸੇ ਵੀ ਖੇਤਰ ਤੋਂ ਅਵਾਰਾ ਪਸ਼ੂਆਂ ਨਾਲ ਸਬੰਧਤ ਕਿਸੇ ਅਣਸੁਖਾਵੀਂ ਘਟਨਾ ਸਾਹਮਣੇ ਆਉਣ 'ਤੇ ਸਥਾਨਕ ਸਰਕਾਰਾਂ ਅਤੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਜਵਾਬਦੇਹ ਬਣਾਉਣ ਦਾ ਫੈਸਲਾ ਕੀਤਾ। ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਕਿ ਜਿਸ ਅਧਿਕਾਰੀ ਦੇ ਅਧਿਕਾਰ ਖੇਤਰ ਵਿੱਚ ਅਜਿਹੀ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਨ ਦਾ ਮਾਮਲਾ ਸਾਹਮਣੇ ਆਇਆ ਤਾਂ ਸਬੰਧਤ ਅਧਿਕਾਰੀ ਨੂੰ ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਉਸ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਕੈਬਨਿਟ ਸਬ ਕਮੇਟੀ ਨੇ ਉਮੀਦ ਜ਼ਾਹਰ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਮੁਖੀ ਅਤੇ ਪਸ਼ੂ ਭਲਾਈ ਸੁਸਾਇਟੀ ਅਤੇ ਡਿਪਟੀ ਕਮਿਸ਼ਨਰਾਂ ਨੂੰ ਜ਼ਮੀਨੀ ਹਕੀਕਤਾਂ ਬਾਰੇ ਬਿਹਤਰ ਜਾਣਕਾਰੀ ਦਿੱਤੀ ਗਈ ਅਤੇ ਅਵਾਰਾ ਪਸ਼ੂਆਂ ਦੇ ਖ਼ਤਰੇ ਨਾਲ ਨਜਿੱਠਣ ਲਈ ਸਥਾਨਕ ਕਾਰਜਕਾਰੀ ਰਣਨੀਤੀ ਤਿਆਰ ਕਰਨ ਦੀ ਸਥਿਤੀ ਵਿਚ ਸਨ।

ਮੀਟਿੰਗ ਦੀ ਸ਼ੁਰੂਆਤ ਵਿੱਚ ਪਸ਼ੂ ਪਾਲਣ ਵਿਭਾਗ ਦੇ ਸਕੱਤਰ ਸ੍ਰੀ ਰਾਜ ਕਮਲ ਚੌਧਰੀ ਨੇ ਕਮੇਟੀ ਨੂੰ ਦੱਸਿਆ ਕਿ ਇਸ ਸਮੇਂ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪਸ਼ੂ ਭਲਾਈ ਸੁਸਾਇਟੀ (ਡੀ.ਏ.ਡਬਲਯੂ.ਐਸ.) ਦੀ ਨਿਗਰਾਨੀ ਹੇਠ ਇੱਕ-ਇੱਕ ਸਰਕਾਰੀ ਗਊਸ਼ਾਲਾ ਚਲਾਈ ਜਾ ਰਹੀ ਗਈ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਇਨ੍ਹਾਂ ਡੀ.ਏ.ਡਬਲਯੂ.ਐਸ. ਦੇ ਮੁਖੀ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਸਰਕਾਰੀ ਤੌਰ 'ਤੇ ਚੱਲ ਰਹੀਆਂ ਗਊਸ਼ਾਲਾਵਾਂ ਵਿੱਚ 11000 ਦੇ ਕਰੀਬ ਅਵਾਰਾ ਪਸ਼ੂ ਹਨ। ਇਸ ਤੋਂ ਇਲਾਵਾ ਐਨ.ਜੀ.ਓਜ਼ ਅਤੇ ਹੋਰ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਅਧੀਨ ਸੂਬੇ ਵਿੱਚ 418 ਨਿੱਜੀ ਗਊਸ਼ਾਲਾਵਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਹਨਾਂ ਨਿੱਜੀ ਗਊਸ਼ਾਲਾਵਾਂ ਵਿੱਚ ਲਗਭਗ 1 ਲੱਖ ਅਵਾਰਾ ਪਸ਼ੂ ਹਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਕੈਬਨਿਟ ਸਬ ਕਮੇਟੀ ਦੀ ਇਹ ਪਹਿਲੀ ਮੀਟਿੰਗ ਹੈ ਅਤੇ ਕਮੇਟੀ ਭਵਿੱਖ ਵਿਚ ਨਿਯਮਤ ਤੌਰ 'ਤੇ ਮੀਟਿੰਗ ਕਰੇਗੀ ਤਾਂ ਜੋ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਪੂਰੀ ਤਰ੍ਹਾਂ ਨਜਿੱਠਣ ਦੇ ਤਰੀਕਿਆਂ ਅਤੇ ਸਾਧਨਾਂ ਦੇ ਸੁਝਾਅ ਦਿੱਤੇ ਜਾ ਸਕਣ।

## ਤੀਜਾ ਮਿਲਟਰੀ ਲਿਟਰੇਚਰ ਫੈਸਟੀਵਲ 2019

# ਕੈਪਟਨ ਅਮਰਿੰਦਰ ਸਿੰਘ ਵਿਚਾਰ ਵਟਾਂਦਰੇ ਦੀ ਅਗਵਾਈ ਅਤੇ ਆਪਣੇ ਤਜ਼ਰਬੇ ਕਰਨਗੇ ਸਾਂਝੇ

ਚੰਡੀਗੜ੍ਹ, 12 ਦਸੰਬਰ (ਪੋਸਟ ਬਿਊਰੋ)- ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਸੋਚ-ਮਿਲਟਰੀ ਲਿਟਰੇਚਰ ਫੈਸਟੀਵਲ (ਐਮ.ਐਲ.ਐਫ.) ਦਾ ਤੀਜਾ ਅਡੀਸ਼ਨ- ਫਿਰ ਤੋਂ ਡਿਫੈਂਸ਼ ਸਬੰਧੀ ਮੁੱਦਿਆਂ ਅਤੇ ਉਨ੍ਹਾਂ ਵਿਆਕਤੀਆਂ ਜਿਹਨਾਂ ਦੀ ਬਹਾਦਰੀ ਅਤੇ ਕੁਰਬਾਨੀ ਨੇ ਇਸ ਸੰਸਾਰ ਨੂੰ ਸਦਭਾਵਨਾ ਨਾਲ ਰਹਿਣ ਲਈ ਢੁਕਵਾਂ ਸਥਾਨ ਬਣਾਇਆ ਹੈ, ਦੇ ਕਿੱਸਿਆਂ ਨਾਲ ਲੋਕਾਂ ਨੂੰ ਰੂਬਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਫੌਜ ਦੇ ਵੱਖ ਵੱਖ ਪਹਿਲੂਆਂ 'ਤੇ ਵਿਚਾਰ ਵਟਾਂਦਰੇ ਦੀ ਅਗਵਾਈ ਕਰਦਿਆਂ ਅਤੇ ਹਥਿਆਰਬੰਦ ਸੈਨਾਵਾਂ ਵਿਚ ਦੇਸ ਦੀ ਸੇਵਾ ਕਰਨ ਸਬੰਧੀ ਆਪਣੇ ਤਜਰਬਿਆਂ ਨੂੰ ਸਾਂਝਾ ਕਰਦਿਆਂ, ਕੈਪਟਨ ਅਮਰਿੰਦਰ ਸਿੰਘ ਇਸ ਮੇਲੇ ਦੌਰਾਨ ਯੁੱਧ ਦੇ ਮੈਦਾਨ ਅਤੇ ਸਾਹਿਤਕ ਖੇਤਰ ਵਿਚੋਂ ਸਭ ਤੋਂ ਮਾਹਿਰ ਵਿਅਕਤੀਆਂ ਨੂੰ ਰੂਬਰੂ ਕਰਵਾ ਰਹੇ ਹਨ।

ਚੰਡੀਗੜ੍ਹ ਦੇ ਲੇਕ ਕਲੱਬ ਵਿਖੇ 13 ਦਸੰਬਰ ਤੋਂ 15 ਦਸੰਬਰ ਤੱਕ ਤਿੰਨ ਦਿਨ ਚੱਲਣ ਵਾਲੇ ਇਸ ਮਿਲਟਰੀ ਲਿਟਰੇਚਰ ਫੈਸਟੀਵਲ ਦਾ ਉਦਘਾਟਨ ਪੰਜਾਬ ਦੇ ਰਾਜਪਾਲ ਸ੍ਰੀ ਵੀ.ਪੀ. ਬਦਨੌਰ ਕਰਨਗੇ। ਉਹਨਾਂ ਨਾਲ ਉੱਘੇ ਸਾਹਿਤਕਾਰ ਸਰ ਮਾਰਕ ਟੂਲੀ, ਇਤਿਹਾਸਕਾਰ ਪੁਸ਼ਪੇਸ ਪੰਤ, ਰੈਮਨ ਮੈਗਸੇਸੇ ਐਵਾਰਡੀ ਰਵੀਸ ਕੁਮਾਰ, ਬਹਾਦਰੀ ਪੁਰਸਕਾਰ ਜੇਤੂ ਅਤੇ ਰੱਖਿਆ ਮਾਹਰ ਇਸ ਫੈਸਟ ਵਿੱਚ ਮੌਜੂਦ ਹੋਣਗੇ ਅਤੇ ਹਾਜਰੀ ਲਗਾਉਣ ਵਾਲੇ ਸੈਲਾਨੀਆਂ ਨੂੰ ਵੱਖ-ਵੱਖ ਮੁੱਦਿਆਂ 'ਤੇ ਕੇਂਦ੍ਰਤ ਸੈਸਨਾਂ ਦੇ ਸਮੂਹਾਂ ਵਿਚ ਸਾਮਲ ਕੀਤਾ ਜਾਵੇਗਾ।

***ਪੰਜਾਬ ਦੇ ਗਵਰਨਰ ਕੱਲ ਨੂੰ ਕਰਨਗੇ ਮਿਲਟਰੀ ਲਿਟਰੇਚਰ ਫੈਸਟੀਵਲ ਦਾ ਉਦਘਾਟਨ**

13 ਦਸੰਬਰ ਤੋਂ 15 ਦਸੰਬਰ ਤੱਕ ਆਯੋਜਿਤ ਹੋਣ ਵਾਲੇ ਇਸ ਫੈਸਟ ਦੌਰਾਨ ਸੈਨਿਕ ਇਤਿਹਾਸ ਤੋਂ ਲੈ ਕੇ ਯੁੱਧਾਂ ਅਤੇ ਮੌਜੂਦਾ ਸਾਈਬਰ ਸੁਰੱਖਿਆ ਮਾਮਲਿਆਂ ਤੱਕ ਦੇ ਵਿਸਿਆਂ 'ਤੇ ਪੈਨਲ ਚਰਚਾ ਕਰਵਾਈ ਜਾਵੇਗੀ। ਇਸ ਦੌਰਾਨ ਸੰਵਾਦ ਸੈਸ਼ਨ ਵਿੱਚ ਬਹਾਦਰੀ ਪੁਰਸਕਾਰ ਜੇਤੂਆਂ ਵੱਲੋਂ ਲੜਾਈ ਦੇ ਮੈਦਾਨ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ ਜਾਣਗੀਆਂ। ਇਹਨਾਂ ਤਿੰਨ ਦਿਨਾਂ ਦੌਰਾਨ ਹਥਿਆਰਬੰਦ ਸੈਨਾਵਾਂ ਦਾ ਹਿੱਸਾ ਬਣਨ 'ਤੇ ਜੋਸ਼ ... ਜਜਬਾ ਅਤੇ ਜਨੂੰਨ ... 'ਤੇ ਅਧਾਰਿਤ ਵਿਸੇਸ ਆਡੀਓ ਵਿਜੁਅਲ ਸੋਅ ਕਲੈਰੀਅਨ ਕਾਲ ਥੀਏਟਰ ਆਯੋਜਿਤ ਕਰਵਾਏ ਜਾਣਗੇ।

13 ਦਸੰਬਰ ਨੂੰ ਸਥਾਨ-ਏ ਵਿਖੇ (ਸਿਪਾਹੀ ਈਸਰ ਸਿੰਘ ਵੀਰ ਚੱਕਰ 28 ਪੰਜਾਬੀ/2 ਸਿੱਖ) ਵਿਖੇ 'ਹਲਦੀਘਾਟੀ ਦੀ ਲੜਾਈ ਦਾ ਵਿਜੇਤਾ ਕੌਣ ਸੀ' ਵਿਸ਼ੇ 'ਤੇ ਪਹਿਲੀ ਵਿਚਾਰ-ਚਰਚਾ ਕਰਵਾਈ ਜਾਵੇਗੀ। ਵਿਚਾਰ-ਵਟਾਂਦਰੇ ਦੇ ਮੁੱਖ ਮਹਿਮਾਨ ਪੰਜਾਬ ਦੇ ਰਾਜਪਾਲ ਸ੍ਰੀ ਵੀ.ਪੀ. ਸਿੰਘ ਬਦਨੌਰ ਅਤੇ ਇਰਫਾਨ ਹਬੀਬ ਹੋਣਗੇ, ਜਦੋਂਕਿ ਲੈਫਟੀਨੈਂਟ ਜਨਰਲ ਭੁਪਿੰਦਰ ਸਿੰਘ ਸੰਚਾਲਕ ਹੋਣਗੇ। ਇਸ ਤੋਂ ਬਾਅਦ ਮੇਕ ਇਨ ਇੰਡੀਆ ਅਤੇ ਰਾਸਟਰ ਦੀ ਸੁਰੱਖਿਆ ਬਾਰੇ ਸੈਸਨ ਹੋਵੇਗਾ ਜਿਸ ਵਿਚ ਰਾਹੁਲ ਬੇਦੀ ਸੰਚਾਲਕ ਹੋਣਗੇ ਅਤੇ ਪੈਨਲਿਸਟ ਅਮਿਤ ਕੌਸੀਸ, ਰਾਜੀਵ ਚੰਦਰਸੇਖਰ ਐਮ.ਪੀ., ਡਾ: ਵਿਵੇਕ ਲਾਲ, ਲੈਫਟੀਨੈਂਟ ਜਨਰਲ ਅਰੁਣ ਸਾਹਨੀ ਅਤੇ ਜਨਰਲ .ਵੀਪੀ. ਮਲਿਕ ਵਿਚਾਰ ਵਟਾਂਦਰੇ ਕਰਨਗੇ।

"ਡਿਡ ਦਾ ਵੈਟਲ ਆਫ ਕੋਹੀਮਾ ਸੇਵ ਇੰਡੀਆ" ਵਿਸ਼ੇ 'ਤੇ ਪੈਨਲ ਵਿਚਾਰ-ਵਟਾਂਦਰੇ ਲਈ ਸੰਚਾਲਕ ਐਸ.ਕਿਊ.ਐਨ ਐਲ.ਡੀ.ਆਰ. ਰਾਣਾ ਛੀਨਾ ਹੋਣਗੇ, ਜਦੋਂਕਿ ਪੈਨਲਿਸਟਾਂ ਵਿੱਚ ਕਰਨਲ ਡਾ ਰਾਬਰਟ ਲਿਮੈਨ, ਲੈਫਟੀਨੈਂਟ ਜਨਰਲ ਜੇ.ਐਸ. ਬਾਜਵਾ, ਯੈੱਫਬਾ ਮੀਟਾਈ ਕਾਂਗਜਮ ਅਤੇ ਬ੍ਰਿਗੇਡ ਐਲਨ ਮੱਲਿਨਸਨ ਸਾਮਲ ਹੋਣਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.





















# ਬਧਿਕੁ ਉਧਾਰਿਓ ਖਮਿ ਪ੍ਰਹਾਰ।। ਕੁਬਿਜਾ, ਉਧਰੀ, ਅੰਗੁਸਟ ਧਾਰ।।

ਰਾਗੁ ਬਸੰਤੁ ਮਹਲਾ ੫॥ (ਪੰਨਾ ੧੧੯੨)

ਅਰਥ:- ਕ੍ਰਿਸ਼ਨ ਭਗਵਾਨ ਦੇ ਚਰਨਾਂ ਵਿਚ ਪਦਮ ਲਿਸ਼ਕਦਾ ਦੇਖ ਕੇ ਬਧਿਕ=ਸ਼ਿਕਾਰੀ ਨੇ ਮਿਰਗ ਦੀਆਂ ਅੱਖਾਂ ਸਮਝ ਕੇ ਬਾਣ ਮਾਰਿਆ। ਉਹ ਬਾਣ ਕ੍ਰਿਸ਼ਨ ਭਗਵਾਨ ਦੇ ਚਰਨਾਂ ਵਿਚ ਲਗਿਆ, ਸ਼ਿਕਾਰੀ ਨੇ ਜਦ ਦੇਖਿਆ ਕਿ ਕ੍ਰਿਸ਼ਨ ਜੀ ਦੇ ਬਾਣ ਲੱਗ ਗਿਆ ਤਾਂ ਜ਼ਾਰੋ ਜ਼ਾਰ ਰੋਣ ਲੱਗਾ। ਕ੍ਰਿਸ਼ਨ ਜੀ ਨੇ ਉਸਨੂੰ ਕਿਹਾ ਤੇਰਾ ਕੋਈ ਕਸੂਰ ਨਹੀਂ ਹੈ। ਇਹ ਤਾਂ ਅਸੀਂ ਦੁਰਵਾਸ਼ਾ ਗੁਰੂ ਜੀ ਦਾ ਬਚਨ ਪੂਰਾ ਕਰਨ ਲਈ ਤੇਰੇ ਪਾਸੋਂ ਐਸਾ ਕਰਾਇਆ ਹੈ ਕਿਉਂਕਿ ਦੁਰਵਾਸਾ ਜੀ ਨੇ ਕ੍ਰਿਸ਼ਨ ਭਗਵਾਨ ਦੇ ਪੁਤ੍ਰ ਅਤੇ ਹੋਰ ਯਾਦਵਾਂ ਦੇ ਲੜਕਿਆਂ ਨੂੰ ਸਰਾਪ ਦਿਤਾ ਸੀ, ਜਦੋਂ ਰਿਖੀ ਜੀ ਬਣ ਵਿਖੇ ਤਪ ਕਰਦੇ ਸੀ ਤਾਂ ਉਥੇ ਲੜਕਿਆਂ ਨੇ ਕ੍ਰਿਸ਼ਨ ਜੀ ਦੇ ਪੁਤ੍ਰ ਜੋ ਜਾਮਵੰਤੀ ਰਾਣੀ ਤੋਂ ਜਨਮਿਆ ਸੀ, ਉਸ ਦੇ ਪੇਟ ਉਤੇ ਤੱਸਲਾ ਬੰਨ੍ਹ ਕੇ ਲੜਕੀਆਂ ਵਾਲੇ ਕੱਪੜੇ ਪਾ ਕੇ ਦੁਰਵਾਸ਼ਾ ਜੀ ਨੂੰ ਪੁੱਛਦੇ ਹਨ, ਇਸਤੋਂ ਕੀ ਪੈਦਾ ਹੋਵੇਗਾ, ਰਿਖੀ ਜੀ ਨਾ ਬੋਲੇ ਜਦੋਂ ਮੁੜ ਮੁੜ ਕੇ ਉਹੀ ਸਵਾਲ ਕਰੀ ਗਏ ਜ਼ਿਦ ਕਰਕੇ ਤਾਂ ਦੁਰਬਾਸ਼ਾ ਜੀ ਨੇ ਕਿਹਾ ਉਹ ਪੈਦਾ ਹੋਵੇਗਾ ਜੋ ਤੁਹਾਡੀ ਕੁਲ ਦਾ ਨਾਸ ਕਰੇਗਾ। ਸਰਾਪ ਵਾਲੀ ਗੱਲ ਸੁਣਕੇ ਮੁੰਡੇ ਡਰ ਗਏ ਅਤੇ ਆਕੇ ਕ੍ਰਿਸ਼ਨ ਜੀ ਨੂੰ ਸਾਰੀ ਗੱਲ ਦੱਸੀ ਤਾਂ ਕ੍ਰਿਸ਼ਨ ਜੀ ਨੇ ਕਿਹਾ ਤੁਸੀਂ ਬਹੁਤ ਮਾੜਾ ਕੰਮ ਕੀਤਾ ਹੈ। ਹੁਣ ਰਿਖੀ ਜੀ ਦਾ ਦਿਤਾ ਸਰਾਪ ਅਵੱਸ਼ ਭੋਗਣਾ ਪਊਗਾ ਤਾਂ ਯਾਦਵਾਂ ਨੇ ਉਸ ਬਾਟੇ ਨੂੰ=ਤਸਲੇ ਨੂੰ ਰੇਤੀ ਦੇ ਨਾਲ ਰੇਤਕੇ ਜਲ ਪ੍ਰਵਾਹ ਕਰ ਦਿਤਾ। ਬਾਕੀ ਜਿਹੜਾ ਛੋਟਾ ਜਿਹਾ ਫਾਲਾ ਬਚਿਆ ਉਹ ਰੇਤੀ ਨਾਲ ਰੇਤਣ ਤੋਂ ਬਚ ਗਿਆ ਉਹ ਜਮਨਾ ਨਦੀ ਵਿਚ ਸੁੱਟ ਦਿਤਾ। ਉਸ ਫਾਲੇ ਨੂੰ ਮੱਛੀ ਨੇ ਨਿਗਲ ਲਿਆ। ਉਸ ਮੱਛੀ ਨੂੰ ਸ਼ਿਕਾਰੀ ਨੇ ਜਾਲ ਵਿਚ ਫਸਾਕੇ ਘਰ ਲਿਆਂਦਾ, ਜਦ ਦੋ ਫਾੜ ਕੀਤੀ ਤਾਂ ਵਿਚੋਂ ਉਹ ਫਾਲਾ ਨਿਕਲਿਆ। ਉਸ ਫਾਲੇ ਨੂੰ ਚੰਗਾ ਸਮਝਕੇ ਉਸਨੂੰ ਬਾਣ ਦੇ ਅੱਗੇ ਲਗਾ ਲਿਆ। ਉਧਰ ਪਰਮਾਤਮਾ ਦੀ ਐਸੀ ਕੁਦਰਤ ਵਰਤ ਗਈ ਕਿ ਉਸ ਰੇਤੇ ਹੋਏ ਤੱਸਲੇ ਤੋਂ ਵਿਭਾਸ ਛੇਤਰ ਵਿਚ ਇਕ ਖਾਸ ਕਿਸਮ ਦੀ ਦੱਬ ਪੈਦਾ ਹੋਈ। ਜਿਸ ਦੇ ਪਤਰੇ ਲੰਮੇ ਅਤੇ ਤਲਵਾਰ ਜੈਸੇ ਤਿੱਖੇ ਸਨ ਅਤੇ ਸਾਰੇ ਯਾਦਵ ਇਕੱਠੇ ਹੋਕੇ ਪਸ਼ਚਾਤਾਪ ਕਰਨ ਤੋਂ ਬਾਦ ਖੁਸ਼ੀ ਮਨਾਉਣ ਲੱਗੇ ਕੇ ਉਹ ਤੱਸਲਾ ਰੇਤ ਕੇ ਖੰਡਾ ਦਿਤਾ ਹੈ। ਜ਼ੱਰਰਾ ਜ਼ੱਰਰਾ ਕਰਕੇ, ਹੁਣ ਸਾਡੀ ਕੁਲ ਦਾ ਨਾਸ ਨਹੀਂ ਹੋਵੇਗਾ ਬਚ ਗਈ ਹੈ ਯਾਦਵਾਂ ਦੀ ਬੰਸ ਖੁਸ਼ੀਆਂ ਮਨਾਂਦੇ ਹਨ। ਸ਼ਰਾਬ ਪੀ ਕੇ ਜੂਆ ਖੇਡਦੇ ਹਨ। ਸ਼ਰਾਬ ਦੇ ਨਸ਼ੇ ਵਿਚ ਕਿਸੇ ਗੱਲ ਤੋਂ ਤੂੰ ਤੂੰ ਮੈਂ ਮੈਂ ਹੋ ਗਈ। ਖੂਬ ਲੜਾਈ ਹੋ ਗਈ। ਹੱਥੋਪਾਈ ਹੋ ਗਏ। ਘਸੁੰਨ ਮੁਕੀਆਂ ਚਲੀਆਂ ਅਖੀਰ ਉਹ ਖਾਸ ਕਿਸਮ ਦੀ ਦੱਬ ਦੇ ਤਿਖੇ ਤਲਵਾਰਾਂ ਜੈਸੇ ਪੱਤੇ ਤੋੜਕੇ ਇਕ ਦੂਜੇ ਨੂੰ ਮਾਰਨ ਲੱਗੇ, ਦੁਰਬਾਸ਼ਾ ਜੀ ਦਾ ਬਚਨ ਪੂਰਾ ਹੋ ਗਿਆ। ਸਾਰੀ ਯਾਦਵਾਂ ਦੀ ਕੌਮ ਮਰ ਗਈ। ਸਾਧੂ ਗੁਰੂ ਜੀ ਦਾ ਬਚਨ ਪੂਰਾ ਹੋਇਆ।

*ਤਥਾ= ਨਿਸਿ ਬਾਸੁਰ ਨਖਿਅਤ੍ਰ*
*ਬਿਨਾਸੀ ਰਵਿ ਸਮੀਅਰ ਬੇਨਾਧਾ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ॥੧॥*
*(ਪੰਨਾ ੧੨੦੪)*

ਅਰਥ:- ਨਿਸਿ=ਰਾਤ, ਬਾਸੁਰ=ਦਿਨ, ਨਖਿਅਤ੍ਰ=ਤਾਰੇ, ਸਭ ਬਿਨਸ ਜਾਣ। ਗਿਰ=ਪਹਾੜ, ਬਸੁਧਾ=ਧਰਤੀ, ਜਲ ਅਤੇ ਪੌਣ ਆਦਿਕ ਚਲੇ ਜਾਣ ਭਾਵ ਮਹਾਂ ਪਰਲੋ ਹੋ ਜਾਵੇ ਪਰ ਸਾਧ ਬਚਨ ਅਟਲਾਧਾ ਹੈ।

ਭਾਵ= ਦਿਨ ਤੇ ਰਾਤ ਦਾ ਅੰਤ ਹੋ ਜਾਵੇ। ਸੂਰਜ ਚੰਦ੍ਰਮਾ ਅਲੋਪ ਹੋ ਜਾਣ। ਧਰਤੀ ਅਤੇ ਪਹਾੜ ਆਦਿਕ ਦਾ ਅਭਾਵ ਹੋ ਜਾਵੇ ਤਾਂ ਮਹਾਂ ਪਰਲੋ ਹੁੰਦੀ ਹੈ। ਸਤਿਗੁਰੂ ਜੀ ਕਹਿੰਦੇ ਹਨ ਸਾਧੂ ਦਾ ਬਚਨ ਅਟੱਲ ਰਹਿੰਦਾ ਹੈ। ਜਦੋਂ ਸਾਰੇ ਯਾਦਵ ਮਰ ਗਏ। ਇਕ ਕ੍ਰਿਸ਼ਨ ਜੀ ਬਚੇ ਸਨ। ਉਹ ਫਿਰ ਜੰਗਲ ਵਿਚ ਆ ਕੇ ਗੋਡੇ ਉਤੇ ਪੈਰ ਪਸਾਰ ਕੇ ਬਿਰਾਜਮਾਨ ਹੋ ਗਏ। ਆਪ ਦੇ ਸੱਜੇ ਪੈਰ ਵਿਚ ਪਦਮ ਸੀ, ਉਹ ਧੁੱਪ ਦੇ ਲਿਸ਼ਕਾਰੇ ਨਾਲ ਬੜਾ ਚਮਕਦਾ ਸੀ। ਉਸ ਚਮਕ ਨੂੰ ਦੂਰੋਂ ਵੇਖ ਕੇ ਸ਼ਿਕਾਰੀ ਨੇ ਸਮਝਿਆ ਕਿ ਇਹ ਹਿਰਨ ਦੀ ਅੱਖ ਹੈ। ਉਸ ਨੇ ਖਿੱਚ ਕੇ ਨਿਸ਼ਾਨਾ ਰੱਖ ਕੇ ਤੀਰ ਮਾਰ ਦਿਤਾ। ਤੀਰ ਕ੍ਰਿਸ਼ਨ ਜੀ ਦੇ ਪਵਿਤ੍ਰ ਚਰਨ ਵਿਚ ਵੱਜਾ, ਤਾਂ ਮਿਰਗ ਨੂੰ ਫੜਨ ਲਈ ਆਇਆ ਤਾਂ ਸ੍ਰੀ ਕ੍ਰਿਸ਼ਨ ਜੀ ਨੂੰ ਬਾਣ ਵਜਾ ਵੇਖ ਕੇ ਰੋਣ ਲੱਗਾ। ਉਸਨੂੰ ਰੋਂਦਾ ਵੇਖਕੇ ਕ੍ਰਿਸ਼ਨ ਜੀ ਨੇ ਕਿਹਾ, ਰੋਂਦਾ ਕਿਉਂ ਹੈਂ, ਇਹ ਹੋਣਹਾਰ ਹੀ ਐਸੀ ਹੈ। ਪਿਛਲੇ ਯੁਗ ਵਿਚ ਅਸਾਂ ਨੇ ਰਾਮਚੰਦਰ ਰੂਪ ਹੋ ਕੇ ਤੈਨੂੰ ਬਾਲੀ ਨੂੰ ਲੁਕ ਕੇ ਬਾਣ ਮਾਰਿਆ ਸੀ, ਉਸਦਾ ਬਦਲਾ ਤੈਂ ਲੈਣਾ ਸੀ, ਉਹ ਇਸ ਜਨਮ ਵਿਚ ਤੈਂ ਬੱਧਕ=ਸ਼ਿਕਾਰੀ ਬਣਕੇ ਲੈ ਲਿਆ ਹੈ, ਤੂੰ ਕੋਈ ਅਫਸੋਸ ਨਾ ਕਰ।

ਕਰਨੈਲ ਸਿੰਘ
ਟੋਰਾਂਟੋ
416-746-7642

ਨੋਟ:- ਜਿਹੜਾ ਰੇਤੀ ਤੋਂ ਫਾਲਾ ਬਚਿਆ ਸੀ, ਉਹੀ ਤੀਰ ਤੇ ਮੂਹਰੇ ਲਗਾ ਸੀ। ਆਪ ਹੀ ਭਾਣਾ ਵਰਤਾਕੇ ਆਪਣੇ ਗੁਰੂ ਦੁਰਬਾਸ਼ਾ ਸਾਧੂ ਦਾ ਬਚਨ ਪੂਰਾ ਕੀਤਾ। ਕਿਉਂਕਿ ਪੂਰੀ ਕੁਲ ਦਾ ਨਾਸ ਤਾਂ ਹੀ ਹੋਇਆ ਜਦ ਉਸੇ ਫਾਲੇ ਨੂੰ ਕ੍ਰਿਸ਼ਨ ਜੀ ਦੇ ਪੈਰ ਵਿਚ ਮਾਰਿਆ। ਤਾਂਹੀ ਲੁਕਕੇ ਜੰਗਲ ਵਿਚ ਭਗਵਾਨ ਪਏ ਸਨ। ਸਾਮ੍ਹਣੇ ਖੜ੍ਹਕੇ ਸ਼ਿਕਾਰੀ ਨੇ ਤੀਰ ਮਾਰਨਾ ਨਹੀਂ ਸੀ।

*ਯਥ= ਜਾਇ ਸੁਤਾ ਪਰਭਾਸ ਵਿਚਿ,*
*ਗੋਡੇ ਉਤੇ ਪੈਰ ਪਸਾਰੇ।*
*ਚਰਣ ਕਮਲ ਵਿਚਿ ਪਦਮ ਹੈ,*
*ਝਿਲਮਿਲ ਝਲਕੇ ਵਾਂਗੀ ਤਾਰੇ।*
*ਬਧੁਕ ਆਇਆ ਭਾਲਦਾ, ਮਿਰਗੈ*
*ਜਾਣਿ ਬਾਣੁ ਲੈ ਮਾਰੇ।*
*ਦਰਸਨ ਡਿਠੋਸੁ ਜਾਇਕੈ, ਕਰਣ*
*ਪਲਾਵ ਕਰੇ ਪੁਕਾਰੇ।*
*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ,*
*ਅਵਗੁਣੁ ਕੀਤਾ ਹਰਿ ਨ ਚਿਤਾਰੇ।*
*ਭਾ: ਗੁਰਦਾਸ ਜੀ ਵਾਰ ੧੦-੨੩*

ਨੋਟ:- ਅੱਜ ਕੱਲ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਿਚ ਪਰਚਾਰ ਹੀ ਸੰਤ ਵਾਦ, ਡੇਰਾਵਾਦ, ਸੰਤ ਪਾਖੰਡੀ ਵਗੈਰਾ ਕਰਦੇ ਹਨ। ਆਉ ਆਪਾਂ ਸਤਿਗੁਰਾਂ ਨੂੰ ਪੁੱਛਦੇ ਹਾਂ ਕਿ ਅਸੀਂ ਗੁਰਮੁਖਿ ਹਾਂ ਜਾਂ ਕੁਛ ਹੋਰ।

*ਯਥਾ= ਨਾਨਕ ਵੀਚਾਰਹਿ ਸੰਤ ਮੁਨਿ*
*ਜਨਾ ਚਾਰਿ ਵੇਦ ਕਹੰਦੇ॥*
*ਭਗਤ ਮੁਖੈ ਤੇ ਬੋਲਦੇ ਸੇ ਵਚਨ*
*ਹੋਵੰਦੇ॥*
*ਪਰਗਟ ਪਾਹਰੈ ਜਾਪਦੇ ਸਭਿ ਲੋਕ*
*ਸੁਣੰਦੇ॥*
*ਸੁਖੁ ਨ ਪਾਇਨਿ ਮੁਗਧ ਨਰ ਸੰਤ*
*ਨਾਲਿ ਖਹੰਦੇ॥*
*ਓਇ ਲੋਚਨਿ ਓਨਾ ਗੁਣਾ ਨੋ ਓਇ*
*ਅਹੰਕਰਿ ਸੜੰਦੇ॥*
*ਓਇ ਵੇਚਾਰੇ ਕਿਆ ਕਰਹਿ ਜਾਂ ਭਾਗ*
*ਧੁਰਿ ਮੰਦੇ॥*
*ਜੋ ਮਾਰੇ ਤਿਨਿ ਪਾਰਬ੍ਰਹਮ ਸੇ ਕਿਸੈ*
*ਨ ਸੰਦੇ॥*
*ਵੈਰੁ ਕਰਨਿ ਨਿਰਵੈਰ ਨਾਲਿ ਧਰਮ*
*ਨਿਆਇ ਪਚੰਦੇ॥*
*ਜੋ ਜੋ ਸੰਤਿ ਸਰਾਪਿਆ ਸੇ ਫਿਰਹਿ*
*ਭਵੰਦੇ॥*
*ਪੇਡੁ ਮੁੰਢਾਹੂ ਕਟਿਆ ਤਿਸੁ ਡਾਲ*
*ਸੁਕੰਦੇ॥ ਗਉੜੀ ਕੀ ਵਾਰ*
*(ਪੰਨਾ ੩੧੬)*
*ਨਾਮਦੇਵ ਜੀ*
*ਤਥਾ- ਦੁਰਬਾਸਾ ਸਿਉ ਕਰਤ*
*ਠਗਉਰੀ ਜਾਦਵ ਏ ਫਲ ਪਾਏ॥*
*(ਪੰਨਾ ੬੯੩)*
*ਮਾਰੂ ਮਹਲਾ ੯॥*
*ਹਰਿ ਕੋ ਨਾਮੁ ਸਦਾ ਸੁਖਦਾਈ॥*
*ਜਾਕਉ ਸਿਮਰਿ ਅਜਾ ਮਲੁ ਉਧਰਿਓ*
*ਗਨਕਾ ਹੂ ਗਤਿ ਪਾਈ॥੧੫*
*ਰਹਾਉ॥*

ਅਰਥ:- ਜਿਸ ਦੇ ਨਾਮ ਨੂੰ ਸਿਮਰ ਕੇ ਅਜਾ ਮਲ ਪਾਪੀ ਤਰ ਗਿਆ ਹੈ, ਗਨਕਾ ਵੇਸ਼ਵਾ ਨੇ ਨਾਮ ਸਿਮਰ ਕੇ ਗਤਿ=ਮੁਕਤੀ ਪਾਈ ਹੈ॥੧॥ ਰਹਾਉ॥

੨. ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥੧॥

ਅਰਥ:- ਪੰਚਾਲੀ ਪੰਜਾਂ ਪਾਂਡਵਾਂ ਦੀ ਇਸਤ੍ਰੀ ਦ੍ਰੋਪਦੀ ਨੂੰ ਰਾਜੇ ਦੁਰਯੋਧਨ ਦੀ ਸਭਾ ਵਿਚ ਦੁੱਖਾਂ ਦੀ ਘੜੀ ਸਮੇਂ ਰਾਮ ਦਾ ਨਾਮ ਸਿਮਰਨ ਦੀ ਸੋਝੀ ਆਈ। ਕਰੁਣਾ ਮੈ=ਕਿਰਪਾ ਦੇ ਘਰਿ ਪ੍ਰਭੂ ਨੇ ਉਸ ਦ੍ਰੋਪਤੀ ਦਾ ਦੁੱਖ ਦੂਰ ਕੀਤਾ ਅਤੇ ਆਪਣੀ ਪੈਜ=ਪ੍ਰਤਿਗਯਾ ਵਧਾਈ ਸੀ॥੧੫॥

*ਜਿਹ ਨਰ ਜਸੁ ਕਿਰਪਾ ਨਿਧਿ*
*ਗਾਇਓ ਤਾ ਕਉ ਭਇਓ ਸਹਾਈ॥*
*ਕਹੁ ਨਾਨਕ ਮੈ ਇਹੀ ਭਰੋਸੈ ਗਹੀ*
*ਆਨਿ ਸਰਨਾਈ॥੨॥੧॥*
*(ਪੰਨਾ ੧੦੦੮)*

ਅਰਥ:- ਜਿਸ ਮਨੁੱਖ ਨੇ ਕਿਰਪਾ ਨਿਧਿ=ਪਰਮਾਤਮਾ ਦਾ ਜਸ ਗਾਇਆ ਹੈ। ਉਸ ਦਾ ਪਰਮਾਤਮਾ ਸਹਾਈ ਹੋਇਆ ਹੈ।

ਗੁਰੂ ਤੇਗ ਬਹਾਦਰ ਜੀ ਕਥਨ ਕਰਦੇ ਹਨ ਮੈਂ ਵੀ ਏਸੇ ਭਰੋਸੇ ਉਸ ਪ੍ਰਮਾਤਮਾ ਦੀ ਸ਼ਰਨ ਆਇਆ ਹਾਂ।

*ਤਥਾ= ਅੰਦਰਿ ਸਭਾ ਦੁਸਾਸਨੈ*
*ਮਥੇਵਾਲਿ ਦਰੋਪਤੀ ਆਂਦੀ।*
*ਦੂਤਾਂ ਨੂੰ ਫਰਮਾਇਆ ਨੰਗੀ ਕਰਹੁ*
*ਪੰਚਾਲੀ ਬਾਂਦੀ।*
*ਪੰਜੇ ਪਾਂਡੋ ਦੇਖਦੇ ਅਉਘਟਿ ਰੁਧੀ*
*ਨਾਰਿ ਜਿਨਾਂਦੀ।*
*ਅਖੀਂ ਮੀਟ ਧਿਆਨ ਧਰਿ ਹਾਹਾ*
*ਕ੍ਰਿਸ਼ਨ ਕਰੈ ਬਿਲਲਾਂਦੀ।*
*ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ*
*ਪਾਰ ਵਸਾਂਦੀ।*
*ਹਥ ਮਰੋੜਨ ਸਿਰੁ ਧੁਣਨਿ ਪਛੋਤਾਨਿ*
*ਕਰਨਿ ਜਾਹਿ ਜਾਂਦੀ।*
*ਘਰਿ ਆਈ ਠਾਕੁਰ ਮਿਲੇ ਪੈਜ ਰਹੀ*
*ਬੋਲੇ ਸ਼ਰਮਾਂਦੀ।*
*ਨਾਥ ਅਨਾਥਾਂ ਬਾਣਿ ਧੁਰਾਂਦੀ॥ ਵਾਰ*
*੧੦-੮*

*ਭਟ ਸਤਿਗੁਰੂ ਰਾਮ ਦਾਸ*
*ਮਹਾਰਾਜ ਦੀ ਸਿਫਤ ਗਾ ਰਹੇ ਹਨ।*
*ਕਵਲ ਨੈਨ ਮਧੁਰ ਬੈਨੁ ਕੋਟਿ ਸੈਨ*
*ਸੰਗ ਸੋਭ ਕਹਤ ਮਾ ਜਸੋਦ ਜਿਸਹਿ*
*ਦਹੀ ਭਾਤੁ ਖਾਹਿ ਜੀਉ॥*

ਅਰਥ:- ਕੌਲ ਫੁੱਲ ਵਰਗੇ ਜਿਸ ਦੇ ਨੇਤਰ ਹਨ ਅਤੇ ਬੈਨ=ਬਚਨ ਬੜੇ ਮਿੱਠੇ ਹਨ, ਜਿਸ ਦੇ ਨਾਲ ਕਰੋੜਾਂ ਹੀ ਗੁਆਲਿਆਂ ਦੀ ਸੈਨਾਂ ਸੋਭ ਰਹੀ ਹੈ। ਮਾਤਾ ਯਸ਼ੋਧਾ ਜੀ ਕਹਿ ਰਹੇ ਹਨ ਹੇ ਮੇਰੇ ਪਿਆਰੇ ਲਾਲ ਤੁਸੀਂ ਦਹੀਂ ਅਤੇ ਚੌਲ ਖਾਵੋ।

*ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ*
*ਮਗ ਭਈ ਕਿੰਕਨੀ ਸਬਦ ਝਨਤਕਾਰ*
*ਖੇਲੁ ਪਾਹਿ ਜੀਉ॥*

ਅਰਥ:- ਜਿਸ ਸਮੇਂ ਕ੍ਰਿਸ਼ਨ ਭਗਵਾਨ ਖੇਡਦੇ ਸਨ ਕੰਕਨੀ-ਤੜਾਗੀ ਦੇ ਝਨਤਕਰ=ਝੁਣਕਾਰ ਨੂੰ ਸੁਣ ਕੇ ਬੜੇ ਸੋਹਣੇ ਮੁਖੜੇ ਦੇ ਰੂਪ ਨੂੰ ਵੇਖ ਕੇ ਮਾਤਾ ਯਸ਼ੋਧਾ ਮਹਾ ਮੋਹ ਵਿਖੇ ਮਗ ਭਈ ਮਗਨ=ਮਸਤ ਹੋ ਜਾਂਦੀ ਸੀ। ਭੱਟ ਬੇਨਤੀ ਕਰਦੇ ਹਨ-ਹੇ ਸਤਿਗੁਰੂ ਰਾਮ ਦਾਸ ਸਾਹਿਬ ਜੀ ਜਿਸ ਤਰ੍ਹਾਂ ਭਗਵਾਨ ਨੇ ਕ੍ਰਿਸ਼ਨ ਅਵਤਾਰ ਧਾਰਨ ਕੀਤਾ ਸੀ ਉਹੀ ਭਗਵਾਨ ਸਰੂਪ ਆਪ ਹੋ।

*ਕਾਲ ਕਲਮ ਹੁਕਮੁ ਹਾਥਿ ਕਹਹੁ*
*ਕਉਨ ਮੇਟਿ ਸਕੈ ਈਸੁ ਬੰਮ੍ਹ*
*ਗ੍ਯਾਨ ਧ੍ਯਾਨੁ ਧਰਤ ਹੀਐ ਚਾਹਿ*
*ਜੀਉ॥*

ਅਰਥ:- ਈਸੁ ਬੰਮ੍ਹ=ਸ਼ਿਵ ਜੀ ਅਤੇ ਬ੍ਰਹਮਾ ਆਪ ਜੀ ਦੇ ਧਿਆਨ ਨੂੰ ਹਿਰਦੇ ਵਿਖੇ ਧਾਰਦੇ ਹਨ, ਉਹੀ ਸਰੂਪ ਆਪ ਹੋ ਅਤੇ ਕਾਲ ਦੀ ਕਲਮ ਜੀਵਾਂ ਦੇ ਮੱਥੇ 'ਤੇ ਲੇਖ ਲਿਖਣ ਵਾਲੀ ਅਤੇ ਸਾਰੇ ਜੀਵਾਂ ਤੇ ਹੁਕਮ ਵੀ ਆਪ ਜੀ ਦੇ ਹੱਥ ਵਿਚ ਹੈ। ਆਪ ਜੀ ਦੇ ਹੁਕਮ ਨੂੰ ਕੋਈ ਸ਼ਿਵਜੀ, ਬ੍ਰਹਮਾ, ਵੱਡੇ ਦੇਵਤੇ ਵੀ ਮੋੜ ਨਹੀਂ ਸਕਦੇ।

*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ*
*ਸਦਾ ਤੁਹੀ ਵਾਹਿਗੁਰੂ ਵਾਹਿਗੁਰੂ*
*ਵਾਹਿਗੁਰੂ ਵਾਹਿ ਜੀਉ॥੧॥ ਪੰਨਾ*
*੧੪੦੨*

ਅਰਥ:- ਆਪ ਦੇ ਚਰਨਾਂ ਵਿਚ ਲਛਮੀ ਨਿਵਾਸ ਕਰਦੀ ਹੈ, ਆਪ ਤਿੰਨਾਂ ਸਮਿਆਂ ਵਿਚ ਵਾਹਿ ਅਸਚਰਜ ਰੂਪ ਹੋ, ਅਗਿਆਨ ਰੂਪ ਗੁ=ਹਨੇਰੇ ਦਾ ਨਾਸ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹੋ ਅਤੇ ਸਾਰਿਆਂ ਦੇ ਪੂਜਨੀਕ ਹੋ॥੧॥੬੫॥

ਜਿਸ ਤਰ੍ਹਾਂ ਸਤਾਰਾਂ ਭੱਟ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਬੇਨਤੀਆਂ ਕਰਦੇ ਹਨ= ਕਿ ਆਪ ਸਤਿਜੁਗ ਵਿਚ ਪ੍ਰਹਿਲਾਦ ਭਗਤ ਦੀ ਰਖਿਆ ਕੀਤੀ। ਜਿਸ ਵੇਲੇ ਸਤਿਗੁਰੂ ਨਾਨਕ ਦੇਵ ਸਚ ਖੰਡ ਗਏ ਸਨ। ਉਸ ਸਮੇਂ ਪ੍ਰਹਿਲਾਦ ਭਗਤ ਨੂੰ ਮਿਲੇ ਸਨ। ਪ੍ਰਹਿਲਾਦ ਨੇ ਦਰਸ਼ਨ ਕਰਕੇ ਬਹੁਤ ਆਨੰਦ ਪ੍ਰਾਪਤ ਕੀਤਾ ਦੋਨਾਂ ਤਰਫਾਂ ਤੋਂ ਬਚਨ ਬਿਲਾਸ ਹੋਏ। ਪ੍ਰਹਿਲਾਦ ਨੇ ਕਿਹਾ ਸਤਿਗੁਰੂ ਜੀ ਆਪ ਜੀ ਨੇ ਹੀ ਮੇਰੀ ਰਖਿਆ ਕੀਤੀ ਸੀ। ਮੇਰੇ ਪਿਤਾ ਹਰਨਾਖਸ਼ ਨੂੰ ਮਾਰ ਕੇ, ਦਾਸ ਆਪ ਜੀ ਦਾ ਅਤੀ ਰਿਣੀ ਹੈ।

*ਸੁਨ ਪ੍ਰਹਿਲਾਦ ਭਗਤ ਅਸ ਬਾਨੀ*
*ਬੰਧਨ ਕੀਨ ਜੋਰ ਜੁਗ ਬਾਨੀ।*
*ਤਿਹ ਕਾ ਦੇਖ ਪਰੇਮ ਸੁਖ ਧਾਮਾ*
*ਆਪ ਕਰੀ ਤਿਹ ਚਰਨ ਪਰਨਾਮਾ।*
*ਗ.ਪ. ਸੂਰਜ ਗ੍ਰੰਥ*

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਦੋਹਾਂ ਪਾਸਿਆਂ ਤੋਂ ਨਮਸ਼ਕਾਰ ਹੋਈ। ਵਿਦਾਇਗੀ ਸਮੇਂ ਕਿਉਂਕਿ ਗੁਰੂ ਨਾਨਕ ਕਹੋ ਜਾਂ ਨਿਰੰਕਾਰ ਕਹੋ ਜਾਂ ਪਰਮਾਤਮਾ ਉਹ ਆਪਣੇ ਨਾਮੁ ਨੂੰ ਆਪਦੇ ਨਾਲੋਂ ਉਚਾ ਸਮਝਦਾ ਹੈ ਅਤੇ ਨਾਮੁ ਦੇ ਜਪਣ ਵਾਲੇ ਨੂੰ ਵੀ।


*ਊਚੇ ਉਪਰਿ ਊਚਾ ਨਾਉ॥ (ਪੰਨਾ ੫) ਜਪੁਜੀ ਸਾਹਿਬ ਪਉੜੀ ਚਉਵੀ।*
*ਯਥਾ= ਹਰਿ ਨਾਮੁ ਹਮਾਰਾ ਪ੍ਰਭੁ*
*ਅਬਿਗਤੁ ਅਗੋਚਰੁ ਅਬਿਨਾਸੀ*
*ਪੁਰਖੁ ਬਿਧਾਤਾ॥*
*ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ*
*ਹਮ ਪੂਜਹ ਹਰਿ ਨਾਮੇ ਹੀ ਮਨੁ*
*ਰਾਤਾ॥*
*ਹਰਿ ਨਾਮੈ ਜੇਵਡੁ ਕੋਈ ਅਵਰੁ ਨ*
*ਸੂਝੈ ਹਰਿ ਨਾਮੋ ਅੰਤਿ ਛਡਾਤ॥*
*(ਪੰਨਾ ੫੯੨)*

# ਪੰਜਾਬ ਵਿਚ ਨਾਇਕਤਵ ਦਾ ਸੰਕਟ

-ਹਰਵਿੰਦਰ ਭੰਡਾਲ

ਆਪਣੀਆਂ ਸੁਚੇਤ ਸਮਾਜਿਕ ਪ੍ਰਕਿਰਿਆਵਾਂ ਕਾਰਨ ਬੰਦਾ ਇਸ ਗ੍ਰਹਿ ਉੱਤੇ ਰਹਿੰਦੇ ਸਾਰੇ ਪ੍ਰਾਣੀਆਂ ਤੋਂ ਵੱਖਰਾ ਹੈ। ਇੱਕ ਵੱਡੇ ਖਿੱਤੇ ਵਿਚ ਸਹਿ-ਹੋਂਦ ਅਤੇ ਮੁਕਾਬਲਤਨ ਸ਼ਾਂਤੀ ਨਾਲ਼ ਰਹਿਣ ਲਈ ਇਸ ਨੇ ਸਾਂਝੀ ਪਛਾਣ ਦੇ ਸੰਕਲਪ ਪੈਦਾ ਕੀਤੇ ਹਨ। ਸਮਾਜਿਕ-ਸਿਆਸੀ ਆਧਾਰਾਂ ਉੱਤੇ ਸਾਂਝੀ ਪਛਾਣ ਨੇ ਜਾਤੀ, ਧਰਮ, ਵਰਣ, ਰਾਸ਼ਟਰ ਆਦਿ ਦਾ ਵਰਗੀਕਰਨ ਪੈਦਾ ਕੀਤਾ ਹੈ, ਜਦ ਕਿ ਸਾਂਝੀ ਆਰਥਿਕ ਪਛਾਣ ਅਰਥਚਾਰੇ ਵਿਚ ਸਰਗਰਮ ਵੱਖ ਵੱਖ ਜਮਾਤਾਂ ਨਾਲ਼ ਜੁੜਦੀ ਹੈ। ਸਾਂਝੀ ਜ਼ੁਬਾਨ ਆਧਾਰਿਤ ਸਾਂਝੀ ਪਛਾਣ ਨੂੰ ਅੱਜ ਤੱਕ ਸਭ ਤੋਂ ਵਾਜਬ ਪਛਾਣ ਵਜੋਂ ਪੂਰੀ ਦੁਨੀਆ ਵਿਚ ਸਵੀਕਾਰਿਆ ਗਿਆ ਹੈ, ਹਾਲਾਂਕਿ ਮਾਰਕਸਵਾਦੀ ਦ੍ਰਿਸ਼ਟੀ ਜਮਾਤੀ ਵਖਰੇਂਵਿਆਂ ਨੂੰ ਮੂਲ ਮੰਨਦੀ ਹੋਈ ਕੌਮ ਦੇ ਇਸ ਸੰਕਲਪ ਨੂੰ ਭਰਮ-ਮੂਲਕ ਹੀ ਮੰਨਦੀ ਹੈ। ਕਿਸੇ ਵੀ ਸਾਂਝੀ ਪਛਾਣ ਵਾਲ਼ੇ ਲੋਕ ਆਪਣੇ ਲਈ ਮਿੱਥਾਂ ਅਤੇ ਬਿਰਤਾਂਤ ਘੜ ਕੇ ਹੀ ਇਕੱਠੇ ਰਹਿ ਸਕਦੇ ਹਨ ਅਤੇ ਵਿਰੋਧੀਆਂ ਦਾ ਮੁਕਾਬਲਾ ਕਰ ਸਕਦੇ ਹਨ। ਸਾਂਝੇ ਵਿਸ਼ਵਾਸ ਲੰਮੇ ਇਤਿਹਾਸ ਨਾਲ਼ ਸੰਬੰਧਤ ਮਿੱਥਾਂ ਅਤੇ ਬਿਰਤਾਂਤਾਂ ਰਾਹੀਂ ਹੀ ਘੜੇ ਜਾਂਦੇ ਹਨ।

ਸਮਕਾਲੀ ਪੰਜਾਬੀ ਸਾਂਝ ਵੀ ਨਾਥਾਂ, ਜੋਗੀਆਂ, ਪੀਰਾਂ, ਪੈਗੰਬਰਾਂ, ਗੁਰੂਆਂ, ਫ਼ਕੀਰਾਂ, ਸੂਫੀਆਂ, ਕਿੱਸਾਕਾਰਾਂ, ਲੋਕ ਯੋਧਿਆਂ, ਬਸਤੀਵਾਦ ਵਿਰੋਧੀ ਦੇਸ਼ਭਗਤ ਇਨਕਲਾਬੀਆਂ ਆਦਿ ਦੀ ਸਾਂਝੀ ਤੰਦ ਨਾਲ਼ ਜੁੜ ਕੇ ਬਣੀ ਹੈ। ਪੱਛਮ ਵੱਲੋਂ ਆਉਣ ਵਾਲ਼ੇ ਹਮਲਾਵਰਾਂ ਲਈ ਮੁੱਖ ਲਾਂਘਾ ਹੋਣ ਕਾਰਨ ਇਸ ਤੰਦ ਨਾਲ਼ ਹਿੰਸਾ ਵੀ ਜੁੜੀ। ਮੱਧਕਾਲੀ ਦੌਰ ਵਿਚ ਦੂਸਰੇ ਤੋਂ ਖੋਹਣਾ-ਲੁੱਟਣਾ ਰੋਟੀ-ਰੋਜ਼ੀ ਦਾ ਜਾਇਜ਼ ਵਸੀਲਾ ਹੋਣ ਕਾਰਨ ਬਰਤਾਨਵੀ ਹਕੂਮਤ ਦੌਰਾਨ ਅਤੇ ਉਸ ਤੋਂ ਬਾਅਦ ਤੱਕ ਵੀ ਲੋਕ ਚੇਤਨਾ ਨੇ ਡਾਕੂ ਜਾਂ ਇਨਕਲਾਬੀ ਵਿਚ ਫ਼ਰਕ ਨਹੀਂ ਸੀ ਕੀਤਾ। ਗ਼ਦਰੀਆਂ, ਬੱਬਰ ਅਕਾਲੀਆਂ, ਭਗਤ ਸਿੰਘ, ਰਤਨ ਸਿੰਘ ਰੱਕੜ ਜਿਹੇ ਯੋਧਿਆਂ ਅਤੇ ਮਲੰਗੀ, ਜਿਊਣਾ ਮੌੜ ਜਾਂ ਜੱਗੇ ਜੱਟ ਨੂੰ ਲੋਕ, ਹਕੂਮਤ ਦੇ ਇੱਕੋ ਜਿਹੇ ਬਾਗ਼ੀ ਹੀ ਸਮਝਦੇ ਸਨ। ਇਸ ਲਈ ਇਹ ਸਾਰੇ ਬਿਨਾ ਕਿਸੇ ਫ਼ਰਕ ਤੋਂ ਲੋਕਾਂ ਲਈ ਨਾਇਕ ਸਨ ਤੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਉੱਚਾ ਰੁਤਬਾ ਰੱਖਦੇ ਸਨ। ਬਸਤੀਵਾਦੀ ਲੁੱਟ ਵੇਲ਼ੇ ਤੇ ਬਾਅਦ ਵਿਚ ਵੀ ਇਨ੍ਹਾਂ ਨਾਲ਼ ਜੁੜੀਆਂ ਗਾਥਾਵਾਂ ਗਾ-ਸੁਣ ਕੇ ਲੋਕ ਅਤਿ ਦਮਨ ਦੀਆਂ ਗੈਰ-ਮਾਨਵੀ ਹਾਲਤਾਂ ਵਿਚ ਵੀ ਆਪਣੀ ਬੰਦਿਆਈ ਨੂੰ ਸਲਾਮਤ ਰੱਖਣ ਵਿਚ ਕਾਮਯਾਬ ਹੁੰਦੇ ਸਨ।



...ਪਰ ਪਹਿਲਾਂ 1947 ਦੀ ਮੁਲਕ ਦੀ ਵੰਡ ਅਤੇ ਫ਼ਿਰ ਸਿਆਸੀ ਗਿਣਤੀਆਂ-ਮਿਣਤੀਆਂ ਆਧਾਰਿਤ ਬਣੇ ਪੰਜਾਬੀ ਸੂਬੇ ਨੇ ਪੰਜਾਬੀ ਪਛਾਣ ਨੂੰ ਬੁਰੀ ਤਰ੍ਹਾਂ ਕੱਟ-ਵੱਢ ਦਿੱਤਾ। ਬੀਤੇ 70 ਤੋਂ ਵੱਧ ਵਰ੍ਹਿਆਂ ਨੇ ਲਹਿੰਦੇ ਅਤੇ ਚੜ੍ਹਦੇ ਪੰਜਾਬਾਂ ਦੀਆਂ ਵੱਖੋ-ਵੱਖਰੀਆਂ ਪਛਾਣਾਂ ਕਾਇਮ ਹੋਣ ਦਾ ਅਮਲ ਵੀ ਸ਼ੁਰੂ ਕਰ ਦਿੱਤਾ ਹੈ, ਹਾਲਾਂਕਿ ਹਾਲੇ ਇਸ ਅਮਲ ਨੇ ਬਹੁਤ ਜ਼ਿਆਦਾ ਦੂਰੀ ਤੈਅ ਨਹੀਂ ਕੀਤੀ। ਇਸ ਗੱਲ ਦਾ ਸਬੂਤ ਇਹ ਹੈ ਕਿ ਪਿਛਲੇ ਕੁਝ ਅਰਸੇ ਵਿੱਚ ਮੁਲਕ ਭਰ ਵਿਚ ਫੈਲਾਏ ਗਏ ਪਾਕਿਸਤਾਨ ਵਿਰੋਧੀ ਜਨੂਨ ਦਾ ਪੰਜਾਬ ਵਿਚ ਵਧੇਰੇ ਅਸਰ ਦੇਖਣ ਨੂੰ ਨਹੀਂ ਮਿਲ਼ਿਆ। ਫ਼ਿਰ ਵੀ ਵਾਹਗੇ ਦੇ ਦੋਵੇਂ ਪਾਸੇ ਦੀਆਂ ਵੱਖਰੀਆਂ ਆਰਥਿਕ ਪ੍ਰਕਿਰਿਆਵਾਂ ਨੇ ਦੋਹਾਂ ਨੂੰ ਇੱਕ ਦੂਜੇ ਲਈ ਕੁਝ ਓਪਰੇ ਜ਼ਰੂਰ ਕੀਤਾ ਹੈ।

ਵੰਡ ਅਤੇ ਪੰਜਾਬੀ ਸੂਬਾ ਬਣਨ ਤੋਂ ਬਾਅਦ ਚੜ੍ਹਦੇ ਪੰਜਾਬ ਵਿਚ ਨਾਇਕਤਵ ਉਸਾਰਨ ਦਾ ਵਧੇਰੇ ਪ੍ਰਸੰਗ ਸਿੱਖੀ ਆਧਾਰਿਤ ਬਣਿਆ। ਆਜ਼ਾਦੀ ਤੋਂ ਮਗਰੋਂ ਕਮਿਊਨਿਸਟਾਂ ਦੀ ਅਗਵਾਈ ਵਿਚ ਸ਼ੁਰੂ ਹੋਈ ਮੁਜ਼ਾਰਾ ਲਹਿਰ ਨੇ ਇਸ ਰੁਝਾਨ ਦਾ ਆਰੰਭ ਕੀਤਾ। ਕਿਸਾਨੀ ਆਪਣੇ ਸੁਭਾਵਿਕ ਸੁਭਾਅ ਵਿਚ ਕਿਸੇ ਤੰਗ ਜਾਂ ਸੌੜੇ ਧਾਰਮਿਕ ਬੰਧਨਾਂ ਵਿਚ ਨਹੀਂ ਬੱਝਦੀ, ਪਰ ਸਮਾਜਿਕ ਨਿਰਬਾਹ ਲਈ ਇਹਨੂੰ ਵੀ ਧਾਰਮਿਕ ਕਿਰਿਆਵਾਂ ਦੀ ਓਹੀ ਲੋੜ ਹੁੰਦੀ ਹੈ। ਮੁਜਾਰਿਆਂ ਤੋਂ ਮਾਲਕ ਬਣਨ ਦੇ ਅਮਲ ਨੇ ਨਾ ਸਿਰਫ਼ ਉਨ੍ਹਾਂ ਦੀ ਸਿਆਸੀ ਵਫ਼ਾਦਾਰੀ ਨੂੰ ਬਦਲਿਆ, ਸਗੋਂ ਉਨ੍ਹਾਂ ਦਾ ਧਰਮ ਵੀ ਪੂਰੀ ਤਰ੍ਹਾਂ ਮਾਲਕਾਂ ਦਾ ਧਰਮ ਬਣਾ ਦਿੱਤਾ। ਇਸ ਦੇ ਬਾਵਜੂਦ ਨਕਸਲਬਾੜੀ ਲਹਿਰ ਹਥਿਆਰਬੰਦ ਸੰਘਰਸ਼ ਲਈ ਆਪਣਾ ਤਰਕ ਜ਼ਫ਼ਰਨਾਮੇ ਵਿਚ ਦਰਜ ਸਤਰਾਂ 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ' ਤੋਂ ਲੈਂਦੀ ਰਹੀ। ਜਸਵੰਤ ਸਿੰਘ ਕੰਵਲ ਦੇ ਨਕਸਲਬਾੜੀ ਲਹਿਰ ਬਾਰੇ ਨਾਵਲ 'ਲਹੂ ਦੀ ਲੋਅ' ਵਿਚ ਸਾਰੇ ਨਕਸਲਬਾੜੀ ਨਾਇਕ ਸਿੱਖੀ ਦੀਆਂ ਜੁਝਾਰ ਪ੍ਰੰਪਰਾਵਾਂ ਤੋਂ ਹੀ ਪ੍ਰੇਰਨਾ ਲੈਂਦੇ ਦਿਸਦੇ ਹਨ ਤੇ ਇਸੇ ਕਾਰਨ ਹੀ ਕੰਵਲ ਖੁਦ ਪੰਜਾਬ ਸੰਕਟ ਦੇ ਦਿਨੀਂ ਸੁਭਾਵਿਕ 'ਮੋੜਾ' ਕੱਟਦਾ ਹੋਇਆ ਸਿੱਖ ਸਫ਼ਾਂ ਵਿਚ ਜਾ ਖਲੋਂਦਾ ਹੈ। ਪੰਜਾਬ ਸੰਕਟ ਦੇ ਦਿਨੀਂ ਸਿੱਖੀ ਵਿਰਾਸਤ ਸਾਰੀਆਂ ਧਿਰਾਂ ਲਈ ਆਦਰਸ਼ ਜੀਵਨ-ਜਾਚ ਦਾ ਚਿੰਨ੍ਹ ਬਣੀ ਰਹੀ। ਇਸ ਦੀ ਵਿਆਖਿਆ ਹਰ ਧਿਰ ਆਪਣੇ ਅਨੁਸਾਰ ਕਰਦੀ ਸੀ।

ਨਵ-ਉਦਾਰੀਕਰਨ ਦੀ ਕੁੱਖ ਵਿਚੋਂ ਜੋ ਪੰਜਾਬ ਜਨਮਿਆ, ਉਸ ਦੇ ਸਾਹਮਣੇ ਨਾਇਕ ਸਿਰਜਣਾ ਦੀ ਵੱਡੀ ਚੁਣੌਤੀ ਆ ਖੜੀ ਹੋਈ ਹੈ। ਇਸ ਨਵ-ਪੰਜਾਬ ਵਿਚ ਕੁਦਰਤੀ ਵਸੀਲਿਆਂ ਨੂੰ ਪੁੱਟਣ-ਖੁਰਚਣ ਤੋਂ ਬਿਨਾ ਬਾਕੀ ਸਭ ਆਰਥਿਕ ਪ੍ਰਕਿਰਿਆਵਾਂ ਜਾਮ ਹੋ ਗਈਆਂ ਹਨ। ਨਵ-ਉਦਾਰਵਾਦੀ ਨੀਤੀਆਂ ਕਾਰਨ ਖੇਤੀ ਪੈਦਾਵਾਰ ਦੀਆਂ ਕੀਮਤਾਂ ਤੇ ਪੰਜਾਬੀਆਂ ਦੀਆਂ ਅਸਲ ਉਜਰਤਾਂ ਬੁਰੀ ਤਰ੍ਹਾਂ ਡਿੱਗੀਆਂ ਹਨ। ਨਿੱਜੀਕਰਨ ਦੀ ਹਨੇਰੀ ਨੇ ਨੌਜਵਾਨਾਂ ਲਈ ਅਸਲ ਰੁਜ਼ਗਾਰ ਦੇ ਸਾਰੇ ਅਵਸਰ ਜੜ੍ਹੋਂ ਪੁੱਟ ਦਿੱਤੇ ਹਨ। ਇਥੋਂ ਤੱਕ ਕਿ ਸਭ ਤੋਂ ਗਰੀਬ ਵਰਗਾਂ ਦੀ ਆਰਥਿਕ ਗਤੀਸ਼ੀਲਤਾ ਦੀਆਂ ਸੰਭਾਵਨਾਵਾਂ ਦੀ ਮੁਕੰਮਲ ਨਾਕਾਬੰਦੀ ਕਰ ਦਿੱਤੀ ਗਈ ਹੈ। ਮੱਧਲ਼ੀਆਂ ਜਮਾਤਾਂ ਦੇ ਹੋਣਹਾਰ ਮੁੰਡੇ-ਕੁੜੀਆਂ ਦੇ ਵਿਦੇਸ਼ੀ ਧਰਤੀ ਵੱਲ ਪਲਾਇਨ ਦੀ ਪ੍ਰਕਿਰਿਆ ਜ਼ੋਰ-ਸ਼ੋਰ ਨਾਲ਼ ਚੱਲ ਰਹੀ ਹੈ। ਹੇਠਲੀਆਂ ਜਮਾਤਾਂ ਉਸ ਧਰਤੀ ਉੱਤੇ ਆਪਣੀ ਹੋਣੀ ਦੀ ਉਡੀਕ ਕਰ ਰਹੀਆਂ ਹਨ, ਜਿਸ ਦਾ ਪਾਣੀ ਅਤੇ ਹਵਾ ਬੁਰੀ ਤਰ੍ਹਾਂ ਪਲੀਤ ਹੋ ਚੁੱਕਾ ਹੈ। ਲੋਕਾਂ ਦੇ ਹਿੱਤਾਂ ਦੀ ਬਾਤ ਪਾਉਣ ਵਾਲ਼ੀਆਂ ਖੱਬੀਆਂ ਧਿਰਾਂ ਆਪਣੇ ਅਤੀਤ ਦੇ ਪ੍ਰੇਤਾਂ ਤੋਂ ਖਹਿੜਾ ਛੁਡਾ ਕੇ ਅਗਾਂਹ-ਵਧੂ ਪੁਲਾਂਘਾਂ ਭਰਨ ਲਈ ਅਜੇ ਵੀ ਤਿਆਰ ਨਹੀਂ ਹੋ ਰਹੀਆਂ। ਇੱਕ ਤਰ੍ਹਾਂ ਨਾਲ਼ ਪੰਜਾਬ ਦੀ ਧਰਤੀ ਦਾ ਬੌਧਿਕ ਅਤੇ ਭੌਤਿਕ ਉਜਾੜਾ ਤੈਅ ਹੋ ਚੁੱਕਾ ਹੈ। ਹਾਲਾਤ ਦੀ ਇਸ ਵਿਕਰਾਲਤਾ ਨੇ ਅਤੀਤ ਵਿਚਲੀਆਂ ਨਾਇਕਤਵ ਦੀਆਂ ਸਾਰੀਆਂ ਪ੍ਰੰਪਰਾਵਾਂ ਨੂੰ ਅਰਥਹੀਣ ਕਰ ਦਿੱਤਾ ਹੈ।

ਐਸ਼ੋ-ਇਸ਼ਰਤੀ ਗੱਡੀਆਂ, ਜੁੱਤੀਆਂ, ਕੱਪੜਿਆਂ ਦੇ ਬਰਾਂਡਾਂ, ਹਥਿਆਰਾਂ, ਗੈਂਗ-ਯੁੱਧਾਂ ਤੇ ਜੱਟ ਹੋਣ ਦੀਆਂ ਫ਼ਿਲਮੀ ਪ੍ਰਦਰਸ਼ਨੀਆਂ-ਟਾਹਰਾਂ ਵਾਲ਼ੇ ਤਥਾ ਕਥਿਤ 'ਪੰਜਾਬੀ ਗਾਇਕ ਸੂਰਮਿਆਂ' ਦੀ ਗੱਲ ਨਾ ਕਰੀਏ, ਤਾਂ ਇਨ੍ਹੀਂ ਦਿਨੀਂ ਪੌਪੂਲਰ ਕਲਚਰ ਵਿਚ ਦੋ ਤਰ੍ਹਾਂ ਦੇ ਗੰਭੀਰ ਨਾਇਕ ਦਿਸ ਰਹੇ ਹਨ। ਪਹਿਲਾ ਨਾਇਕ ਪੰਜਾਬੀ ਰਹਿਤਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਵਾਲ਼ੀਆਂ ਅਲਾਮਤਾਂ ਗੈਂਗਾਂ/ ਨਸ਼ਿਆਂ ਦਾ ਸ਼ਿਕਾਰ ਹੈ। ਇਸ ਦੀ ਸਿਰਫ਼ ਇੱਕ ਮਿਸਾਲ 'ਡਾਕੂਆਂ ਦਾ ਮੁੰਡਾ' ਫ਼ਿਲਮ ਤੇ ਕਿਤਾਬ ਹੈ। ਇਸੇ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਸੋਸ਼ਲ ਮੀਡੀਆ ਉੱਤੇ ਦੇਖੀਆਂ/ ਪੜ੍ਹੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਦੇ ਪਾਤਰ ਦਾ ਨਾਇਕਤਵ ਆਪਣੀਆਂ ਹੀ ਕਮਜ਼ੋਰੀਆਂ ਨਾਲ਼ ਜੰਗ ਵਿਚੋਂ ਲੱਭਿਆ ਜਾਂਦਾ ਹੈ। ਅੱਜ ਇਹ ਬੰਦਾ ਇਸ ਲਈ ਨਾਇਕ ਜਾਪਦਾ ਹੈ ਕਿ ਅਤੀਤ ਵਿਚ ਇਸ ਨੇ ਨੈਤਿਕ ਕਮਜ਼ੋਰੀਆਂ ਨੂੰ ਆਪਣੀ ਚੋਣ ਵਜੋਂ ਅਪਣਾਇਆ ਸੀ। ਆਪਣੀਆਂ ਕਮਜ਼ੋਰੀਆਂ ਵਿਚੋਂ ਸਫ਼ਲਤਾ ਪੂਰਵਕ ਉੱਭਰ ਕੇ ਇਸ ਤਰ੍ਹਾਂ ਦਾ ਬੰਦਾ ਹੋਰਨਾਂ ਕਮਜ਼ੋਰ ਲੋਕਾਂ ਲਈ ਮਿਸਾਲ ਅਤੇ ਪ੍ਰੇਰਨਾ ਸਰੋਤ ਬਣ ਗਿਆ ਹੈ। ਇਸ ਬੰਦੇ ਦੀ ਜੰਗ ਆਪਣੀ ਚੋਣ ਪ੍ਰਤੀ ਹੈ, ਹਾਲਾਤ ਤੋਂ ਨਿਰਾਸ਼ ਹੋ ਕੇ ਧੀਮੀ ਖੁਦਕੁਸ਼ੀ ਜਾਂ ਰੋਜ਼ਮੱਰਾ ਦੀ ਜ਼ਿੰਦਗੀ ਵਿਚਕਾਰ ਚੋਣ। ਰੋਜ਼ਮੱਰਾ ਤੋਂ ਅੱਗੇ ਦਾ ਦ੍ਰਿਸ਼ ਨਦਾਰਦ ਹੈ।

ਇਤਿਹਾਸ ਦੇ ਅੰਤ ਦੀ ਗੱਲ ਨੂੰ ਜੇ ਭੁੱਲ ਵੀ ਜਾਈਏ ਤਾਂ ਕੀ ਇਤਿਹਾਸ ਸਮੇਂ ਦੇ ਇਸ ਪਲ ਉੱਤੇ ਆ ਕੇ ਖੜ੍ਹਾ ਹੋ ਗਿਆ ਹੈ? ਕੀ ਇਸ ਸਮਾਜਿਕ ਵਿਵਸਥਾ ਦੇ ਕਿਸੇ ਬਦਲ ਨੂੰ ਚਿਤਵਣਾ ਜਾਂ ਭਾਲਣਾ ਬੰਦੇ ਦੇ ਸੁਫ਼ਨੇ ਅਤੇ ਕਲਪਨਾ ਤੋਂ ਬਾਹਰੀ ਗੱਲ ਹੋ ਗਈ ਹੈ? ਇਸ ਤੋਂ ਇਲਾਵਾ ਇੱਥੇ ਸਮੁੱਚਾ ਟਕਰਾਅ ਵੀ ਅੰਤਰ-ਮਨ ਦੀ ਪੱਧਰ ਉੱਤੇ ਹੈ। ਅੰਤਰ-ਮਨ ਉੱਤੇ ਕੰਟਰੋਲ ਕਰਕੇ ਵਿਰੋਧੀ ਵਰਤਾਰੇ ਨਾਲ਼ ਵਿੱਥ ਥਾਪੀ ਜਾ ਸਕਦੀ ਹੈ। ਵਿੱਥ ਥਾਪਣਾ ਮਸਲੇ ਦਾ ਹਲ ਬਣ ਜਾਂਦਾ ਹੈ, ਕਿਉਂਕਿ ਟਕਰਾਅ ਸਮੂਹਕ ਨਹੀਂ, ਵਿਅਕਤੀਗਤ ਹੈ। ਇਸੇ ਲਈ ਹਲ ਵੀ ਨਿੱਜੀ ਹੈ। ਨਾਇਕ ਦੀ ਆਪਣੀ 'ਗਤੀ' ਹੋਣ ਵਾਂਗ। ਇਹ 'ਗਤੀ' ਸਮਾਜਿਕ ਮੁਕਤੀ ਦੇ ਰਾਹ ਨਹੀਂ ਤੁਰਦੀ।

ਦੂਸਰੀ ਤਰ੍ਹਾਂ ਦਾ ਨਾਇਕ ਉਹ ਹੈ, ਜੋ ਗੈਰ-ਕਾਨੂੰਨੀ ਤਰੀਕਿਆਂ ਨਾਲ਼ ਵਿਦੇਸ਼ ਗਿਆ ਹੈ ਅਤੇ ਉਸ ਉੱਤੇ ਡਿਪੋਰਟ ਹੋਣ ਦੀ ਤਲਵਾਰ ਲਟਕ ਰਹੀ ਹੈ। 'ਚੱਲ ਮੇਰਾ ਪੁੱਤ' ਅਤੇ ਹੋਰ ਕਈ ਫ਼ਿਲਮਾਂ ਵਿਚ ਇਸ ਤਰ੍ਹਾਂ ਦੇ ਕਿਰਦਾਰ ਦੇਖੇ ਜਾ ਸਕਦੇ ਹਨ। ਇਨ੍ਹਾਂ ਕਿਰਦਾਰਾਂ ਨੂੰ ਸਿਰਫ਼ ਇਸ ਲਈ ਨਾਇਕ ਕਿਹਾ ਜਾ ਸਕਦਾ ਹੈ ਕਿ ਉਹ ਮੁੱਖ ਕਿਰਦਾਰ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਦੀ ਸਾਰਥਕਤਾ ਤੇ ਸੰਘਰਸ਼ ਸਿਰਫ਼ ਵਿਦੇਸ਼ੀ ਭੂਮੀ ਦੀ ਨਾਗਰਿਕਤਾ ਹਾਸਲ ਕਰਨ ਵਿਚ ਹੀ ਹੈ। ਜਦੋਂ ਉਹ ਫੜੇ ਜਾਂਦੇ ਹਨ ਤਾਂ ਪੰਜਾਬੀ ਦਰਸ਼ਕ, ਆਪਣੇ ਪਰਵਾਸ ਸੰਬੰਧੀ ਸਮੂਹਕ ਅਵਚੇਤਨ ਵਿਚੋਂ ਉਨ੍ਹਾਂ ਉੱਤੇ ਤਰਸ ਕਰਦਾ ਹੈ। ਸ਼ਾਇਦ ਇਸੇ ਵਿਚੋਂ ਉਹ ਇਸ ਨੂੰ ਨਾਇਕ ਜਾਪਦੇ ਹਨ। ਇਹ ਕਿਰਦਾਰ ਸਿਰਫ਼ ਜਿਸਮਾਨੀ ਤੌਰ 'ਤੇ ਨਹੀਂ, ਭਾਵਨਾਤਮਕ ਪੱਧਰ ਉੱਤੇ ਵੀ ਆਪਣੀ ਭੋਂ ਤੋਂ ਪਲਾਇਨ ਕਰ ਚੁੱਕੇ ਹਨ, ਪਰ ਇਨ੍ਹਾਂ ਦੀ ਇਸ ਭਾਂਜ ਨਾਲ਼ ਮਧਲ਼ੀ ਜਮਾਤ ਦੇ ਪੰਜਾਬੀ ਦਰਸ਼ਕ ਦਾ ਅਵਚੇਤਨੀ ਨਾਤਾ ਬਣਦਾ ਹੈ। ਇਸ ਦਾ ਅਰਥ ਇਹ ਹੈ ਕਿ ਘੱਟੋ-ਘੱਟ ਪੰਜਾਬ ਦੀਆਂ ਮਧਲ਼ੀਆਂ ਜਮਾਤਾਂ ਪੰਜਾਬ ਦੀ ਇਸ ਧਰਤੀ ਨੂੰ ਇਸ ਦੇ ਹਾਲ ਉੱਤੇ ਛੱਡ ਕੇ ਹੋਰ ਦੇਸ਼ਾਂ ਨੂੰ ਦੌੜ ਜਾਣ ਦਾ ਫੈਸਲਾ ਕਰ ਚੁੱਕੀਆਂ ਹਨ।

ਇਸ ਨਾਇਕ ਦਾ ਕਿਰਦਾਰ ਬੇਹੱਦ ਨੁਕਸਦਾਰ ਹੈ, ਕਿਉਂਕਿ ਕਿਸੇ ਵੀ ਪੱਖ ਤੋਂ ਉਹ ਆਪਣੀ ਹੋਣੀ ਨਿਰਧਾਰਤ ਕਰਨ ਦੇ ਸਮਰੱਥ ਨਹੀਂ। ਸਾਧਾਰਨ ਬੰਦਾ ਨਾਇਕਤਵ ਉਦੋਂ ਹਾਸਲ ਕਰਦਾ ਹੈ, ਜਦੋਂ ਆਪਣੀ ਸਾਧਾਰਨਤਾ ਤੋਂ ਉੱਪਰ ਉੱਠ ਕੇ ਹਾਲਾਤ ਵਿਚ ਦਖ਼ਲ ਅੰਦਾਜ਼ੀ ਕਰਨ ਦੇ ਯੋਗ ਹੁੰਦਾ ਹੈ। ਇਹ ਉਸ ਦੀ ਸਿਰਜਣਾਤਮਕ ਪ੍ਰਕਿਰਿਆ ਹੁੰਦੀ ਹੈ। ਇਹ ਕਿਰਦਾਰ ਪੂਰੀ ਤਰ੍ਹਾਂ ਆਪਣੇ ਵੱਸੋਂ ਬਾਹਰੀ ਸ਼ਕਤੀਆਂ ਦੇ ਅਧੀਨ ਹੈ। ਦੁਖਾਂਤਕ ਨਾਇਕ ਬਾਰੇ ਅਰਸਤੂ ਵੱਲੋਂ ਦਿੱਤੇ ਸ਼ਾਸਤਰੀ ਸਿਧਾਂਤ ਅਨੁਸਾਰ ਹੀ ਉਸ ਨੂੰ ਨਾਇਕ ਦਾ ਦਰਜਾ ਦਿੱਤਾ ਜਾ ਸਕਦਾ ਹੈ। ਇਸ ਸਿਧਾਂਤ ਦੇ ਅਨੁਸਾਰ ਦੁਖਾਂਤ ਭੋਗਦਾ ਨਾਇਕ 'ਹੋਣੀ' ਜਾਂ 'ਭਾਗਾਂ ਦੇ ਲਿਖੇ' ਦਾ ਸ਼ਿਕਾਰ ਹੋ ਸਕਦਾ ਹੈ। ਇਹ ਕਿਰਦਾਰ ਨਾਇਕਤਵ ਵਿਹੂਣੇ ਨਾਇਕ ਹੋਣ ਤੋਂ ਵੱਧ ਕੁਝ ਨਹੀਂ ਹੈ।

ਸਪੱਸ਼ਟ ਹੈ ਕਿ ਇਸ ਵੇਲ਼ੇ ਪੰਜਾਬੀ ਦੀ ਸੱਭਿਆਚਾਰਕ ਸਪੇਸ ਬੁਰੀ ਤਰ੍ਹਾਂ ਸਥਾਪਤੀ ਦੀ ਪਕੜ ਵਿਚ ਹੈ। ਦੁਨੀਆ ਭਰ ਵਿਚ ਸੱਭਿਆਚਾਰਕ ਪੂੰਜੀ ਦੇ ਗ਼ਾਲਬ ਹੋਣ ਦੀ ਹਾਲਤ ਨੇ ਪੰਜਾਬੀ ਬੰਦੇ ਦੀ ਮਨੋ-ਚੇਤਨਾ ਨੂੰ ਵੀ ਬੁਰੀ ਤਰ੍ਹਾਂ ਤੋੜਿਆ ਭੰਨਿਆ ਹੈ। ਇੱਕ ਪਾਸੇ ਨਵੀਆਂ ਨਸਲਾਂ ਨੂੰ ਨਵੀਂ ਤਕਨਾਲੋਜੀ ਦੇ ਮੱਕੜ ਜਾਲ਼ ਵਿਚ ਉਲਝਾ ਕੇ ਇਤਿਹਾਸ ਅਤੇ ਦਰਸ਼ਨ ਤੋਂ ਦੂਰ ਕੀਤਾ ਜਾ ਰਿਹਾ ਹੈ, ਦੂਸਰੇ ਪਾਸੇ ਉਨ੍ਹਾਂ ਦੇ ਜੀਵਨ ਨਿਰਬਾਹ ਦੀਆਂ ਸੰਭਾਵਨਾਵਾਂ ਪਲੀਤ ਕਰ, ਸਮੂਹਕ ਨਿਰਾਸ਼ਾ ਦੇ ਦਰ ਖੋਲ੍ਹੇ ਜਾ ਰਹੇ ਹਨ। ਪੰਜਾਬੀ ਬੰਦੇ ਦੀ ਪ੍ਰਫੁੱਲਤਾ ਦੇ ਹਾਲਾਤ ਕਿਤੇ ਨਹੀਂ। ਸਮਾਜਿਕ ਹਾਲਾਤ ਤੋਂ ਬਿਨਾ ਨਾਇਕਤਵ ਦਾ ਸਾਕਾਰ ਹੋਣਾ ਵੀ ਅਸੰਭਵ ਹੁੰਦਾ ਹੈ। ਜਿਵੇਂ ਅਮਰੀਕੀ ਨਾਵਲਕਾਰ ਨਾਥਾਨੀਲ ਹਾਥੌਰਨ ਨੇ ਲਿਖਿਆ ਸੀ ਕਿ ਨਾਇਕਾਨਾ ਦੁਨੀਆ ਤੋਂ ਬਿਨਾ ਨਾਇਕ ਵੀ ਨਾਇਕ ਨਹੀਂ ਬਣ ਸਕਦਾ।

ਪਿਛਲੇ ਦਿਨਾਂ ਦੌਰਾਨ ਖਾਸ ਤੌਰ 'ਤੇ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚਲੀ ਹਲਚਲ ਨੇ ਕੁਝ ਚੰਗੇ ਸੰਕੇਤ ਦਿੱਤੇ ਹਨ। ਸੋਸ਼ਲ ਮੀਡੀਆ ਉੱਤੇ ਵੀ ਨੌਜਵਾਨ ਚਿਹਰੇ ਬੌਧਿਕ ਬਹਿਸਾਂ ਕਰਦੇ ਦਿਸਦੇ ਹਨ। ਪੰਜਾਬ ਅੰਦਰ ਉਸ ਭੀੜ-ਤੰਤਰ ਨੂੰ ਮਾਨਤਾ ਨਹੀਂ ਮਿਲ਼ੀ, ਜਿਸ ਨੇ ਇਸ ਵੇਲ਼ੇ ਬਾਕੀ ਮੁਲਕ ਉੱਤੇ ਗਲਬਾ ਪਾਇਆ ਹੋਇਆ ਹੈ। ਇਸ ਦਾ ਅਰਥ ਇਹ ਹੈ ਕਿ ਨਵੀਂ ਨਸਲ ਦਾ ਇੱਕ ਵਰਗ ਆਪਣੀ ਹੋਂਦ ਤੇ ਮਸਲਿਆਂ ਪ੍ਰਤੀ ਸੁਚੇਤ ਹੋ ਰਿਹਾ ਹੈ। ਤਸੱਲੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਵੱਡੀ ਗਿਣਤੀ ਕੁੜੀਆਂ ਦੀ ਹੈ ਜੋ ਆਪਣੇ ਨਾਲ਼ ਹੋਣ ਵਾਲ਼ੇ ਹਰ ਵਿਤਕਰੇ ਵਿਰੁੱਧ ਡਟ ਰਹੀਆਂ ਹਨ। ਇਸੇ ਵਰਗ ਨੇ ਆਪਣੀ ਬੌਧਿਕ ਸਮਰੱਥਾ ਦੇ ਆਧਾਰ ਉੱਤੇ ਉੱਜੜ ਰਹੇ ਪੰਜਾਬ ਨੂੰ ਥੰਮ੍ਹਣਾ ਹੈ। ਇਹ ਵਰਗ ਹੀ ਪੰਜਾਬ ਦੇ ਨਿਮਾਣੇ ਤੇ ਨਿਤਾਣੇ ਲੋਕਾਂ ਦੀ ਹਰ ਤਰ੍ਹਾਂ ਅਗਵਾਈ ਕਰਨ ਦੇ ਸਮਰੱਥ ਹੋ ਸਕਦਾ ਹੈ। ਪੰਜਾਬੀ ਰਹਿਤਲ ਨਾਲ਼ ਜੁੜੀਆਂ ਅਸਵੀਕਾਰ ਦੀਆਂ ਪ੍ਰੰਪਰਾਵਾਂ ਨੂੰ ਪਛਾਣ ਕੇ ਇਥੋਂ ਹੀ ਪੰਜਾਬੀਆਂ ਦੇ ਨਵੇਂ ਨਾਇਕ ਪੈਦਾ ਹੋ ਸਕਦੇ ਹਨ।

# ਝਾੜੂ

-ਬਲਜਿੰਦਰ ਸਿੰਘ ਬਾਲਾਰਕ-

ਮੈਂ ਅੱਜ ਜਦੋਂ ਪਿੰਡ ਦੇ ਗੁਰਦੁਆਰੇ ਵਿੱਚ ਮੱਥਾ ਟੇਕਣ ਗਿਆ ਤਾਂ ਦਰਬਾਰ ਹਾਲ ਦੇ ਇੱਕ ਕੋਨੇ ਵਿੱਚ ਝਾੜੂ ਪਿਆ ਵੇਖ ਕੇ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ। ਮੈਂ ਗ੍ਰੰਥੀ ਵੱਲ ਵੇਖ ਕੇ ਗਰਜਿਆ; 'ਬਾਬਾ ਤੂੰ ਝਾੜੂ ਅੰਦਰ ਰੱਖਿਐ? ਤੈਨੂੰ ਪਤਾ ਨਹੀਂ ਝਾੜੂ ਦਾ ਪਹਿਲਾਂ ਹੀ ਸਾਰਾ ਸਿਆਪਾ ਹੈ, ਤੂੰ ਫਰ ਅੰਦਰ ਰੱਖਿਐ?'

'ਸਰਪੰਚ ਸਾਹਿਬ, ਮੈਂ ਸਵੇਰੇ ਝਾੜੂ ਲਾਇਆ ਸੀ ਤੇ ਮੈਨੂੰ ਚੇਤਾ ਭੁੱਲ ਗਿਆ। ਮੈਂ ਹੁਣੇ ਹੀ ਬਾਹਰ ਰੱਖ ਦਿੰਦਾਂ।'

ਮੈਨੂੰ ਤਾਂ ਝਾੜੂ ਨਾਲ ਜਿਵੇਂ ਐਲਰਜੀ ਹੋ ਗਈ ਸੀ; 'ਅੱਛਾ-ਅੱਛਾ ਇਹ ਝਾੜੂ ਗੁਰਦੁਆਰੇ ਦੇ ਅੰਦਰ ਨਾ ਲਾਇਆ ਕਰ। ਪਲਾਸਟਿਕ ਦਾ ਝਾੜੂ ਲਿਆ।'

'...ਪਰ ਸਰਪੰਚ ਸਾਹਿਬ ਹੈਗਾ ਤਾਂ ਉਹ ਵੀ ਝਾੜੂ ਹੀ ਆ।'

'ਤੂੰ ਏਦਾਂ ਕਰ ਕਿ ਤੂੰ ਪੋਚੇ ਨਾਲ ਕੰਮ ਚਲਾ ਲਿਆ ਕਰ।' ਮੈਂ ਉਸ ਨੂੰ ਸਮਝਾਉਂਦਿਆਂ ਕਿਹਾ, ਪਰ ਉਹ ਅੜ ਹੀ ਗਿਆ; 'ਸਰਪੰਚ ਸਾਹਿਬ ਪੋਚੇ ਨੇ ਤਾਂ ਪੋਚੇ ਦਾ ਕੰਮ ਕਰਨੈ। ਝਾੜੂ ਦਾ ਕੰਮ ਝਾੜੂ ਨੇ ਹੀ ਕਰਨਾ', ਗ੍ਰੰਥੀ ਮੁਸਕਰਾਇਆ। ਮੈਨੂੰ ਤਾਂ ਇੰਜ ਲੱਗਣ ਲੱਗਾ ਕਿ ਜਿਵੇਂ ਗ੍ਰੰਥੀ ਨੇ ਹੁਣੇ ਤੋਂ ਹੀ ਝਾੜੂ ਵਾਲਾ ਬਟਨ ਦਬ ਕੇ ਵੋਟ ਪਾ ਦਿੱਤੀ ਸੀ। ਮੈਂ ਬਿਨਾਂ ਕੁਝ ਬੋਲੇ ਗੁਰਦੁਆਰੇ ਤੋਂ ਬਾਹਰ ਆ ਗਿਆ। ਅਜੇ ਬਾਹਰ ਨਿਕਲ ਕੇ ਮੈਂ ਆਪਣੇ ਮੋਟਰ ਸਾਈਕਲ ਤੇ ਬੈਠਾ ਸੀ ਕਿ ਸਾਹਮਣੇ ਕਰਿਆਨੇ ਦੀ ਦੁਕਾਨ ਵਾਲਾ ਦੀਪਾ ਆਪਣੇ ਝਾੜੂ ਦੁਕਾਨ ਮੂਹਰੇ ਉੱਚੀ ਥਾਂ ਰੱਖ ਰਿਹਾ ਸੀ। ਮੈਨੂੰ ਫਿਰ ਗੁੱਸਾ ਚੜ੍ਹ ਗਿਆ। ਮੈਂ ਆਵਾਜ਼ ਮਾਰੀ; 'ਉਏ ਦੀਪਿਆ।'

ਦੀਪਾ ਵਿਚਾਰਾ ਭੱਜ ਕੇ ਮੇਰੇ ਕੋਲ ਆ ਗਿਆ; 'ਜੀ ਸਰਪੰਚ ਸਾਹਿਬ।'

'ਦੀਪਿਆ, ਤੂੰ ਲੱਗਦੈ ਆਪਣੇ ਘਰ ਸਰਕਾਰੀ ਪਖਾਨਾ ਨਹੀਂ ਬਣਵਾਉਣਾ।'

'ਕਿਉਂ ਜਨਾਬ, ਮੈਥੋਂ ਕੋਈ ਗਲਤੀ ਹੋ ਗਈ?'

'ਮੈਨੂੰ ਇੱਕ ਗੱਲ ਦਸ ਕੰਜਰਾ, ਸਹੂਲਤਾਂ ਤੂੰ ਸਾਡੇ ਕੋਲੋਂ ਭਲਾਦੈਂ ਤੇ ਪ੍ਰਚਾਰ ਦੂਜਿਆਂ ਦਾ ਕਰੀ ਜਾਂਦੈ?'

'ਕੀ ਮਤਲਬ ਜੀ', ਦੀਪਾ ਬੋਲਿਆ।

'ਮਤਲਬ ਮੈਂ ਸਮਝਾਉਂਦਾ, ਤੂੰ ਆਹ ਝਾੜੂ ਕਿਉਂ ਬਾਹਰ ਰੱਖਿਐ? ਪਹਿਲਾਂ ਹੀ ਲੋਕ ਝਾੜੂ ਨੂੰ ਵੋਟ ਪਾਉਣ ਨੂੰ ਫਿਰਦੇ ਨੇ, ਤੂੰ ਏਦਾਂ ਕਰ, ਇਹ ਝਾੜੂ ਲੁਕਾ ਦੇ। ਝਾੜੂ ਨਾ ਵੇਚੀਂ, ਨਹੀਂ ਤਾਂ ਫਿਰ ਨਾ ਆਖੀ'

'ਜੋ ਹੁਕਮ ਸਰਪੰਚ ਸਾਹਿਬ।'

ਅਜੇ ਮੈਂ ਮੋਟਰ ਸਾਈਕਲ ਨੂੰ ਕਿੱਕ ਹੀ ਮਾਰੀ ਸੀ ਕਿ ਮੇਰੀ ਘਰਵਾਲੀ ਸੁਖਬੀਰ ਕੌਰ ਦਾ ਫੋਨ ਆ ਗਿਆ। ਮੈਂ ਫੋਨ ਚੁੱਕਿਆ ਤਾਂ ਅੱਗੋਂ ਸ੍ਰੀਮਤੀ ਸੁਖਬੀਰ ਬਾਦਲ ਦੀ ਤਰ੍ਹਾਂ ਗਰਜੀ, 'ਸੁਣਦੇ ਓ ਜੀ? ਆਪਣੇ ਜਸਕਰਨ ਦੀ ਬਾਂਹ ਉੱਤੇ ਮੌਕੇ ਹੋ ਗਏ ਹਨ। ਦੀਪੇ ਦੀ ਦੁਕਾਨ ਤੋਂ ਇੱਕ ਲੂਣ ਦਾ ਪੈਕੇਟ ਤੇ ਝਾੜੂ ਲੈ ਆਇਓ। ਸ਼ਹੀਦਾਂ ਦੇ ਗੁਰਦੁਆਰੇ ਵਿੱਚ ਚੜ੍ਹਾਉਣੈ।'

ਮੇਰਾ ਗੁੱਸਾ ਸੱਤਵੇਂ ਅਸਮਾਨ ਉੱਤੇ ਪਹੁੰਚ ਗਿਆ, ਪਰ ਸ੍ਰੀਮਤੀ ਨੂੰ ਨਾਂਹ ਕਰਨਾ ਜਾਂ ਬਹਿਸ ਕਰਨਾ ਖਤਰਨਾਕ ਸਾਬਤ ਹੋ ਸਕਦਾ ਸੀ। ਮੈਂ ਅਧੂਰੇ ਜਿਹੇ ਮਨ ਨਾਲ ਮੋਟਰ ਸਾਈਕਲ ਤੋਂ ਉਤਰਿਆ। ਦੀਪਾ ਅਜੇ ਝਾੜੂ ਦੁਕਾਨ ਅੰਦਰ ਰੱਖ ਕੇ ਹੀ ਆਇਆ ਸੀ। ਮੈਂ ਜਾ ਕੇ ਦੀਪੇ ਨੂੰ ਕਿਹਾ, 'ਓਏ ਦੀਪੇ ਇੱਕ ਲੂਣ ਦਾ ਪੈਕੇਟ ਤੇ ਇੱਕ ਝਾੜੂ ਦੇਹ।'

ਦੀਪਾ ਬੋਲਿਆ, 'ਸਰਪੰਚ ਸਾਹਿਬ, ਕਿਉਂ ਮਖੌਲ ਕਰਦੇ ਹੋ, ਮੈਂ ਝਾੜੂ ਨਹੀਂ ਵੇਚਦਾ। ਤੁਸੀਂ ਮੇਰਾ ਇਮਤਿਹਾਨ ਲੈ ਰਹੇ ਹੋ ਕਿ ਝਾੜੂ ਵੇਚਦਾ ਕਿ ਨਹੀਂ।'

'ਨਹੀਂ ਦੀਪਿਆ ਮੇਰੇ ਘਰੋਂ ਫੋਨ ਆਇਐ।'' ਮੈਂ ਸ਼ਾਂਤ ਸੁਭਾਅ ਕਿਹਾ। 'ਤੂੰ ਇੰਜ ਕਰ ਅਖਬਾਰ ਵਿੱਚ ਝਾੜੂ ਲਪੇਟ ਕੇ ਲਿਆ। ਕਿਸੇ ਨੂੰ ਪਤਾ ਨਾ ਲੱਗੇ।'


ਮੇਰਾ ਦਿਲ ਕੀਤਾ ਕਿ ਪੰਜਾਬ ਵਿੱਚੋਂ ਸਾਰੇ ਝਾੜੂ ਚੋਰੀ ਕਰਵਾ ਕੇ ਅੱਗ ਲਗਵਾ ਦੇਵਾਂ। ਖਸਮਾਂ ਨੇ ਚੋਣ ਨਿਸ਼ਾਨ ਵੀ ਚੰਗਾ ਲਿਐ। ਲੋਕ ਝਾੜੂ ਵੇਖ ਕੇ ਚਾਂਭਲ ਜਾਂਦੇ ਨੇ। ਇਨ੍ਹਾਂ ਨੇ ਮੇਰਾ 25 ਸਾਲ ਸਰਪੰਚ ਬਣਨ ਦਾ ਸੁਫਨਾ ਪੂਰਾ ਨਹੀਂ ਹੋਣ ਦੇਣਾ। ਮੈਂ ਅਖਬਾਰ ਵਿੱਚ ਲਪੇਟਿਆ ਝਾੜੂ ਤੇ ਲੂਣ ਲੈ ਕੇ ਅਜੇ ਗਲੀ ਦਾ ਮੋੜ ਮੁੜਿਆ ਸਾਂ ਕਿ ਸਾਹਮਣਿਉਂ ਜੀਤਾ ਅਮਲੀ ਨਸ਼ੇ ਵਿੱਚ ਧੁੱਤ ਹੋ ਕੇ ਆ ਗਿਆ। ਮੈਂ ਮਸਾਂ ਬਰੇਕ ਮਾਰੀ। ਜੀਤਾ ਟੁਣਕਦੀ ਆਵਾਜ਼ ਵਿੱਚ ਬੋਲਿਆ, ''ਓਹ ਆ ਬਈ ਸਰਪੰਚਾ, ਕੀ ਹਾਲੇ ਚਾਲੇ ਨੇ? ਆਹ ਨਵੀਂ ਬੰਦੂਕ 'ਖਬਾਰ ਵਿੱਚ ਲਪੇਟ ਕੇ ਕਿੱਧਰ ਚੱਕੀ ਫਿਰਦੈਂ? ਲਿਆ ਮੈਨੂੰ ਬੰਦੂਕ ਫੜਾ, ਮੈਂ ਅੱਜ ਮੋਢੇ 'ਤੇ ਪਾ ਕੇ ਗੇੜੀ ਲਾਉਣੀ ਏ ਪਿੰਡ ਦੀ, ਤਾਂ ਕਿ ਪਿੰਡ ਵਾਲਿਆਂ ਨੂੰ ਵੀ ਪਤਾ ਲੱਗੇ ਕਿ ਜੀਤਾ ਆਖਰ ਚੀਜ਼ ਕੀ ਹੈ।''

ਜੀਤਾ ਜ਼ਬਰਦਸਤੀ ਮੇਰੇ ਕੋਲੋਂ ਅਖਬਾਰ ਵਿੱਚ ਲਪੇਟਿਆਂ ਝਾੜੂ ਖੋਹਣ ਲੱਗ ਪਿਆ। ਮੈਂ ਬੜੀ ਮੁਸ਼ਕਲ ਨਾਲ ਝਾੜੂ ਉਸ ਕੋਲੋਂ ਬਚਾਇਆ ਤੇ ਮਾੜਾ ਜਿਹਾ ਉਸ ਨੂੰ ਪਿੱਛੇ ਧੱਕਾ ਦੇ ਦਿੱਤਾ। ਜੀਤਾ ਪਿੱਛੇ ਡਿੱਗ ਪਿਆ। ਉਹ ਝੂਲਦਾ ਹੋਇਆ ਖੜੋ ਕੇ ਕਹਿਣ ਲੱਗਾ, 'ਸਰਪੰਚਾ ਹੁਣ ਧੱਕੇ ਮਾਰਦੈਂ। ਜਦੋਂ ਵੋਟਾਂ ਲੈਣੀਆਂ ਸਨ ਉਦੋਂ ਜੱਫੇ ਪਾਉਂਦਾ ਸੀ। ਹਲਾ ਫਿਰ ਐਤਕੀਂ ਵੋਟਾਂ ਅਸੀਂ ਵੀ ਬਹੁਕਰ ਨੂੰ ਪਾ ਦਿਆਂਗੇ।'

ਮੈਂ ਥੋੜ੍ਹਾ ਦਿਮਾਗ ਨੂੰ ਠੰਢਾ ਕੀਤਾ ਤੇ ਜੀਤੇ ਨੂੰ ਕਿਹਾ, ''ਨਹੀਂ-ਨਹੀਂ ਜੀਤਿਆ ਇਹੋ ਜਿਹੀ ਕੋਈ ਗੱਲ ਨਹੀਂ ਹੈ, ਤੂੰ ਆਪਣਾ ਭਰਾ ਏਂ। ਬਹੁਕਰ ਵਾਲੀ ਦਿੱਲੀ ਦੀ ਪਾਰਟੀ ਆ। ਉਹ ਬੰਦੇ ਠੀਕ ਨਹੀਂ।''

'ਸਰਪੰਚਾ, ਐਤਕੀਂ ਤੈਨੂੰ ਮੈਂ ਸਿੱਧਾ ਕਹਿ ਦਿੰਦਾਂ, ਬੰਦੇ ਭਾਵੇਂ ਦਿੱਲੀ ਦੇ ਹੋਣ ਭਾਵੇਂ ਸੰਗਰੂਰ ਦੇ, ਆਪਾਂ ਵੋਟ ਬੋਕਰ ਨੂੰ ਪਾਵਾਂਗੇ, ਤੂੰ ਭਾਵੇਂ ਗੁੱਸਾ ਕਰ', ਤੇ ਏਨਾ ਕਹਿ ਕੇ ਜੀਤਾ ਝੂਲਦਾ ਅੱਗੇ ਟੁਰ ਗਿਆ।

ਮੈਨੂੰ ਖਲੋਤੇ ਨੂੰ ਪਸੀਨਾ ਆ ਗਿਆ ਤੇ ਹੁਣ ਮੈਨੂੰ ਉਹ ਝਾੜੂ ਬੰਦੂਕ ਨਹੀਂ ਤੋਪ ਜਾਪ ਰਿਹਾ ਸੀ ਤੇ ਮੈਂ ਜਿਵੇਂ ਬਹੁਤ ਭਾਰੀ ਤੋਪ ਚੁੱਕ ਕੇ ਆਪਣੇ ਘਰ ਨੂੰ ਜਾ ਰਿਹਾ ਸੀ।



ਗੁਰਦੁਆਰਾ ਜਨਮ ਅਸਥਾਨ ਬੇਬੇ ਨਾਨਕੀ, ਡੇਰਾ ਚਾਹਲ, ਲਾਹੌਰ

ਡੇਰਾ ਚਾਹਲ ਨਾਮੀ ਇਹ ਪਿੰਡ ਜੋ ਜਿਲਾ ਲਾਹੌਰ, ਥਾਣਾ ਬਰਕੀ ਵਿੱਚ ਹੈ, ਲਾਹੌਰ ਤੋਂ ਘਵਿੰਡੀ ਜਾਦਿਆ ਲਾਹੌਰ ਤੋਂ ਕੋਈ 35 ਕਿਲੋਮੀਟਰ ਦੂਰ ਹੈ । ਇਸ ਪਿੰਡ ਅੰਦਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ।ਇਸ ਗੁਰ-ਦੁਆਰੇ ਨੂੰ ਜਨਮ ਅਸਥਾਨ ਬੇਬੇ ਨਾਨਕੀ ਵੀ ਆਖਿਆ ਜਾਂਦਾ ਹੈ।ਇਸ ਪਿੰਡ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਵਾਰ ਚਰਨ ਪਾਏ, ਕਿਉਂਕਿ ਇੱਥੇ ਉਹਨਾਂ ਦੇ ਨਾਨਕੇ ਸਨ।ਇੱਥੇ ਹੀ ਸੰਮਤ 1521 ਵਿੱਚ ਬੇਬੇ ਨਾਨਕੀ ਜੀ ਦਾ ਜਨਮ ਹੋਇਆ, ਜੋ ਬਾਬਾ ਜੀ ਦੀ ਵੱਡੀ ਭੈਣ ਸੀ।ਗੁਰ-ਦੁਆਰਾ ਸਾਹਿਬ ਦੀ ਇਮਾਰਤ ਗੁੰਬਦਦਾਰ ਖੂਬਸੂਰਤ ਬਣੀ ਹੋਈ ਹੈ।ਪਾਵਨ ਦਰਬਾਰ ਦੇ ਸੱਜੇ ਪਾਸੇ ਸੁੰਦਰ ਸਰੋਵਰ ਸੀ ਜੋ ਕਿ ਹੁਣ ਅਲੋਪ ਹੋ ਚੁੱਕਾ ਹੈ।ਇਸ ਇਮਾਰਤ ਅੰਦਰ ਕੁੜੀਆਂ ਦਾ ਸਕੂਲ ਹੈ।ਇਮਾਰਤ ਦੀ ਹਾਲਤ ਬਹੁਤ ਹੀ ਵਿਗੜ ਗਈ ਸੀ।ਪਾਕਿਸਤਾਨ ਦੇ ਪਿਛਲੇ ਪ੍ਰਧਾਨ ਮੰਤਰੀ ਮਲਿਕ ਮਿਰਾਜ ਖਾਲਿਦ ਹੋਰਾਂ ਪੰਜ ਲੱਖ ਸਰਕਾਰੀ ਖਜ਼ਾਨੇ ਵਿੱਚੋਂ ਖਰਚ ਕਰਕੇ 1996 ਵਿੱਚ ਇਸ ਦੀ ਮੁਰੰਮਤ ਕਰਵਾਈ।ਮਲਿਕ ਮਿਰਾਜ ਖਾਲਿਦ ਹੋਰੀਂ ਇਸੇ ਪਿੰਡ ਦੇ ਜੰਮਪਲ ਹਨ ਕਦੀ ਇੱਥੇ ਪ੍ਰਕਾਸ਼ ਹੁੰਦਾ ਸੀ, ਪੁਜਾਰੀ ਸਿੰਘ ਸਨ। 30 ਵਿੱਘੇ ਜ਼ਮੀਨ ਇਸ ਪਾਵਨ ਅਸਥਾਨ ਦੇ ਨਾਮ ਹੈ।

# ਬਲਾਤਕਾਰ ਤੇ ਸਮਾਜ ਦੀ ਚੁੱਪ

-ਡਾ. ਕੁਲਦੀਪ ਕੌਰ

ਪਿਛਲੇ ਸਾਲ ਜਦੋਂ ਵਿਸ਼ਵ ਦੀ ਮੁੱਖ ਮੀਡੀਆ ਸੰਸਥਾਨ 'ਥਾਮਸਨ ਰਾਇਟਰਜ਼' ਨੇ 'ਭਾਰਤ ਵਿਚ ਔਰਤਾਂ ਖਿਲਾਫ਼ ਹਿੰਸਾ' ਨਾਮੀ ਰਿਪੋਰਟ ਜਾਰੀ ਕਰ ਕੇ ਭਾਰਤ ਨੂੰ ਔਰਤਾਂ ਲਈ ਦੁਨੀਆਂ ਦਾ ਸਭ ਤੋਂ ਅਸੁਰੱਖਿਅਤ ਦੇਸ਼ ਕਰਾਰ ਦਿੱਤਾ ਤਾਂ ਸਿਆਸੀ ਜਮਾਤ ਤੇ ਸਟੇਟ ਪੱਖੀ ਸੂਚਨਾ ਤੰਤਰ ਵਿਚ ਇਸ ਨੂੰ 'ਮੁਲਕ ਦੀ ਬੇਇੱਜ਼ਤੀ' ਕਰਾਰ ਦਿੰਦਿਆਂ ਰੱਦ ਕਰਨ ਦੀ ਦੌੜ ਲੱਗ ਗਈ। ਦਸੰਬਰ 2014 ਵਿਚ ਦਿੱਲੀ ਵਿਚ ਨਿਰਭਯਾ ਦੇ ਕਤਲ ਪਿੱਛੋਂ ਉਸ ਦੇ ਬਲਾਤਕਾਰੀਆਂ ਨਾਲ ਮੁਲਾਕਾਤਾਂ 'ਤੇ ਆਧਾਰਿਤ ਅਤੇ ਨਿਆਂ ਪ੍ਰਬੰਧ ਦੀ ਗ਼ੈਰ-ਸੰਵੇਦਨਸ਼ੀਲ ਪ੍ਰੀਕਿਰਿਆ 'ਤੇ ਸਵਾਲ ਖੜ੍ਹੀ ਕਰਦੀ ਦਸਤਾਵੇਜ਼ੀ ਫ਼ਿਲਮ 'ਭਾਰਤ ਦੀਆਂ ਬੇਟੀਆਂ' ਉੱਤੇ ਇਸ ਆਧਾਰ 'ਤੇ ਪਾਬੰਦੀ ਲਾ ਦਿੱਤੀ ਗਈ ਕਿ ਇਹ ਫ਼ਿਲਮ ਬਲਾਤਕਾਰ ਦੀ ਮਾਨਸਿਕਤਾ ਨੂੰ ਬਣਾਉਣ ਅਐ ਬਚਾਉਣ ਨਾਲ ਜੁੜੀਆਂ ਰਵਾਇਤਾਂ ਦੀ ਇਖ਼ਲਾਕੀ ਗਿਰਾਵਟ, ਸੱਭਿਆਚਾਰ ਨੂੰ ਬੇਪਰਦ ਕਰਦਿਆਂ ਬਲਾਤਕਾਰੀ ਦੇ ਕਾਨੂੰਨੀ ਤੰਤਰ, ਪ੍ਰਸ਼ਾਸਕੀ ਢਾਂਚੇ, ਸਿਆਸਤੀ ਦਾਇਰਿਆਂ ਦੀ ਰਣਨੀਤੀ ਅਤੇ ਨਿਆਂ ਪ੍ਰਬੰਧ ਨਾਲ ਸਬੰਧਾਂ ਦੀ ਛਾਣ-ਬੀਣ ਕਰਦੀ ਹੈ। ਬਸਤੀਵਾਦੀ ਪ੍ਰਬੰਧਾਂ ਤੋਂ ਆਜ਼ਾਦ ਹੋ ਚੁੱਕੇ ਦੇਸ਼ਾਂ ਅਤੇ ਵਿਕਸਤ ਮੁਲਕਾਂ ਵਿਚ ਜੇਕਰ ਵੋਟਾਂ ਦੀ ਸਿਆ-ਸਤ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਇਹ ਤੱਥ ਬਹੁਤ ਅਜੀਬ ਲੱਗ ਸਕਦਾ ਹੈ ਕਿ ਜਦੋਂ 'ਦੂਜਿਆਂ ਦੇ ਸਰੀਰਾਂ' ਅਤੇ 'ਉਨ੍ਹਾਂ ਦੇ ਕਿਆਸਾਂ' ਨਾਲ ਨਿਪਟਣ ਦੇ ਮਸਲੇ ਦੀ ਗੱਲ ਆਉਂਦੀ ਹੈ ਤਾਂ ਸਰੀਰਾਂ ਨੂੰ ਸਾੜ ਦੇਣ, ਮਾਰ ਦੇਣ, ਨਸ਼ਟ ਕਰ ਦੇਣ, ਅਪੰਗ ਕਰ ਦੇਣ ਜਾਂ ਤਬਾਹ ਕਰ ਦੇਣ ਦੀ ਸੱਤਾ ਹਮੇਸ਼ਾਂ ਜਮਹੂਰੀਅਤ ਦੇ ਫਲਸਫ਼ੇ ਅਤੇ ਸਮਾਜਿਕ ਬਰਾਬਰੀ ਦੇ ਪੈਮਾਨਿਆਂ 'ਤੇ ਭਾਰੂ ਪੈਂਦੀ ਹੈ।

ਔਰਤਾਂ ਨਾਲ ਬਲਾਤਕਾਰ ਦਾ ਮੁੱਦਾ ਉੱਪਰੀ ਸਤ੍ਹਾ 'ਤੇ ਦੇਖਿਆਂ ਅਚਾਨਕ ਵਾਪਰੀ ਘਟਨਾ ਤੇ ਬਹੁਤ ਹਾਲਤਾਂ ਵਿਚ 'ਮੰਦਭਾਗੀ' ਅਣਹੋਈ ਵਜੋਂ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬਹੁਤੀਆਂ ਹਾਲਤਾਂ ਵਿਚ ਕਾਨੂੰਨੀ ਪ੍ਰਕਿਰਿਆ ਦੀ ਖਾਨਾ ਪੂਰਤੀ ਰਾਹੀਂ ਇਨਸਾਫ਼ ਹੋ ਗਿਆ ਮੰਨ ਲਿਆ ਜਾਂਦਾ ਹੈ। ਇੱਥੇ ਧਿਆਨ ਯੋਗ ਨੁਕਤਾ ਇਹ ਹੈ ਕਿ ਬਲਾਤਕਾਰ ਦਾ ਜੁਰਮ ਕਤਲ ਕਰਨ, ਲੁੱਟਣ, ਤਸੀਹੇ ਦੇਣ ਜਾਂ ਅਪੰਗ ਕਰ ਦੇਣ ਦੇ ਜੁਰਮ ਤੋਂ ਬਹੁਤ ਵੱਖਰਾ ਹੈ। ਇਸ ਵਿਚ ਬਲਾਤਕਾਰੀ ਦੇ ਸਮਾਜੀਕਰਨ ਦੀ ਪ੍ਰਕਿਰਿਆ ਰਾਹੀਂ ਔਰਤਾਂ/ ਬੱਚਿਆਂ ਜਾਂ ਮਰਦਾਂ ਪ੍ਰਤੀ 'ਦੁਜੈਲੇਪਣ ਦੀ ਸਥਿਤੀ' ਦੀ ਸੰਰਚਨਾ ਕੀਤੀ ਜਾਂਦੀ ਹੈ। ਇੱਥੇ ਬਲਾਤਕਾਰ ਨਾਲ ਮਿਲਦੀ ਜੁਲਦੀ ਹਿੰਸਾ 'ਨਸਲਘਾਤ' ਦਾ ਉਦਾਹਰਨ ਦੇਣਾ ਕੁਥਾਂ ਨਹੀਂ ਹੋਵੇਗਾ। ਟੋਨੀ ਮੋਰੀਸਨ ਚਿੱਟੇ ਰੰਗ ਦੇ ਆਧਾਰ 'ਤੇ ਕਾਲਿਆਂ ਦੇ ਨਸਲਘਾਤ ਕਰਨ ਦੀ ਮਾਨਸਿਕਤਾ ਵਾਲੀ ਧਿਰ ਨੂੰ ਸਵਾਲ ਪੁੱਛਦਿਆਂ ਲਿਖਦੀ ਹੈ, 'ਜੇ ਤੁਹਾਡੇ ਵਿਚੋਂ ਤੁਹਾਡੀ ਨਸਲ ਮਨਫ਼ੀ ਕੀਤੀ ਜਾਵੇ ਤਾਂ ਤੁਸੀਂ ਕੀ ਰਹਿ ਜਾਵੋਗੇ?' ਅਗਲੀ ਦਲੀਲ ਦੇ ਕੇ ਉਹ ਆਖਦੀ ਹੈ ਕਿ ਨਸਲਵਾਦ ਖ਼ਤਮ ਹੋ ਜਾਵੇਗਾ, ਜਦੋਂ ਇਸ ਦਾ ਕੋਈ 'ਉਪਜਾਊ' ਮੁੱਲ ਨਹੀਂ ਰਹਿ ਜਾਵੇਗਾ, ਜਦੋਂ ਇਹ ਜਾਬਰ ਨੂੰ ਮਾਨਸਿਕ ਮਜ਼ਬੂਤੀ ਦੇਣੀ ਬੰਦ ਕਰ ਦੇਵੇਗਾ। ਇਸ ਦਾ ਦੂਜਾ ਅਰਥ ਇਹ ਵੀ ਨਿਕਲਦਾ ਹੈ ਕਿ ਜੇ ਅੱਜ ਤਕ ਨਾਮੀਵਾਦੀ ਬਿਰਤਾਂਤ ਇਸ ਬਿੰਦੂ 'ਤੇ ਕੇਂਦਰਿਤ ਰਿਹਾ ਹੈ 'ਔਰਤ ਹੁੰਦੀ ਨਹੀਂ, ਸਗੋਂ ਸਮਾਜਿਕ ਪ੍ਰਕਿਰਿਆ ਰਾਹੀਂ ਬਣਾਈ ਜਾਂਦੀ ਹੈ।' (ਸੀਮੋਨ ਦਿ ਬੋਨੋਰ) ਤਾਂ ਇਸ ਨੁਕਤੇ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਮਰਦਾਨਗੀ ਤੇ ਉਸ ਨੂੰ ਔਰਤ ਸਰੀਰ ਉੱਪਰ ਪਰਖਣ ਦੀ ਬੇਲਗਾਮ ਹਿੰਸਾ ਵੀ ਪੀੜ੍ਹੀ ਦਰ ਪੀੜ੍ਹੀ ਸੱਭਿਆਚਾਰ, ਧਾਰਮਿਕ, ਸਮਾਜਿਕ, ਆਰਥਿਕ ਅਤੇ ਸਿਆਸਤ ਰਾਹੀਂ ਘੜੀ ਜਾਂਦੀ ਹੈ।

ਮਰਦ ਦੇ ਤੌਰ 'ਤੇ ਕੁਦਰਤੀ ਅਤੇ ਸਮਾਜਿਕ ਵਸੀਲਿਆਂ 'ਤੇ ਬਿਨਾਂ ਕੋਈ ਤਰੱਦਦ ਕੀਤਿਆਂ ਕਬਜ਼ਾ ਹੋਣ ਦੀ ਸਹੂਲਤ ਤੇ ਦੇਸ਼ ਦੀ ਜ਼ਮੀਨ, ਘਰਾਂ, ਖੇਤਾਂ, ਕਾਰਖਾਨਿਆਂ, ਫੈਕਟਰੀਆਂ, ਸੜਕਾਂ, ਥਾਣਿਆਂ, ਦਫ਼ਤਰਾਂ, ਸਮਾਜਿਕ ਇਕੱਠ ਦੀਆਂ ਥਾਵਾਂ 'ਤੇ ਬਿਨਾਂ ਪਰਖੇ, ਬਿਨਾਂ ਰੋਕ ਟੋਕ, ਬਿਨਾਂ ਕਿਸੇ ਖ਼ਾਸ ਤਰੱਦਦ ਦੇ ਮਨਮਰਜ਼ੀ ਨਾਲ ਉੱਠਣ, ਬੈਠਣ, ਖਾਣ, ਨਹਾਉਣ, ਘੁੰਮਣ ਅਤੇ ਜੁਰਮ ਕਰਨ ਦੀਆਂ ਪ੍ਰਸਥਿਤੀਆਂ ਘੜਨ ਵਾਲੀਆਂ ਸਥਿਤੀਆਂ ਦਾ ਮੁਲਾਂਕਣ ਕਰੋ? ਜੇ ਫਿਰ ਵੀ ਸਥਿਤੀ ਨੂੰ ਸਮਝਣ ਵਿਚ ਦਿੱਕਤ ਆਵੇ ਤਾਂ ਕਿਸੇ ਸ਼ਹਿਰ ਦੀ ਕਿਸੇ ਵੀ ਸੜਕ 'ਤੇ 10-12 ਦੁਕਾਨਾਂ ਵਿਚਕਾਰ ਤੁਰੀ ਜਾ ਰਹੀ ਕਿਸੇ ਵੀ ਉਮਰ, ਨਸਲ, ਧਰਮ, ਜਾਤ, ਤਬਕੇ ਤੇ ਜਮਾਤ ਦੀ ਔਰਤ ਨੂੰ ਪੰਜ ਮਿੰਟ ਰੋਕ ਕੇ ਉਸ ਉੱਤੇ ਹੁਣੇ-ਹੁਣੇ ਕੱਸੀਆਂ ਫੱਬਤੀਆਂ ਬਾਰੇ ਚਰਚਾ ਕਰੋ। ਗਾਲ੍ਹਾਂ ਤੋਂ ਲੈ ਕੇ ਉਸ ਦੇ ਸਰੀਰ ਦੇ ਅੰਗਾਂ ਬਾਰੇ ਕੀਤੇ ਮਜ਼ਾਕ/ ਫਿਕਰੇ ਤੇ ਹਾਸੇ ਨੂੰ ਕਾਨੂੰਨ ਦੀ ਕਿਸ ਧਾਰਾ ਦੇ ਅੰਤਰਗਤ ਸਜ਼ਾ ਦੇ ਘੇਰੇ ਵਿਚ ਲਿਆਇਆ ਜਾਵੇ? ਇਨ੍ਹਾਂ ਮਰਦਾਂ ਦੇ ਪਿੱਛੇ ਕਿਹੜੀ ਦੈਵਿਕ, ਵੈਦਿਕ ਜਾਂ ਰੂਹਾਨੀ ਸ਼ਕਤੀ ਕੰਮ ਕਰ ਰਹੀ ਹੈ? ਮਰਦਾਨਗੀ ਦੀ ਇਹ ਸੱਤਾ ਦੁਨੀਆਂ ਦੀਆਂ ਸਾਰੀਆਂ ਸਭਾਵਾਂ ਤੋਂ ਇੰਨੀ ਤਾਕਤਵਰ ਹੈ ਕਿ ਔਰਤਾਂ ਦਾ ਆਪਣਾ ਵੱਡਾ ਹਿੱਸਾ ਖ਼ੁਦ ਨੂੰ ਇਨ੍ਹਾਂ ਦੇ ਨਜ਼ਰੀਏ ਤੋਂ ਪਰਖਣ ਨੂੰ ਮਜਬੂਰ ਹੈ। ਭਾਰਤੀ ਔਰਤਾਂ ਵਿਚ ਕੁਪੋਸ਼ਣ ਅਤੇ ਅਨੀਮੀਆ ਦੇ ਮੁੱਖ ਮੁੱਦੇ ਹਨ, ਇਸ ਦੇ ਬਾਵਜੂਦ ਇਸ ਸਮੇਂ ਭਾਰਤ ਵਿਸ਼ਵ ਦੀ ਸਭ ਤੋਂ ਵੱਧ ਵਿਕਣ ਵਾਲੀ ਗੋਰੇਪਣ ਦੀ ਕਰੀਮ ਅਤੇ ਸੁਰਖੀ-ਬਿੰਦੀ ਦਾ ਸਭ ਤੋਂ ਵੱਡਾ ਬਾਜ਼ਾਰ ਹੈ। ਭਾਰਤੀ ਔਰਤ ਦੀ ਪਰਿਭਾਸ਼ਾ ਦੇਣੀ ਹੋਵੇ ਤਾਂ ਕੀ ਦੇਵੋਗੇ? ਜੇ ਉਹ 'ਦੇਵੀ', 'ਸੀਤਾ' ਅਤੇ 'ਪਵਿੱਤਰ' ਹੈ ਤਾਂ ਉਸ ਨਾਲ ਹੁੰਦਾ ਜ਼ੁਲਮ ਧਾਰਮਿਕ ਕਿਤਾਬਾਂ ਤੇ ਧਾਰਮਿਕ ਮੱਠਾਂ 'ਤੇ ਸਵਾਲ ਕਿਉਂ ਨਹੀਂ ਖੜ੍ਹੇ ਕਰਦਾ? ਜੇ ਉਹ 'ਜੱਗ-ਜਨਨੀ' ਅਤੇ 'ਇੱਜ਼ਤ' ਹੈ ਤਾਂ ਕਵਿਤਾਵਾਂ, ਫ਼ਿਲਮਾਂ, ਕਲਾਵਾਂ, ਨਾਚ-ਗਾਣਿਆਂ ਅਤੇ ਸੱਭਿਆਚਾਰਕ ਰਹੁ-ਰੀਤਾਂ ਵਿਚ ਉਸ ਦਾ ਸਿਰਫ਼ 'ਸਰੀਰ' ਹੀ ਕਿਉਂ ਚਿਤਰਿਆ, ਸਿਰਜਿਆ ਅਤੇ ਪ੍ਰਚਾਰਿਆ ਜਾਂਦਾ ਹੈ? ਉਸ ਦੀ ਬੌਧਿਕਤਾ, ਸੰਵੇਦਨਸ਼ੀਲਤਾ, ਇਨਸਾਨੀ ਜਜ਼ਬੇ ਅਤੇ ਸੁਤੰਤਰ ਮਨੁੱਖ ਵਜੋਂ ਪੈਦਾ ਹੋ ਕੇ ਜ਼ਿੰਦਗੀ ਦੇ ਮਰਹਲੇ ਸਰ ਕਰਨ ਦੀ 'ਆਜ਼ਾਦੀ' ਕਿੱਥੇ ਹੈ? ਬਹੁਤੇ ਭਾਰਤੀ ਘਰਾਂ ਵਿਚ ਤਾਂ ਹਾਲੇ ਤਕ ਉਸ ਦੀ ਥਾਲੀ ਦੀ ਰੋਟੀ ਤਕ ਮਰਦਾਂ ਨਾਲੋਂ ਅੱਧੀ ਹੈ।



ਸਮਾਜਿਕ ਤੌਰ 'ਤੇ ਉਸ ਦਾ 'ਮਾਂ' ਵਾਲਾ ਰੂਪ ਹੀ ਕਿਉਂ ਸਵੀਕਾਰਿਆ ਗਿਆ? ਉਸ ਦੇ ਮਨੁੱਖ ਰੂਪੀ ਵਜੂਦ ਨਾਲ ਸਮਾਜ ਨੂੰ ਕੀ ਦਿੱਕਤ ਹੈ? ਇਨ੍ਹਾਂ ਸਾਰੇ ਸਵਾਲਾਂ ਨੂੰ ਸਮਝਣ ਜਾਂ ਲਾਗੂ ਕਰਨ ਵਾਲਾ ਪ੍ਰਬੰਧ ਕਿੱਥੇ ਨਦਾਰਦ ਹੈ? ਦੂਜੇ ਪਾਸੇ ਕੀ ਮਰਦਾਂ ਨੇ ਸੱਭਿਅਤਾ ਅਤੇ ਸੱਭਿਆਚਾਰਕ ਮਰਿਆਦਾ ਦੇ ਰੂਪ ਵਿਚ ਆਪਣੇ ਬਣਾਏ ਮੱਠਾਂ, ਢਾਂਚਿਆਂ ਅਤੇ ਤ੍ਰਾਸਦੀਆਂ ਨੂੰ ਗਹੁ ਨਾਲ ਤੱਕਿਆ ਹੈ? ਜੇ ਮਰਦਾਨਗੀ ਸਾਬਤ ਕਰਨ ਲਈ ਨਿਹੱਥੀ ਅਤੇ ਬੇਬਸ ਔਰਤ ਦਾ 'ਸ਼ਿਕਾਰ' ਕਰਨ ਵਰਗੇ 'ਨਰਕ' ਤੁਹਾਨੂੰ ਸੰਤੁਸ਼ਟ ਕਰਦੇ ਹਨ ਤਾਂ ਤੁਸੀਂ ਖ਼ੁਦ ਹੀ ਤਰਸਯੋਗ ਅਤੇ ਮਾੜੀ ਨੈਤਿਕ ਸਥਿਤੀ ਵਿਚ ਹੋ? ਜੇ ਪੂੰਜੀ ਦੀ ਸੱਤਾ ਵਿਚ ਪਲਣ ਦੇ ਸੱਭਿਆਚਾਰ ਨੇ ਤੁਹਾਡੀ ਮਨੁੱਖਤਾ ਅਤੇ ਸੰਵੇਦਨਸ਼ੀਲਤਾ ਨੂੰ ਸਾਣ 'ਤੇ ਲਾ ਛੱਡਿਆ ਹੈ ਤਾਂ ਇਸ ਦਾ ਅਰਥ ਤੁਸੀਂ ਸੱਤਾ ਅਤੇ ਇਸ ਨਾਲ ਜੁੜੇ ਢਾਂਚਿਆਂ ਨੂੰ ਸਿਰਜਣ ਤੇ ਚਲਾਉਣ ਦੀ ਨੈਤਿਕ ਅਤੇ ਬੌਧਿਕ ਸਮਰੱਥਾ ਖੋ ਚੁੱਕੇ ਹੋ? ਇਸ ਤੋਂ ਬਿਨਾਂ ਫਿਰ ਇਨ੍ਹਾਂ ਧਾਰਮਿਕ, ਸਿਆਸੀ ਅਤੇ ਸਮਾਜਿਕ ਜੁਗਾੜਾਂ, ਪੇਸ਼ਬੰਦੀਆਂ ਤੇ ਸਿਸਟਮਾਂ ਦਾ ਅਰਥ ਕੀ ਰਹਿ ਜਾਂਦਾ ਹੈ। ਜੇ ਤੁਹਾਡੀ ਅੱਧੀ ਆਬਾਦੀ ਨਿਆਂ ਤੇ ਅਣਖ ਨਾਲ ਜੀਵ ਦੀ ਮੁੱਢਲੀ ਮਨੁੱਖੀ ਸ਼ਰਤ ਨੂੰ ਗਵਾ ਬੈਠੀ ਹੋਵੇ? ਔਰਤਾਂ ਨਾਲ ਹੁੰਦੇ ਬਲਾਤਕਾਰਾਂ ਤੋਂ ਵੱਡੇ ਤਸੀਹਾ-ਘਰ ਦੇਖਣੇ ਹੋਣ ਤਾਂ ਇਕ ਸਕੂਟਰ, ਫਰਿੱਜ ਜਾਂ ਟੀ ਵੀ ਪਿੱਛੇ ਸਾੜ ਦਿੱਤੀਆਂ ਗਈਆਂ ਕੁੜੀਆਂ ਦੀਆਂ ਮਾਵਾਂ ਨੂੰ ਪੁੱਛੋ? ਉਨ੍ਹਾਂ ਘਰਾਂ ਵਿਚ ਝਾਤੀ ਮਾਰੋ ਜਿੱਥੇ ਤੁਹਾਡੀਆਂ ਬੇਟੀਆਂ, ਪਤਨੀਆਂ ਅਤੇ ਨੂੰਹਾਂ ਦਿਨ-ਰਾਤ ਛੇੜਖਾਨੀ, ਬਲਾਤਕਾਰ ਅਤੇ ਜ਼ਲਾਲਤ ਦੀ ਕਰੂਰਤਾ ਦੀ ਦਹਿਸ਼ਤ ਵਿਚ ਦਿਨ ਕਟੀ ਕਰ ਰਹੀਆਂ ਹਨ? ਜੇ ਡਾਕਟਰ ਹੋ ਤਾਂ ਆਪਣੀਆਂ ਔਰਤ ਮਰੀਜ਼ਾਂ ਦੇ ਸਰੀਰਾਂ ਦੇ ਵੱਢ-ਟੁੱਕ ਦੇ ਨਿਸ਼ਾਨਾਂ ਨੂੰ ਪੜ੍ਹੋ? ਅਧਿਆਪਕ ਹੋ ਤਾਂ ਕਲਾਸਾਂ ਵਿਚ ਲਿੰਗ ਸਮਾਨਤਾ ਦੇ ਚੈਪਟਰ ਪੜ੍ਹਦੀਆਂ ਕੁੜੀਆਂ ਦੀਆਂ ਅੱਖਾਂ ਨੂੰ ਧਿਆਨ ਨਾਲ ਦੇਖੋ। ਨੇਤਾ ਹੋ ਤਾਂ ਸਟੇਜਾਂ ਤੋਂ ਹੇਠਾਂ ਆ ਕੇ ਦੇਖੋ, ਧਰਨਿਆਂ, ਰੈਲੀਆਂ ਅਤੇ ਨਾਅਰਿਆਂ ਤੋਂ ਪਰੇ ਔਰਤਾਂ ਨਾਲ ਕੀ ਹੋ ਰਿਹਾ ਹੈ? ਲੇਖਕ ਹੋ ਤਾਂ ਔਰਤਾਂ ਬਾਰੇ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਸੁਣਨਾ ਨਾ ਭੁੱਲੋ। ਮਹਿਸੂਸ ਕਰਨ ਦੀ ਸਮਰੱਥਾ ਬਚੀ ਹੋਈ ਹੋਵੇ ਤਾਂ ਉਨ੍ਹਾਂ ਦੀ 'ਚੁੱਪ' ਨੂੰ ਸੁਣੋ। ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਹੁਤ ਜਲਦੀ ਔਰਤਾਂ ਖਿਲਾਫ਼ ਹੁੰਦੀ ਹਿੰਸਾ ਮਨੁੱਖੀ ਨਸਲ ਦੀ 'ਜ਼ਰੂਰਤ' 'ਤੇ ਹੀ ਸਵਾਲੀਆ ਨਿਸ਼ਾਨ ਖੜ੍ਹੇ ਕਰ ਦੇਵੇ।

# ਪੂਰਬੀ ਪਾਕਿਸਤਾਨ ਉੱਤੇ ਪੱਛਮੀ ਪਾਕਿਸਤਾਨੀਆਂ ਦੇ ਜ਼ੁਲਮਾਂ ਦੀ ਦਰਦਨਾਕ ਦਾਸਤਾਂ

-ਪ੍ਰੋਫੈਸਰ ਦਰਬਾਰੀ ਲਾਲ

1971 ਦੀ ਭਾਰਤ-ਪਾਕਿ ਜੰਗ ਵਿਸ਼ਵ ਦੇ ਜੰਗੀ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਦੂਜੀ ਵਿਸ਼ਵ ਜੰਗ ਤੋਂ ਬਾਅਦ ਸਿਰਫ 13 ਦਿਨਾਂ 'ਚ ਇਹ ਜੰਗ ਫੈਸਲਾਕੁੰਨ ਸਾਬਿਤ ਹੋਈ। ਇਸ ਜੰਗ ਦੀ ਸਫਲਤਾ ਲਈ ਸਵਰਗੀ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਅਨੋਖੀ ਨੀਤੀ ਅਤੇ ਕੂਟਨੀਤੀ ਅਤੇ ਜਨਰਲ ਸੈਮ ਮਾਣਕ ਸ਼ਾਅ ਦੀ ਵਿਵੇਕ ਪੂਰਨ ਅਤੇ ਯੋਜਨਾਬੱਧ ਕੁਸ਼ਲ ਰਣਨੀਤੀ ਅਤੇ ਭਾਰਤੀ ਫੌਜੀਆਂ ਵੱਲੋਂ ਬੜੀ ਬਹਾਦਰੀ ਨਾਲ ਲੜਨ ਨੇ ਪਾਕਿਸਤਾਨੀ ਫੌਜ ਨੂੰ ਹਥਿਆਰ ਸੁੱਟਣ ਲਈ ਮਜਬੂਰ ਕਰ ਦਿੱਤਾ। ਭਾਰਤ ਦੇ 3800 ਦੇ ਕਰੀਬ ਫੌਜੀ ਸ਼ਹੀਦ ਹੋਏ, ਜਦ ਕਿ ਪਾਕਿਸਤਾਨ ਦੇ 12,000 ਫੌਜੀ ਮਾਰੇ ਗਏ। 30 ਲੱਖ ਬੰਗਾਲੀ ਲੋਕਾਂ ਨੂੰ ਪਾਕਿਸਤਾਨੀ ਫੌਜ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸਲਾਮੀ ਮਿਲੀਸ਼ੀਆ ਬਣੇ ਰਜ਼ਾਕਾਰਾਂ ਨੇ ਚਾਰ ਲੱਖ ਤੋਂ ਵੱਧ ਬੰਗਾਲੀ ਔਰਤਾਂ ਤੇ ਬੇਟੀਆਂ ਨਾਲ ਰੇਪ ਕੀਤਾ। ਭਾਰਤ ਦੇ ਪੰਜ ਲੱਖ ਫੌਜੀਆਂ ਅਤੇ ਬੰਗਾਲੀ ਲੋਕਾਂ ਦੇ ਡੇਢ ਲੱਖ ਮੁਕਤੀ ਵਾਹਿਨੀ ਫੌਜੀਆਂ ਨੇ ਇਸ ਜੰਗ ਵਿੱਚ ਹਿੱਸਾ ਲਿਆ। ਨਤੀਜੇ ਵਿੱਚ ਪਾਕਿਸਤਾਨ ਦੀ ਅੱਧੀ ਜ਼ਮੀਨ ਉਸ ਤੋਂ ਕੱਟੀ ਗਈ ਤੇ ਪੂਰਬੀ ਪਾਕਿਸਤਾਨ ਇੱਕ ਨਵੇਂ ਦੇਸ਼ ਬੰਗਲਾ ਦੇਸ਼ ਦੇ ਰੂਪ ਵਿੱਚ ਸਥਾਪਤ ਹੋ ਗਿਆ। ਨਵੇਂ ਦੇਸ਼ ਦੀ ਉਸਾਰੀ ਲਈ ਭਾਰਤ ਨੇ ਵਿਸ਼ਵ ਵਿੱਚ ਜਿੱਥੇ ਨਵਾਂ ਰਿਕਾਰਡ ਬਣਾਇਆ, ਉਥੇ ਪਾਕਿਸਤਾਨ ਨੇ ਆਪਣੇ ਲੋਕਾਂ ਨੂੰ ਫੌਜੀ ਹਕੂਮਤ ਨਾਲ ਡਰਾ ਧਮਕਾ ਕੇ ਰੱਖਣ ਦੀ ਕੋਸ਼ਿਸ਼ ਕੀਤੀ, ਜੋ ਬੁਰੀ ਤਰ੍ਹਾਂ ਅਸਫਲ ਹੋਈ। ਪਾਕਿਸਤਾਨ ਦੀ ਉਸਾਰੀ ਉਨ੍ਹਾਂ ਦੇ ਨੇਤਾਵਾਂ ਦੀਆਂ ਨੀਤੀਆਂ ਤੇ ਪੂਰਬੀ ਪਾਕਿਸਤਾਨ ਉਤੇ ਪੱਛਮੀ ਪਾਕਿਸਤਾਨ ਦੇ ਲੋਕਾਂ ਵੱਲੋਂ ਜ਼ੁਲਮ ਦੀ ਦਰਦਨਾਕ ਦਾਸਤਾਂ ਨੂੰ ਜਾਣਨ ਲਈ ਇਤਿਹਾਸ 'ਤੇ ਨਜ਼ਰਸਾਨੀ ਕਰਨਾ ਬਹੁਤ ਜ਼ਰੂਰੀ ਹੈ।

ਅਸਲ ਵਿੱਚ ਪੱਛਮੀ ਅਤੇ ਪੂਰਬੀ ਪਾਕਿਸਤਾਨ ਵਿੱਚ 1600 ਕਿਲੋਮੀਟਰ ਦਾ ਫਰਕ ਸੀ। ਪੱਛਮੀ ਪਾਕਿਸਤਾਨ ਤੋਂ ਚੱਲਦੀ ਸਾਂਝੀ ਸਰਕਾਰ ਉੱਤੇ ਪੰਜਾਬੀਆਂ ਦਾ ਦਬਦਬਾ ਸੀ ਅਤੇ ਉਹ ਪੂਰਬੀ ਪਾਕਿਸਤਾਨ 'ਤੇ ਆਪਣੀ ਮਰਜ਼ੀ ਚਲਾਉਂਦੇ ਸਨ, ਜੋ ਪੂਰਬੀ ਪਾਕਿ-ਸਤਾਨ ਦੇ ਲੋਕਾਂ ਨੂੰ ਪਸੰਦ ਨਹੀਂ ਸੀ। ਪੂਰਬੀ ਪਾਕਿਸਤਾਨ ਦਾ ਜ਼ਿਆਦਾ ਧਨ ਪੱਛਮੀ ਪਾਕਿਸਤਾਨ ਹੜੱਪ ਜਾਂਦਾ ਸੀ ਅਤੇ ਖੁਦ ਉਨ੍ਹਾਂ ਦੇ ਵਿਕਾਸ ਲਈ ਘੱਟ ਪੈਸੇ ਮਿਲਣ ਨਾਲ ਲੋਕਾਂ 'ਚ ਨਿਰਾਸ਼ਾ ਫੈਲਣ ਲੱਗੀ। ਉਦਯੋਗਿਕ ਵਿਕਾਸ ਦੇ ਵੀ ਕੋਈ ਸਕਾਰਾਤਮਕ ਅਤੇ ਠੋਸ ਕਦਮ ਨਹੀਂ ਚੁੱਕੇ ਜਾਂਦੇ ਸਨ। ਖੇਤੀ ਖੇਤਰ ਵਿੱਚ ਸੁਧਾਰ ਲਿਆਉਣ ਲਈ ਵੀ ਕਰੀਬ-ਕਰੀਬ ਨਕਾਰਾਤਮਕ ਸੀ। ਨਾਗਰਿਕ ਵਿਕਾਸ ਯੋਜਨਾਵਾਂ 'ਤੇ ਵੀ ਲੋੜ ਅਨੁਸਾਰ ਧਨ ਖਰਚ ਨਹੀਂ ਕੀਤਾ ਜਾਂਦਾ ਸੀ। ਮਿਲਟਰੀ ਅਤੇ ਸਿਵਲ ਸਰਵਿਸਿਜ਼ ਵਿੱਚ ਪੱਛਮੀ ਪਾਕਿਸਤਾਨ ਦੇ ਪੰਜਾਬੀਆਂ ਦਾ ਬੋਲਬਾਲਾ ਸੀ ਅਤੇ ਬੰਗਾਲੀ ਲੋਕਾਂ ਨੂੰ ਉਨ੍ਹਾਂ ਦੇ ਹੇਠ ਕੰਮ ਕਰਨਾ ਪੈਂਦਾ ਸੀ, ਜਿਸ ਕਾਰਨ ਪੂਰਬੀ ਪਾਕਿਸਤਾਨ ਦੇ ਲੋਕਾਂ ਵਿੱਚ ਪੱਛਮੀ ਪਾਕਿਸਤਾਨ ਵਿਰੁੱਧ ਨਾਰਾਜ਼ਗੀ ਵਧਦੀ ਗਈ ਅਤੇ ਆਵਾਮੀ ਲੀਗ ਦੇ ਕਈ ਨੇਤਾਵਾਂ ਨੇ ਆਜ਼ਾਦੀ ਲਈ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ। ਆਜ਼ਾਦੀ ਦੀ ਲਹਿਰ ਦਬਾਉਣ ਲਈ ਪਾਕਿਸਤਾਨ ਨੇ ਫੌਜੀ ਤਸ਼ੱਦਦ ਦੀ ਪੂਰੀ ਵਰਤੋਂ ਕੀਤੀ ਤਾਂ ਲੋਕਾਂ ਦੀ ਪਾਕਿਸਤਾਨ ਵਿਰੁੱਧ ਨਿਰਾਸ਼ਾ ਹੀ ਨਹੀਂ ਵਧੀ, ਸਗੋਂ ਨਫਰਤ ਦੀ ਇੱਕ ਨਵੀਂ ਚੰਗਿਆੜੀ ਨੇ ਜਨਮ ਲਿਆ।

ਪਾਕਿਸਤਾਨ 'ਚ 1947 ਤੋਂ 1958 ਤੱਕ ਛੇ ਪ੍ਰਧਾਨ ਮੰਤਰੀਆਂ ਨੂੰ ਸ਼ਾਸਨ ਕਰਨ ਦਾ ਮੌਕਾ ਮਿਲਿਆ ਅਤੇ 1958 ਵਿੱਚ ਆਯੂਬ ਖਾਨ ਨੇ ਜਮਹੂਰੀ ਲੀਗ ਨਾਲ ਚੁਣੀ ਗਈ ਸਰਕਾਰ ਨੂੰ ਹਟਾ ਕੇ ਫੌਜੀ ਸ਼ਾਸਨ ਲਾਗੂ ਕਰ ਦਿੱਤਾ, ਜਦ ਕਿ ਭਾਰਤ ਵਿੱਚ 1947 ਤੋਂ 1963 ਤੱਕ ਪੰਡਿਤ ਜਵਾਹਰ ਲਾਲ ਨਹਿਰੂ ਹੀ ਪ੍ਰਧਾਨ ਮੰਤਰੀ ਰਹੇ, ਸਰਕਾਰ ਸਥਿਰ ਰਹੀ ਅਤੇ ਦੇਸ਼ ਵਿਕਾਸ ਵੱਲ ਵਧਦਾ ਰਿਹਾ। ਪਾਕਿਸਤਾਨ 'ਚ ਅਸਥਿਰ ਸਰਕਾਰਾਂ ਕਾਰਨ ਪ੍ਰਜਾਤੰਤਰ ਦੀਆਂ ਜੜ੍ਹਾਂ ਮਜ਼ਬੂਤ ਨਹੀਂ ਹੋ ਸਕੀਆਂ। 1969 'ਚ ਆਯੂਬ ਖਾਨ ਨੇ ਹਾਲਾਤ ਵੇਖਦੇ ਹੋਏ ਖੁਦ ਪਿੱਛੇ ਹਟਣ ਦਾ ਫੈਸਲਾ ਕੀਤਾ ਤੇ ਆਪਣੇ ਇੱਕ ਨੇੜਲੇ ਜਰਨੈਲ ਯਹੀਆ ਖਾਨ ਨੂੰ ਸੱਤਾ ਸੌਂਪ ਦਿੱਤੀ। ਯਹੀਆ ਖਾਨ ਇੱਕ ਰੰਗੀਨ-ਮਿਜ਼ਾਜ ਤੇ ਸ਼ਰਾਬਨੋਸ਼ੀ ਕਰਨ ਵਾਲਾ ਫਾਰਸੀ ਜ਼ੁਬਾਨ ਦਾ ਪਠਾਣ ਸੀ। ਉਸ ਰਾਜ ਵਿੱਚ ਜਦੋਂ ਈਰਾਨ ਦੇ ਬਾਦਸ਼ਾਹ ਨੇ ਪਾਕਿਸਤਾਨ ਤੋਂ ਵਾਪਸ ਜਾਣਾ ਸੀ ਤਾਂ ਅਫਸਰਾਂ ਨੇ ਯਾਹੀਆ ਖਾਨ ਨੂੰ ਲੱਭਣਾ ਸ਼ੁਰੂ ਕਰ ਦਿੱਤਾ। ਅਖੀਰ ਜਨਰਲ ਰਾਣੀ ਨੂੰ ਉਸ ਦੇ ਕਮਰੇ ਵਿੱਚ ਭੇਜਿਆ ਗਿਆ ਕਿਉਂਕਿ ਕੋਈ ਹੋਰ ਦੂਜਾ ਓਥੇ ਜਾਣ ਦੀ ਹਿੰਮਤ ਨਹੀਂ ਕਰਦਾ ਸੀ ਤੇ ਰਾਣੀ ਵੀ ਖੁਦ ਹੈਰਾਨ ਹੋ ਗਈ, ਜਦੋਂ ਉਸ ਨੇ ਯਾਹੀਆ ਖਾਨ ਨੂੰ ਉਸ ਸਮੇਂ ਪਾਕਿ-ਸਤਾਨ ਦੀ ਸਭ ਤੋਂ ਵੱਡੀ ਗਾਇਕਾ ਨਾਲ ਹਮਬਿਸਤਰ ਹੁੰਦੇ ਦੇਖਿਆ।

ਹਕੀਕਤ ਵਿੱਚ ਇਨ੍ਹਾਂ ਫੌਜੀ ਹੁਕਮਰਾਨਾਂ ਨੇ ਪੂਰਬੀ ਪਾਕਿਸਤਾਨ ਦੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਅਤੇ ਉਨ੍ਹਾਂ ਦੀ ਹਮਦਰਦੀ ਹਾਸਲ ਕਰਨ ਲਈ ਕਦਮ ਚੁੱਕਣ ਦੀ ਥਾਂ ਉਨ੍ਹਾਂ ਨੂੰ ਫੌਜ ਰਾਹੀਂ ਕੁਚਲਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਯਾਹੀਆ ਖਾਨ ਨੇ ਜਦੋਂ ਪੂਰਬੀ ਪਾਕਿਸਤਾਨ ਦੀ ਜ਼ਮੀਨੀ ਹਕੀਕਤ ਸਮਝ ਲਈ ਤਾਂ ਉਸ ਨੇ ਦੇਸ਼ ਵਿੱਚ ਚੋਣਾਂ ਕਰਾਉਣ ਦਾ ਫੈਸਲਾ ਕੀਤਾ। ਚੋਣਾਂ ਦੇ ਸਿੱਟੇ ਵਜੋਂ ਪੂਰਬੀ ਪਾਕਿ-ਸਤਾਨ 169 ਵਿੱਚੋਂ 167 ਸੀਟਾਂ ਆਵਾਮੀ ਲੀਗ ਦੇ ਮੁਖੀ ਸ਼ੇਖ ਮੁਜੀਬੁਰ ਰਹਿਮਾਨ ਨੇ ਜਿੱਤ ਲਈਆਂ। ਪੱਛਮੀ ਪਾਕਿਸਤਾਨ 'ਚ ਜ਼ੁਲਿਫਕਾਰ ਅਲੀ ਭੁੱਟੋ ਦਾ ਬੋਲਬਾਲਾ ਸੀ। ਕੁੱਲ 310 ਵਿੱਚੋਂ 167 ਸੀਟਾਂ ਜਿੱਤਣ ਵਾਲਾ ਦੇਸ਼ ਦੇ ਸੰਵਿਧਾਨ ਅਨੁਸਾਰ ਪ੍ਰਧਾਨ ਮੰਤਰੀ ਬਣ ਸਕਦਾ ਸੀ। ਜਨਰਲ ਯਾਹੀਆ ਖਾਨ ਨੇ ਕੌਮੀ ਅਸੈਂਬਲੀ ਦਾ ਸੈਸ਼ਨ ਬੁਲਾ ਲਿਆ, ਪਰ ਪ੍ਰਧਾਨ ਮੰਤਰੀ ਨਾ ਬਣਨ ਕਾਰਨ ਨਿਰਾਸ਼ ਅਤੇ ਦੁਖੀ ਜ਼ੁਲਿਫਕਾਰ ਅਲੀ ਭੁੱਟੋ ਨੇ ਐਲਾਨ ਕਰ ਦਿੱਤਾ ਕਿ ਜੇ ਕੋਈ ਪੀਪਲਜ਼ ਪਾਰਟੀ ਦਾ ਮੈਂਬਰ ਅਸੈਂਬਲੀ ਵਿੱਚ ਗਿਆ ਤਾਂ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਜਾਣਗੀਆਂ। ਇਸ ਤਰ੍ਹਾਂ ਯਹੀਆ ਖਾਨ ਨੂੰ ਅਸੈਂਬਲੀ ਸ਼ੈਸਨ ਰੱਦ ਕਰਨਾ ਪਿਆ, ਪਰ ਪੂਰਬੀ ਪਾਕਿਸਤਾਨ ਵਿੱਚ ਬੜੇ ਜ਼ੋਰਦਾਰ ਢੰਗ ਨਾਲ ਵਿਰੋਧ ਹੋਣ ਲੱਗਾ ਅਤੇ 300 ਦੇ ਕਰੀਬ ਬਿਹਾਰੀਆਂ, ਜਿਹੜੇ ਪੱਛਮੀ ਪਾਕਿਸਤਾਨ ਦਾ ਪੱਖ ਲੈਂਦੇ ਸਨ, ਨੂੰ ਬੰਗਾਲੀ ਲੋਕਾਂ ਨੇ ਕਤਲ ਕਰ ਦਿੱਤਾ ਅਤੇ 29 ਮਾਰਚ 1971 ਨੂੰ ਪਾਕਿਸਤਾਨ ਦੀ ਸਰਕਾਰ ਨੇ ਸ਼ੇਖ ਮੁਜੀਬੁਰ ਰਹਿਮਾਨ ਨੂੰ ਬੰਦੀ ਬਣਾ ਕੇ ਪੱਛਮੀ ਪਾਕਿਸਤਾਨ ਵਿੱਚ ਜੇਲ੍ਹ ਵਿੱਚ ਤਾੜ ਦਿੱਤਾ।

ਅਪ੍ਰੈਲ ਵਿੱਚ ਆਵਾਮੀ ਲੀਗ ਨੇ ਬੰਗਾਲ ਵਿੱਚ ਆਪਣੀ ਸਰਕਾਰ ਦਾ ਐਲਾਨ ਕਰ ਦਿੱਤਾ ਤੇ ਇਸ ਤੋਂ ਪਹਿਲਾਂ 27 ਮਾਰਚ ਨੂੰ ਭਾਰਤ ਦੀ ਪ੍ਰਧਾਨ ਮੰਤਰੀ ਨੇ ਬੰਗਲਾ ਦੇਸ਼ ਦੀ ਆਜ਼ਾਦੀ ਲਈ ਪੂਰੇ ਸਮਰਥਨ ਦਾ ਐਲਾਨ ਕਰ ਕੇ ਬੰਗਾਲੀਆਂ ਦੀ ਹਮਦਰਦੀ ਹਾਸਲ ਕੀਤੀ। ਪੂਰਬੀ ਪਾਕਿਸਤਾਨ 'ਚ ਜਨਰਲ ਟਿੱਕਾ ਖਾਨ ਨੇ ਬੜੀ ਤੇਜ਼ੀ ਅਤੇ ਜ਼ਾਲਿਮਾਨਾ ਢੰਗ ਨਾਲ ਲੋਕਾਂ ਨਾਲ ਪੇਸ਼ ਆਉਣਾ ਸ਼ੁਰੂ ਕਰ ਦਿੱਤਾ। ਹੜਤਾਲ ਕਰਨ ਵਾਲਿਆਂ ਅਤੇ ਨਾ ਮਿਲਵਰਤਨ ਅੰਦੋਲਨ ਚਲਾਉਣ ਵਾਲਿਆਂ ਨੂੰ ਬੜੀ ਬੁਰੀ ਤਰ੍ਹਾਂ ਕੁੱਟਿਆ ਅਤੇ ਹਜ਼ਾਰਾਂ ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ। ਪੂਰਬੀ ਪਾਕਿਸਤਾਨ ਵਿੱਚ ਫੈਲੇ ਡਰ ਤੇ ਦਹਿਸ਼ਤ ਦੇ ਮਾਹੌਲ ਨਾਲ ਲੱਖਾਂ ਲੋਕ ਦੇਸ਼ ਛੱਡ ਕੇ ਭਾਰਤ ਵੱਲ ਆਉਣ ਲੱਗੇ, ਜਿਸ ਨਾਲ ਭਾਰਤ ਦੇ ਬੰਗਾਲ, ਬਿਹਾਰ, ਆਸਾਮ, ਮੇਘਾਲਿਆ ਅਤੇ ਤ੍ਰਿਪੁਰਾ ਰਾਜਾਂ ਦੀਆਂ ਸਰਕਾਰਾਂ ਨੇ ਇਨ੍ਹਾਂ ਰਫਿਊਜ਼ੀਆਂ ਨੂੰ ਪਨਾਹ ਦੇਣ ਲਈ ਦਰਵਾਜ਼ੇ ਖੋਲ੍ਹ ਦਿੱਤੇ। ਕੁਝ ਮਹੀਨਿਆਂ ਵਿੱਚ ਹੀ ਇਨ੍ਹਾਂ ਦੀ ਗਿਣਤੀ ਇੱਕ ਕਰੋੜ ਦੇ ਕਰੀਬ ਪਹੁੰਚ ਗਈ ਤੇ ਇਸ ਤਰ੍ਹਾਂ ਸਮੁੱਚਾ ਪੂਰਬੀ ਪਾਕਿਸਤਾਨ ਪੱਛਮੀ ਪਾਕਿ-ਸਤਾਨ ਦੀ ਫੌਜ ਦੇ ਜ਼ੁਲਮ ਵਿਰੁੱਧ ਉਠ ਖੜ੍ਹਾ ਹੋਇਆ।

ਪਾਕਿਸਤਾਨ ਨੇ ਤਿੰਨ ਦਸੰਬਰ 1971 ਨੂੰ ਭਾਰਤ ਦੇ 11 ਹਵਾਈ ਅੱਡਿਆਂ ਉੱਤੇ ਹਮਲਾ ਕਰ ਦਿੱਤਾ। ਉਸੇ ਸ਼ਾਮ ਸ੍ਰੀਮਤੀ ਇੰਦਰਾ ਗਾਂਧੀ ਨੇ ਰੇਡੀਓ ਉੱਤੇ ਪਾਕਿਸਤਾਨ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਤੇ ਅਗਲੇ 48 ਘੰਟਿਆਂ ਵਿੱਚ ਪੂਰਬੀ ਪਾਕਿਸਤਾਨ ਦੇ ਸਾਰੇ ਹਵਾਈ ਅੱਡੇ ਨਕਾਰਾ ਕਰ ਦਿੱਤੇ ਗਏ ਤੇ ਆਸਮਾਨ ਵਿੱਚ ਉਨ੍ਹਾਂ ਦੀ ਤਾਕਤ ਨੂੰ ਤਬਾਹ ਕਰ ਦਿੱਤਾ ਗਿਆ। ਪਾਕਿ-ਸਤਾਨ ਨਾ ਭਾਰਤ ਦੀ ਨੀਤੀ ਨੂੰ ਸਮਝ ਸਕਿਆ ਤੇ ਨਾ ਕੂਟਨੀਤੀ ਨੂੰ। ਅਸਲ ਵਿੱਚ ਸ੍ਰੀਮਤੀ ਇੰਦਰਾ ਗਾਂਧੀ ਨੇ ਪਹਿਲਾਂ ਰੂਸ ਨਾਲ 20 ਸਾਲਾ ਸਮਝੌਤਾ ਕੀਤਾ ਕਿ ਜੇ ਤੀਸਰਾ ਦੇਸ਼ ਜੰਗ ਵਿੱਚ ਦਾਖਲ ਹੁੰਦਾ ਤਾਂ ਰੂਸ ਭਾਰਤ ਦਾ ਸਾਥ ਦੇਵੇਗਾ। ਦੂਜਾ, ਭਾਰਤ ਨੇ ਦਸੰਬਰ ਦਾ ਮਹੀਨਾ ਇਸ ਲਈ ਚੁਣਿਆ ਕਿ ਪਹਾੜਾਂ 'ਤੇ ਬਰਫ ਚੰਗੀ ਤਰ੍ਹਾਂ ਪੈਣ ਨਾਲ ਚੀਨ ਪਾਕਿ-ਸਤਾਨ ਦੀ ਮਦਦ ਨਹੀਂ ਕਰ ਸਕੇਗਾ। ਅਮਰੀਕਾ ਦੇ ਰਾਸ਼ਟਰਪਤੀ ਨਿਕਸਨ ਨੇ ਆਪਣਾ ਸੱਤਵਾਂ ਬੇੜਾ ਬੰਗਾਲ ਦੀ ਖਾੜੀ ਵਿੱਚ ਭੇਜਣ ਦਾ ਯਾਹੀਆ ਖਾਨ ਨਾਲ ਵਾਅਦਾ ਕੀਤਾ ਸੀ, ਪਰ ਹਾਲਾਤ ਦਾ ਜਾਇਜ਼ਾ ਲੈ ਕੇ ਉਸ ਨੇ ਬੇੜਾ ਵਾਪਸ ਬੁਲਾ ਲਿਆ। ਜੰਗ ਵਿੱਚ ਭਾਰਤ ਦੀ ਰਣਨੀਤੀ ਕਾਰਗਰ ਸਾਬਿਤ ਹੋਈ। ਪਾਕਿਸਤਾਨ ਭਾਰਤ ਦੀ ਤਿਆਰੀ ਦਾ ਅੰਦਾਜ਼ਾ ਵੀ ਨਹੀਂ ਲਾ ਸਕਿਆ। ਤਿੰਨ ਦਸੰਬਰ ਤੋਂ ਸ਼ੁਰੂ ਹੋਈ ਜੰਗ ਵਿੱਚ 18 ਦਸੰਬਰ ਨੂੰ ਪਾਕਿਸਤਾਨ ਦੇ ਜਰਨੈਲ ਏ ਏ ਖਾਨ ਨਿਆਜ਼ੀ ਨੂੰ ਆਪਣੇ ਨਾਲ 93000 ਤੋਂ ਵੱਧ ਫੌਜੀਆਂ ਨੂੰ ਹਥਿਆਰ ਸੁੱਟਣੇ ਪਏ। ਇੰਨੀ ਵੱਡੀ ਗਿਣਤੀ ਵਿੱਚ ਫੌਜੀਆਂ ਦੇ ਹਥਿਆਰ ਸੁੱਟਣ ਦੀ ਇਤਿਹਾਸ ਵਿੱਚ ਪਹਿਲੀ ਘਟਨਾ ਸੀ ਅਤੇ 18 ਦਸੰਬਰ ਨੂੰ ਜਨਰਲ ਨਿਆਜ਼ੀ ਨੇ ਭਾਰਤ ਦੇ ਜਨਰਲ ਜਗਜੀਤ ਸਿੰਘ ਅਰੋੜਾ ਤੇ ਹੋਰਨਾਂ ਜਰਨਲਾਂ ਸਾਹਮਣੇ ਸਮਰਪਣ ਪੱਤਰ 'ਤੇ ਦਸਤਖਤ ਕਰ ਦਿੱਤੇ ਅਤੇ ਉਸੇ ਦਿਨ ਭਾਰਤ ਨੇ ਬੰਗਲਾ ਦੇਸ਼ ਨੂੰ ਇੱਕ ਆਜ਼ਾਦ ਦੇਸ਼ ਐਲਾਨ ਦਿੱਤਾ। ਭਾਵੇਂ ਇਸ ਤੋਂ ਪਹਿਲਾਂ 1947 ਅਤੇ 1965 ਦੀਆਂ ਜੰਗਾਂ ਵਿੱਚ ਵੀ ਪਾਕਿਸਤਾਨ ਨੇ ਭਾਰਤ ਤੋਂ ਹਾਰ ਖਾਧੀ ਸੀ, ਪਰ 1971 ਦੀ ਜੰਗ ਨੇ ਉਸ ਦਾ ਰਹਿੰਦਾ-ਖੂੰਹਦਾ ਲੱਕ ਵੀ ਤੋੜ ਦਿੱਤਾ।

1972 ਵਿੱਚ ਸ਼ਿਮਲਾ ਸਮਝੌਤੇ ਹੇਠ ਭਾਰਤ ਨੇ ਪਾਕਿਸਤਾਨ ਦੇ 90,000 ਦੇ ਕਰੀਬ ਕੈਦੀ ਫੌਜੀ ਅਤੇ 15,000 ਕਿਲੋਮੀਟਰ ਤੋਂ ਵੱਧ ਜ਼ਮੀਨ ਵਾਪਸ ਕਰ ਦਿੱਤੀ। ਇਸ ਨਾਲ ਭਾਰਤ ਵਿਸ਼ਵ 'ਚ ਇੱਕ ਸ਼ਕਤੀਸ਼ਾਲੀ ਦੇਸ਼ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਇਆ। ਵਿਸ਼ਵ ਦੇ ਦੋ ਸ਼ਕਤੀਸ਼ਾਲੀ ਦੇਸ਼ ਅਮਰੀਕਾ ਅਤੇ ਚੀਨ ਪਾਕਿਸਤਾਨ ਦੇ ਦੋਸਤ ਹੁੰਦੇ ਹੋਏ ਵੀ ਕੁਝ ਨਾ ਕਰ ਸਕੇ। ਇਸ ਜੰਗ ਨਾਲ ਵਿਸ਼ਵ ਵਿੱਚ ਪਾਕਿਸਤਾਨ ਦੇ ਦੋ ਟੁਕੜਿਆਂ ਤੋਂ ਬਾਅਦ ਪੂਰਬੀ ਪਾਕਿਸਤਾਨ ਦੇ ਮੋਢੀ ਮੁਹੰਮਦ ਅਲੀ ਜਿੱਨਾਹ ਦੀ ਮੌਤ ਤੋਂ 23 ਸਾਲਾਂ ਬਾਅਦ ਪਾਕਿ-ਸਤਾਨ ਦੋ ਥਾਂਈਂ ਵੰਡ ਦਿੱਤਾ ਗਿਆ। ਪਾਕਿਸਤਾਨ ਮਜ਼ਹਬੀ ਹਿੰਸਾ ਅਤੇ ਨਫਰਤ ਦੀ ਬੁਨਿਆਦ 'ਤੇ ਬਣਿਆ ਸੀ, ਧਰਮ ਵੀ ਇਸ ਨੂੰ ਇਕੱਠਾ ਨਹੀਂ ਸੀ ਰੱਖ ਸਕਿਆ।

# ਪਾਕਿ ਦਾ ਸਾਬਕਾ ਵਿਧਾਇਕ ਖੰਨਾ ਵਿੱਚ ਸੱਤ ਹਜ਼ਾਰ ਮਹੀਨਾ ਉੱਤੇ ਨੌਕਰੀ ਕਰਨ ਲੱਗਾ

ਖੰਨਾ, 12 ਦਸੰਬਰ (ਪੋਸਟ ਬਿਊਰੋ)- ਆਪਣੇ ਪਰਵਾਰ ਸਮੇਤ ਕੁਝ ਮਹੀਨੇ ਪਹਿਲਾਂ ਭਾਰਤ ਆਇਆ ਪਾਕਿਸਤਾਨ ਦਾ ਸਾਬਕਾ ਵਿਧਾਇਕ ਅੱਜ-ਕੱਲ੍ਹ ਆਰਥਿਕ ਤੰਗੀ ਨਾਲ ਜੂਝ ਰਿਹਾ ਹੈ।



ਪਤਾ ਲੱਗਾ ਹੈ ਕਿ ਸਾਬਕਾ ਵਿਧਾਇਕ ਬਲਦੇਵ ਕੁਮਾਰ ਦਾ ਪਾਕਿਸਤਾਨ ਵਿੱਚ ਕੱਪੜੇ ਦਾ ਕਾਰੋਬਾਰ ਸੀ। ਉਹ ਉਥੇ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਂਦਾ ਸੀ ਤੇ ਖੈਬਰ ਪਖ਼ਤੂਨਖਵਾ ਸੂਬੇ ਵਿੱਚ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦਾ ਵਿਧਾਇਕ ਸੀ। ਅਸਲ ਵਿੱਚ ਵਿਧਾਇਕ ਇੱਕ ਸਿੱਖ ਆਗੂ ਸੀ, ਪਰ ਉਸ ਦੇ ਕਤਲ ਪਿੱਛੋਂ ਉਸ ਦੀ ਖਾਲੀ ਹੋ ਰਹੀ ਸੀਟ ਤੋਂ ਇਸ ਨੂੰ ਵਿਧਾਇਕ ਨਾਮਜ਼ਦ ਕੀਤਾ ਗਿਆ ਸੀ। ਬਾਅਦ ਵਿੱਚ ਪਤਾ ਲੱਗਾ ਕਿ ਉਸ ਸਿੱਖ ਆਗੂ ਦੇ ਕਤਲ ਵਿੱਚ ਏਸੇ ਬਲਦੇਵ ਕੁਮਾਰ ਦਾ ਨਾਂਅ ਆ ਗਿਆ ਅਤੇ ਉਸ ਨੂੰ ਕਰੀਬ ਦੋ ਸਾਲ ਜੇਲ੍ਹ 'ਚ ਰਹਿਣਾ ਪਿਆ। ਉਹ ਇਸ ਕੇਸ ਤੋਂ ਹੇਠਲੀ ਅਦਾਲਤ ਵਿਚ ਬਰੀ ਹੋ ਗਿਆ ਤਾਂ ਹਾਈ ਕੋਰਟ ਵਿੱਚ ਅਪੀਲ ਦਾਇਰ ਹੋ ਗਈ। ਇਸੇ ਦੌਰਾਨ ਉਸ ਨੂੰ ਜਾਨ ਦਾ ਖ਼ਤਰਾ ਮਹਿਸੂਸ ਹੋਇਆ ਅਤੇ ਉਹ ਆਪਣੇ ਕਾਰੋਬਾਰ ਤੇ ਜਾਇਦਾਦ ਛੱਡ ਕੇ ਪਰਵਾਰ ਸਮੇਤ ਖੰਨਾ ਆ ਗਿਆ, ਜਿੱਥੇ ਉਸ ਦਾ ਸਹੁਰਾ ਪਰਵਾਰ ਰਹਿੰਦਾ ਹੈ। ਕੱਲ੍ਹ ਬਲਦੇਵ ਕੁਮਾਰ ਨੇ ਦੱਸਿਆ ਕਿ ਭਾਰਤ ਆ ਕੇ ਜਦੋਂ ਉਸ ਨੇ ਪਾਕਿਸਤਾਨ 'ਚ ਸਿੱਖ, ਹਿੰਦੂ ਤੇ ਹੋਰ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਦੀ ਗੱਲ ਕੀਤੀ ਅਤੇ ਮੁੜ ਪਾਕਿਸਤਾਨ ਨਾ ਜਾਣ ਦਾ ਫੈਸਲਾ ਕੀਤਾ ਤਾਂ ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਦੇ ਇੱਕ ਆਗੂ ਨੇ ਐਲਾਨ ਕੀਤਾ ਕਿ ਜਿਹੜਾ ਵਿਅਕਤੀ ਉਸ ਦਾ (ਬਲਦੇਵ) ਦਾ ਸਿਰ ਵੱਢ ਕੇ ਲਿਆਵੇਗਾ, ਉਸ ਨੂੰ 50 ਲੱਖ ਰੁਪਏ ਇਨਾਮ ਦਿੱਤਾ ਜਾਵੇਗਾ।

ਬਲਦੇਵ ਕੁਮਾਰ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਉਸ ਦੇ ਦੋ ਭਰਾਵਾਂ ਤੇ ਬਜ਼ੁਰਗ ਮਾਤਾ ਨਾਲ ਮਾੜਾ ਸਲੂਕ ਕਰ ਰਹੀ ਹੈ, ਜਿਸ ਕਾਰਨ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਉਸਨੇ ਦੱਸਿਆ ਕਿ12 ਨਵੰਬਰ ਨੂੰ ਉਸ ਦੇ ਵੀਜ਼ੇ ਦੀ ਮਿਆਦ ਖ਼ਤਮ ਹੋ ਗਈ ਹੈ, ਪਰ ਉਸ ਨੇ ਪਹਿਲਾਂ ਭਾਰਤ ਦੇ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਪਾਕਿਸਤਾਨ ਨਾ ਜਾਣ ਅਤੇ ਪਰਵਾਰ ਸਮੇਤ ਭਾਰਤ 'ਚ ਸਿਆਸੀ ਸ਼ਰਨ ਦੇਣ ਅਪੀਲ ਕੀਤੀ ਹੋਈ ਹੈ, ਜਿਸ ਦੀ ਕਾਰਵਾਈ ਚੱਲ ਰਹੀ ਹੈ। ਪਾਕਿਸਤਾਨ ਦਾ ਇਹ ਕਤਲ ਕੇਸ ਵਿੱਚ ਫਸਿਆ ਸਾਬਕਾ ਵਿਧਾਇਕ ਅੱਜ-ਕੱਲ੍ਹ ਖੰਨਾ 'ਚ ਕੱਪੜੇ ਦੀ ਦੁਕਾਨ 'ਤੇ ਸਿਰਫ ਸੱਤ ਹਜ਼ਾਰ ਰੁਪਏ ਮਹੀਨੇ ਦੀ ਨੌਕਰੀ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਉਸ ਨੂੰ ਭਰੋਸਾ ਸੀ ਕਿ ਭਾਰਤ 'ਚ ਉਸ ਨੂੰ ਸਹਾਰਾ ਮਿਲੇਗਾ, ਪਰ ਹਾਲੇ ਤੱਕ ਨਾ ਕੇਂਦਰ ਅਤੇ ਨਾ ਸੂਬਾ ਸਰਕਾਰ ਨੇ ਉਸ ਦੀ ਸਾਰ ਲਈ ਹੈ। ਇਥੋਂ ਤੱਕ ਕਿ ਕਿਸੇ ਸਿੱਖ-ਹਿੰਦੂ ਸੰਸਥਾ ਨੇ ਵੀ ਉਸ ਦਾ ਸਾਥ ਨਹੀਂ ਦਿੱਤਾ। ਬਲਦੇਵ ਕੁਮਾਰ ਨੇ ਦੱਸਿਆ ਕਿ ਉਸ ਦੀ ਧੀ ਬਲੱਡ ਕੈਂਸਰ ਤੋਂ ਪੀੜਤ ਹੈ। ਸੱਤ ਹਜ਼ਾਰ ਰੁਪਏ 'ਚ ਮਕਾਨ ਦਾ ਕਿਰਾਇਆ, ਬੱਚਿਆਂ ਦੀਆਂ ਫੀਸਾਂ ਤੇ ਰੋਜ਼ਮਰ੍ਹਾ ਦੀਆਂ ਲੋੜਾਂ ਪੂਰੀਆਂ ਕਰਨਾ ਬਹੁਤ ਮੁਸ਼ਕਲ ਹੈ। ਉਸ ਨੇ ਕਿਹਾ ਕਿ ਉਹ ਨਿੱਤ ਗੁਰੂ ਘਰ ਜਾਂਦਾ ਹੈ ਤੇ ਉਸ ਨੂੰ ਗੁਰੂ ਨਾਨਕ ਸਾਹਿਬ 'ਤੇ ਭਰੋਸਾ ਹੈ ਕਿ ਉਸ ਦੀ ਜ਼ਰੂਰ ਸੁਣੀ ਜਾਵੇਗੀ ਪਰ ਪਾਕਿਸਤਾਨ ਨਹੀਂ ਜਾਵੇਗਾ।

# ਜ਼ਮੀਨੀ ਵਿਵਾਦ ਕਾਰਨ ਭਰਾ ਵੱਲੋਂ ਭਰਾ ਦਾ ਕਤਲ

ਬੰਗਾ, 12 ਦਸੰਬਰ (ਪੋਸਟ ਬਿਊਰੋ)- ਪਿੰਡ ਭੌਰਾ ਵਿੱਚ ਕੱਲ੍ਹ ਸਵੇਰੇ ਗੁਰਦੇਵ ਸਿੰਘ (55) ਦਾ ਉਸ ਦੇ ਸਕੇ ਭਰਾ ਅਤੇ ਭਤੀਜਿਆਂ ਨੇ ਕਤਲ ਕਰ ਦਿੱਤਾ ਹੈ। ਇਸ ਕਤਲ ਦੇ ਪਿੱਛੇ ਮੁੱਖ ਕਾਰਨ ਦੋ ਪਰਵਾਰਾਂ 'ਚ ਜ਼ਮੀਨੀ ਵਿਵਾਦ ਨੂੰ ਲੈ ਕੇ ਚੱਲ ਰਿਹਾ ਤਕਰਾਰ ਦੱਸਿਆ ਜਾ ਰਿਹਾ ਹੈ।



ਦੱਸਿਆ ਗਿਆ ਹੈ ਕਿ ਉਕਤ ਵਿਅਕਤੀ ਸਵੇਰੇ ਜਦੋਂ ਰੋਜ਼ ਵਾਂਗ ਵਿਹੜੇ ਵਿੱਚ ਇਸ਼ਨਾਨ ਕਰਨ ਲੱਗਾ ਤਾਂ ਉਸ ਦੇ ਭਰਾ ਅਤੇ ਭਤੀਜਿਆਂ ਨੇ ਉਸ 'ਤੇ ਕਾਤਲਾਨਾ ਹਮਲਾ ਕਰ ਦਿੱਤਾ। ਇਸ ਹਮਲੇ 'ਚ ਉਸ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਉਸ ਨੂੰ ਬਚਾਉਣ ਆਇਆ ਉਸ ਦਾ ਪੁੱਤਰ ਤਰਸੇਮ ਸਿੰਘ ਹਮਲੇ ਦਾ ਸ਼ਿਕਾਰ ਹੋ ਗਿਆ। ਉਸ ਨੂੰ ਗੰਭੀਰ ਹਾਲਤ 'ਚ ਸਥਾਨਕ ਸਿਵਲ ਹਸਪਤਾਲ ਦਾਖਲ ਕੀਤਾ ਗਿਆ ਹੈ।

ਮੌਕੇ ਦਾ ਜਾਇਜ਼ਾ ਲੈਣ ਜ਼ਿਲ੍ਹੇ ਦੇ ਸੀਨੀਅਰ ਅਫ਼ਸਰ ਆਪੋ ਆਪਣੀਆਂ ਪਾਰਟੀਆਂ ਸਮੇਤ ਪੁੱਜੇ। ਸਥਾਨਕ ਥਾਣਾ ਸਦਰ ਵਿਖੇ ਡੀ ਐੱਸ ਪੀ ਨਵਦੀਪ ਸਿੰਘ ਮਾਹਲ ਨੇ ਦੱਸਿਆ ਕਿ ਕਤਲ 'ਚ ਸ਼ਾਮਲ ਦੋ ਵਿਅਕਤੀਆਂ ਅਮਰੀਕ ਸਿੰਘ ਅਤੇ ਬਲਵੀਰ ਸਿੰਘ ਨੂੰ ਸ਼ਾਮ ਤੱਕ ਕਾਬੂ ਕਰ ਲਿਆ ਗਿਆ ਤੇ ਤੀਜੇ ਵਿਅਕਤੀ ਬਲਵਿੰਦਰ ਸਿੰਘ ਨੂੰ ਕਾਬੂ ਕਰਨ ਲਈ ਛਾਪੇ ਮਾਰੇ ਜਾ ਰਹੇ ਹਨ। ਕਤਲ ਸਮੇਂ ਵਰਤੇ ਹਥਿਆਰਾਂ ਦੀ ਬਰਾਮਦੀ ਕੀਤੀ ਜਾ ਚੁੱਕੀ ਹੈ। ਇਨ੍ਹਾਂ ਵਿਅਕਤੀਆਂ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਗਿਆ ਹੈ।

## ਸ਼ੱਕੀ ਕਾਲ ਤੋਂ ਵਿਵਾਦ

# ਡੀ ਆਈ ਜੀ ਬੋਲ ਰਿਹਾ ਹਾਂ, ਰਾਜੂ ਨੂੰ ਰਸਤੇ ਤੋਂ ਹਟਾਓ, ਨਹੀਂ ਤਾਂ ਮਾਰੇ ਜਾਓਗੇ

ਸਰਹਿੰਦ, 12 ਦਸੰਬਰ (ਪੋਸਟ ਬਿਊਰੋ)- ਫਤਿਹਗੜ੍ਹ ਸਾਹਿਬ ਦੇ ਵਿਧਾਨਸਭਾ ਹਲਕਾ ਅਮਲੋਹ ਤੋਂ ਅਕਾਲੀ ਦਲ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਅਣਪਛਾਤਾ ਵਿਅਕਤੀ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ। ਰਾਜੂ ਖੰਨਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਕੈਬਿਨੇਟ ਮੰਤਰੀ ਬਿਕਰਮ ਸਿੰਘ ਮਜੀਠੀਆਦਾ ਕਰੀਬੀ ਹੈ। ਉਹ ਕੱਲ੍ਹ ਮੋਹਾਲੀ ਵਿੱਚ ਲੱਗੇ ਧਰਨੇ ਵਿੱਚ ਸੀ। ਉਥੇ ਉਨ੍ਹਾਂ ਨੂੰ ਅਣਜਾਣੇ ਨੰਬਰ ਤੋਂ ਫੋਨ ਆਇਆ, ਪਰ ਉਸ ਨੇ ਕਾਲ ਪਿਕ ਨਹੀਂ ਕੀਤੀ। ਫਿਰ ਇਸੇ ਨੰਬਰ ਤੋਂ ਮੰਡੀ ਗੋਬਿੰਦਗੜ੍ਹ ਵਿੱਚ ਉਨ੍ਹਾਂ ਦੇ ਸਾਥੀ ਨੂੰ ਫੋਨ ਕਰ ਕੇ ਗਲਤ ਭਾਸ਼ਾ ਵਰਤਦੇ ਹੋਏ ਕਈ ਪ੍ਰਕਾਰ ਦੀਆਂ ਧਮਕੀਆਂ ਦਿੱਤੀਆਂ ਗਈਆਂ।



ਫੋਨ ਕਰਨ ਵਾਲੇ ਨੇ ਆਪਣੇ ਆਪ ਨੂੰ ਡੀ ਆਈ ਜੀ ਦੱਸ ਕੇ ਕਿਹਾ ਕਿ ਰਾਜੂ ਖੰਨਾ ਸਾਡੇ ਵਿਰੋਧ ਵਿੱਚ ਚਲ ਰਿਹਾ ਹੈ ਅਤੇ ਕਿਸੇ ਕੇਸ ਵਿੱਚ ਉਸ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਸ ਨੂੰ ਰਸਤੇ ਤੋਂ ਹਟਾਓ, ਨਹੀਂ ਤਾਂ ਮਾਰਿਆ ਜਾਵੇਗਾ..। ਧਮਕੀਆਂ ਮਿਲਣ ਦੀ ਪੁਸ਼ਟੀ ਕਰਦੇ ਹੋਏ ਰਾਜੂ ਖੰਨਾ ਨੇ ਕਿਹਾ ਕਿ ਧਰਨੇ ਵਿੱਚ ਹੋਣ ਕਾਰਨ ਉਹ ਕਾਲ ਨਹੀਂ ਸਨ ਚੁੱਕ ਸਕੇ। ਫਿਰ ਗੋਬਿੰਦਗੜ੍ਹ ਤੋਂ ਉਸ ਦੇ ਇੱਕ ਸਾਥੀ ਨੇ ਦੱਸਿਆ ਕਿ ਇਸ ਨੰਬਰ ਤੋਂ ਕਿਸੇ ਨੇ ਫੋਨ ਕਰ ਕੇ ਆਪਣੇ ਆਪ ਨੂੰ ਡੀ ਆਈ ਜੀ ਦੱਸਦੇ ਹੋਏ ਧਮਕੀਆਂ ਦਿੱਤੀਆਂ ਹਨ। ਜਿਹੜੇ ਮੋਬਾਈਲ ਨੰਬਰ ਤੋਂ ਖੰਨਾ ਦੇ ਸਾਥੀ ਨੂੰ ਧਮਕੀਆਂ ਦਿੱਤੀਆਂ ਗਈਆਂ, ਉਸੇ ਨੰਬਰ ਤੋਂ ਸੰਤ ਆਸ਼ਰਮ ਗੁਰਦੁਆਰਾ ਕ੍ਰਿਪਾਸਰ ਸਾਹਿਬ ਮੁਹਾਦੀਆਂ ਦੇ ਮੁੱਖੀ ਸੰਤ ਬਾਬਾ ਦਲਵਾਰਾ ਸਿੰਘ ਨੂੰ ਫੋਨ ਕਰ ਧਮਕੀਆਂ ਦਿੱਤੀਆਂ ਗਈਆਂ ਸਨ। ਫੋਨ ਕਰਨ ਵਾਲੇ ਨੇ ਬਾਬਾ ਦਲਵਾਰਾ ਸਿੰਘ ਨੂੰ ਕਿਹਾ ਕਿ ਕਿੱਥੇ ਹੋ ਤੁਸੀਂ ਅਸੀਂ ਮਾਰਨ ਆ ਰਹੇ ਹਾਂ..। ਕੱਲ੍ਹ ਰਾਤ ਕਰੀਬ 11.15 ਵਜੇ ਕੀਤੀ ਗਈ ਇਸ ਕਾਲ ਵਿੱਚ ਗਲਤ ਭਾਸ਼ਾ ਵਰਤਦੇ ਹੋਏ ਬੁਰਾ-ਭਲਾ ਵੀ ਕਿਹਾ ਗਿਆ। ਬਾਬਾ ਦਲਵਾਰਾ ਸਿੰਘ ਨੇ ਇਸ ਦੀ ਸ਼ਿਕਾਇਤ ਕੱਲ੍ਹ ਥਾਣਾ ਫਤਿਹਗੜ੍ਹ ਸਾਹਿਬ ਨੂੰ ਦਿੱਤੀ ਹੈ। ਡੀ ਐਸ ਪੀ ਰਮਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਤਿੰਨ ਮੰਜ਼ਿਲਾ ਇਮਾਰਤ ਡਿਗਣ ਨਾਲ ਡਾਕਟਰ ਦੀ ਮੌਤ

ਫਾਜ਼ਿਲਕਾ, 12 ਦਸੰਬਰ (ਪੋਸਟ ਬਿਊਰੋ)- ਫਾਜ਼ਿਲਕਾ ਦੀ ਪ੍ਰਸਿੱਧ ਘਾਹ ਮੰਡੀ 'ਚ ਦੇਸ਼ ਦੀ ਵੰਡ ਤੋਂ ਪਹਿਲਾਂ ਦੀ ਬਣੀ ਤਿੰਨ ਮੰਜ਼ਿਲਾ ਇਮਾਰਤ ਡਿੱਗਣ ਨਾਲ ਇੱਕ ਨੌਜਵਾਨ ਡਾਕਟਰ ਦੀ ਮੌਤ ਹੋ ਗਈ ਹੈ।



ਮਿਲੀ ਜਾਣਕਾਰੀ ਅਨੁਸਾਰ ਇਥੇ ਇੱਕ ਸੰਸਥਾ ਕ੍ਰਿਸ਼ਨ ਧਰਮਾਰਥ ਵੱਲੋਂ ਚੈਰੀਟੇਬਲ ਹਸਪਤਾਲ ਇੱਕ ਇਮਾਰਤ ਵਿੱਚ ਚਲਾਇਆ ਜਾਂਦਾ ਹੈ, ਜਿਥੇ ਪਿਛਲੇ ਕਰੀਬ 10 ਸਾਲਾਂ ਤੋਂ ਗਾਜ਼ੀਆਬਾਦ ਦਾ ਡਾਕਟਰ ਆਪਣੀਆਂ ਸੇਵਾਵਾਂ ਦੇ ਰਿਹਾ ਸੀ। ਇਸ ਹਸਪਤਾਲ ਵਿੱਚ ਨਿਊਰੋਥੈਰੇਪੀ ਦਾ ਮਾਹਰ ਡਾ. ਨਿਖਿਲ ਤਿਆਗੀ (31) ਪੁੱਤਰ ਰਾਜਿੰਦਰ ਤਿਆਗੀ ਵਾਸੀ ਮਹਿਮਦਪੁਰ ਜ਼ਿਲ੍ਹਾ ਗਾਜ਼ੀਆਬਾਦ ਰੋਜ਼ ਸਵੇਰੇ ਅਤੇ ਸ਼ਾਮ ਦੋ ਸ਼ਿਫ਼ਟਾਂ ਵਿੱਚ ਆਪਣੀਆਂ ਸੇਵਾਵਾਂ ਦਿੰਦਾ ਤੇ ਇਥੇ ਰਹਿੰਦਾ ਸੀ। ਕੱਲ੍ਹ ਰਾਤ ਕਰੀਬ 10.15 ਵਜੇ ਅਚਾਨਕ ਇਹ ਇਮਾਰਤ ਡਿਗ ਗਈ ਤੇ ਡਾਕਟਰ ਮਲਬੇ ਹੇਠ ਆ ਗਿਆ। ਸਥਾਨਕ ਲੋਕਾਂ ਨੇ ਬੜੀ ਮਸ਼ੱਕਤ ਨਾਲ ਡਾ. ਤਿਆਗੀ ਨੂੰ ਮਲਬੇ ਹੇਠੋਂ ਕੱਢਿਆ ਤੇ ਸਿਵਲ ਹਸਪਤਾਲ ਲਿਆਂਦਾ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸੂਚਨਾ ਮਿਲਣ 'ਤੇ ਮ੍ਰਿਤਕ ਡਾਕਟਰ ਦੇ ਪਰਵਾਰ ਮੈਂਬਰ ਵੀ ਪਹੁੰਚ ਗਏ।

ਏ ਐਸ ਆਈ ਭਗਵਾਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਧਾਰਾ 174 ਅਧੀਨ ਕਾਰਵਾਈ ਕੀਤੀ ਗਈ ਹੈ। ਡਾਕਟਰ ਦੇ ਵਾਰਿਸਾਂ ਦਾ ਸ਼ਿਕਵਾ ਸੀ ਕਿ ਡਾ. ਤਿਆਗੀ ਵੱਲੋਂ ਇਮਰਾਤ ਦੀ ਮਾੜੀ ਹਾਲਤ ਬਾਰੇ ਪਹਿਲਾਂ ਵੀ ਸੰਸਥਾ ਨੂੰ ਜਾਣੂ ਕਰਾਇਆ ਗਿਆ ਸੀ, ਪਰ ਉਨ੍ਹਾਂ ਨੇ ਕੋਈ ਹੱਲ ਨਹੀਂ ਕੱਢਿਆ। ਉਨ੍ਹਾਂ ਮੰਗ ਕੀਤੀ ਕਿ ਡਾ. ਤਿਆਗੀ ਨੇ ਜ਼ਿੰਦਗੀ ਦਾ ਕਾਫੀ ਸਮਾਂ ਇਸ ਹਸਪਤਾਲ ਨੂੰ ਦਿੱਤਾ ਹੈ, ਇਸ ਲਈ ਉਸ ਨੇ ਨਾਂਅ 'ਤੇ ਇੱਕ ਸੈਂਟਰ ਬਣਾਇਆ ਜਾਵੇ ਅਤੇ ਉਸ ਦੀ ਯਾਦ ਤਾਜ਼ਾ ਰੱਖੀ ਜਾਵੇ।

# 12 ਹਮਲਾਵਰਾਂ ਨੇ ਤਲਵਾਰਾਂ ਨਾਲ ਨੌਜਵਾਨ ਨੂੰ ਵੱਢ ਸੁੱਟਿਆ

ਗੜ੍ਹਸ਼ੰਕਰ, 12 ਦਸੰਬਰ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਤਿੰਨ ਵਜੇ ਗੜ੍ਹਸ਼ੰਕਰ ਦੇ ਬੀਤ ਇਲਾਕੇ ਦੇ ਪਿੰਡ ਸ਼ੇਖੋਵਾਲ ਵਿੱਚ ਕਰੀਬ 12 ਹਮਲਾਵਰਾਂ ਨੇ ਤਲਵਾਰਾਂ ਨਾਲ ਵੱਢ ਕੇ ਨੌਜਵਾਨ ਦੀ ਹੱਤਿਆ ਕਰ ਦਿੱਤੀ।



ਪਤਾ ਲੱਗਾ ਹੈ ਕਿ ਇੱਕ ਦਰਜਨ ਦੇ ਕਰੀਬ ਹਮਲਾਵਰ ਉਸ ਨੌਜਵਾਨ ਦੇ ਘਰ ਦਾਖਲ ਹੋਏ ਅਤੇ ਘਰ ਵਿੱਚ ਮੌਜੂਦ ਨੌਜਵਾਨ 'ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਹਮਲਾਵਰ ਉਸ ਨੂੰ ਘਸੀਟਦੇ ਹੋਏ ਸੜਕ 'ਤੇ ਲੈ ਕੇ ਆਏ। ਉਥੇ ਹੀ ਉਸ ਨੂੰ ਓਦੋਂ ਤੱਕ ਵੱਢਦੇ ਰਹੇ, ਜਦੋਂ ਤੱਕ ਉਸਨੇ ਦਮ ਨਹੀਂ ਤੋੜ ਦਿੱਤਾ। ਉਸ ਦੀ ਪਛਾਣ ਦਵਿੰਦਰ ਪ੍ਰਤਾਪ ਸਿੰਘ ਬੰਟੀ (27) ਵਾਸੀ ਸ਼ੇਖੋਵਾਲ ਵਜੋਂ ਹੋਈ ਹੈ। ਬੰਟੀ 'ਤੇ ਲੜਾਈ-ਝਗੜੇ ਦੇ ਅੱਧਾ ਦਰਜਨ ਦੇ ਕਰੀਬ ਕੇਸ ਦਰਜ ਹਨ। ਦਵਿੰਦਰ ਦੇ ਤਾਇਆ ਯੁਧਵੀਰ ਸਿੰਘ ਨੇ ਦੱਸਿਆ ਕਿ ਲਕੀ, ਅਜੈ ਅਤੇ ਮਹਿੰਦਰ ਸਿੰਘ ਵਾਸੀ ਆਦਰਸ਼ ਨਗਰ ਨੇ ਨੌਂ ਅਣਪਛਾਤੇ ਹਮਲਾਵਰਾਂ ਨਾਲ ਮਿਲ ਕੇ ਦਵਿੰਦਰ ਉਤੇ ਘਰ ਵਿੱਚ ਵੜ ਕੇ ਹਮਲਾ ਕੀਤਾ ਅਤੇ ਤਲਵਾਰਾਂ ਨਾਲ ਕੱਟ ਦਿੱਤਾ। ਦੋਸ਼ੀ ਲਕੀ ਅਤੇ ਅਜੈ ਦੋਵੇਂ ਜਾਣੇ ਮਹਿੰਦਰ ਦੇ ਬੇਟੇ ਹਨ।ਬੰਟੀ ਅਤੇ ਦੋਸ਼ੀਆਂ ਦੇ ਪੰਜ ਸਾਲ ਤੋਂ ਲੜਾਈ-ਝਗੜੇ ਦੇ ਕੇਸ ਚੱਲਦੇ ਹਨ। ਇਨ੍ਹਾਂ ਝਗੜਿਆ ਦੇ ਕੇਸਾਂ ਵਿੱਚ ਬੰਟੀ ਨੇ ਮਹਿੰਦਰ 'ਤੇ ਇੱਕ ਕੇਸ ਦਰਜ ਕਰਵਾਇਆ ਸੀ। ਇਸ ਦੇ ਨਾਲ ਹੀ ਬੰਟੀ ਨੇ ਤਿੰਨਾਂ ਦੋਸ਼ੀਆਂ 'ਤੇ ਝਗੜੇ ਦੇ ਚਾਰ ਕੇਸ ਦਰਜ ਕਰਵਾਏ ਸੀ। ਪੁਲਸ ਇਸ ਨੂੰ ਵੀ ਹੱਤਿਆ ਦੇ ਕਾਰਨਾਂ ਵਿੱਚ ਜੋੜ ਕੇ ਦੇਖ ਰਹੀ ਹੈ। ਪੁਲਸ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ। ਦੋਸ਼ੀ ਮਹਿੰਦਰ ਦਾ ਵੱਡਾ ਭਰਾ ਫਗਵਾੜਾ ਸਬ ਡਿਵੀਜਨ ਵਿੱਚ ਡੀ ਐਸ ਪੀ ਹੈ।

# ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਦੋ ਪੁਲਸ ਵਾਲੇ ਵੀ ਕਾਬੂ

ਜਲੰਧਰ, 12 ਦਸੰਬਰ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਜਲੰਧਰ ਵੱਲੋਂ ਐਕਸਾਈਜ਼ ਵਿਭਾਗ ਦੇ ਇੱਕ ਹੌਲਦਾਰ ਤੇ ਉਸ ਦੇ ਨਿੱਜੀ ਕਰਿੰਦੇ ਨੂੰ ਇੱਕ ਵਿਅਕਤੀ ਤੋਂ ਅੱਠ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਫੜਿਆ ਹੈ।

ਐਸ ਐਸ ਪੀ ਵਿਜੀਲੈਂਸ ਜਲੰਧਰ ਯੂਨਿਟ ਦਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਰੋਸ਼ਨ ਲਾਲ ਪੁੱਤਰ ਦੇਵਰਾਜ ਵਾਸੀ ਜੰਡਿਆਲਾ ਮੰਜਕੀ ਨੇ ਸ਼ਿਕਾਇਤ ਦਿੱਤੀ ਸੀ ਕਿ ਉਹ ਵਾਟਰ ਸਪਲਾਈ ਵਿਭਾਗ ਦਾ ਟਿਊਬਵੈਲ ਆਪ੍ਰੇਟਰ ਹੈ। 4 ਦਸੰਬਰ ਨੂੰ ਉਹ ਤੱਲ੍ਹਣ ਵਿੱਚ ਰਹਿੰਦੇ ਆਪਣੇ ਇੱਕ ਦੋਸਤ ਨੂੰ ਮਿਲਣ ਲਈ ਮੋਟਰਸਾਈਕਲ ਉਤੇ ਗਿਆ ਸੀ। ਵਾਪਸ ਆਉਂਦੇ ਹੋਏ ਉਸ ਨੇ ਪਿੰਡ ਝੁੱਗੀਆਂ ਤੋਂ ਆਪਣੇ ਪੀਣ ਲਈ ਦੋ ਬੋਤਲਾਂ ਦੇਸੀ ਸ਼ਰਾਬ ਦੀਆਂ ਲਈਆਂ। ਜਦ ਉਹ ਆਪਣੇ ਮੋਟਰਸਾਈਕਲ ਉਪਰ ਝੁੱਗੀਆਂ ਤੋਂ ਤੱਲ੍ਹਣ ਵੱਲ ਆ ਰਿਹਾ ਸੀ ਤਾਂ ਇੱਕ ਚਿੱਟੇ ਰੰਗ ਦੀ ਜੀਪ 'ਚ ਸਵਾਰ ਚਾਰ-ਪੰਜ ਲੋਕਾਂ ਨੇ ਉਸ ਨੂੰ ਰੋਕ ਲਿਆ ਅਤੇ ਉਸ ਦੀਆਂ ਸ਼ਰਾਬ ਦੀਆਂ ਬੋਤਲਾਂ ਫੜ ਕੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜੀਪ ਵਿੱਚ ਸਵਾਰ ਐਕਸਾਈਜ਼ ਵਿਭਾਗ ਦੇ ਹੌਲਦਾਰ ਸੁਖਦੇਵ ਸਿੰਘ ਨੇ ਉਸ ਨੂੰ ਧਮਕੀ ਦਿੱਤੀ ਕਿ ਜੇ ਉਸ ਉਪਰ ਪਰਚਾ ਦਰਜ ਕਰ ਦਿੱਤਾ ਤਾਂ ਉਸ ਦੀ ਸਰਕਾਰੀ ਨੌਕਰੀ ਜਾਂਦੀ ਲੱਗੇਗੀ ਤੇ ਅਜਿਹਾ ਨਾ ਕਰਨ ਲਈ ਉਸ ਤੋਂ 10 ਹਜ਼ਾਰ ਰੁਪਏ ਰਿਸ਼ਵਤ ਮੰਗੀ। ਇੰਨਾ ਕਹਿ ਕੇ ਉਨ੍ਹਾਂ ਨੇ ਪੀੜਤ ਦੇ ਮੋਟਰਸਾਈਕਲ ਦੀ ਚਾਬੀ ਖੋਹ ਲਈ ਅਤੇ ਦਸ ਹਜ਼ਾਰ ਰੁਪਏ ਦੇ ਕੇ ਮੋਟਰਸਾਈਕਲ ਲਿਜਾਣ ਵਾਸਤੇ ਕਿਹਾ। ਅਗਲੇ ਦਿਨ ਦਸ ਹਜ਼ਾਰ ਰੁਪਏ ਦਾ ਪ੍ਰਬੰਧ ਨਾ ਹੋਣ ਉਤੇ ਸੁਖਦੇਵ ਸਿੰਘ ਦਾ ਨਿੱਜੀ ਕਰਿੰਦਾ ਅਮਰੂ ਉਸ ਕੋਲ ਆਇਆ ਅਤੇ 11 ਦਸੰਬਰ ਤੱਕ ਅੱਠ ਹਜ਼ਾਰ ਰੁਪਏ ਦੇਣ ਲਈ ਕਿਹਾ। ਰੋਸ਼ਨ ਲਾਲ ਨੇ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਦੇ ਦਿੱਤੀ, ਜਿਸ ਉਤੇ ਡੀ ਐਸ ਪੀ ਸੁਖਵਿੰਦਰ ਸਿੰਘ, ਇੰਸਪੈਕਟਰ ਚਮਕੌਰ ਸਿੰਘ, ਸਬ ਇੰਸਪੈਕਟਰ ਮਨਜੀਤਪਾਲ ਸਿੰਘ ਨੇ ਸਰਕਾਰੀ ਗਵਾਹਾਂ ਨੂੰ ਲੈ ਕੇ ਐਕਸਾਈਜ਼ ਦਫ਼ਤਰ ਵਿੱਚ ਟ੍ਰੈਪ ਲਾ ਕੇ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਦੋਵਾਂ ਖਿਲਾਫ ਭ੍ਰਿਸ਼ਟਾਚਾਰ ਐਕਟ ਅਧੀਨ ਮਾਮਲਾ ਦਰਜ ਕਰ ਦਿੱਤਾ ਗਿਆ ਹੈ।

# ਚੰਡੀਗੜ੍ਹੋਂ ਆਈ ਲੜਕੀ ਵੱਲੋਂ ਲਾੜੇ ਦੀ ਪਹਿਲੀ ਪਤਨੀ ਹੋਣ ਦਾ ਦਾਅਵਾ

## * ਚੱਲਦੇ ਵਿਆਹ ਦੇ ਰੰਗ 'ਚ ਭੰਗ ਪੈ ਗਿਆ

ਬਠਿੰਡਾ, 12 ਦਸੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਇੱਕ ਹੋਟਲ 'ਚ ਕੱਲ੍ਹ ਪਟਿਆਲਾ ਦੇ ਇੱਕ ਲੜਕੇ ਦੇ ਬਠਿੰਡਾ ਦੀ ਲੜਕੀ ਨਾਲ ਹੋ ਰਹੇ ਵਿਆਹ ਦੇ ਰੰਗ 'ਚ ਉਸ ਸਮੇਂ ਭੰਗ ਪੈ ਗਈ, ਜਦ ਚੰਡੀਗੜ੍ਹ ਤੋਂ ਪੁੱਜੀ ਇੱਕ ਲੜਕੀ ਨੇ ਲਾੜੇ ਦੀ ਪਹਿਲੀ ਪਤਨੀ ਹੋਣ ਦਾ ਦਾਅਵਾ ਕਰ ਦਿੱਤਾ। ਫ਼ਿਲਮੀ ਸਟਾਇਲ ਵਿੱਚ ਪੁਲਸ ਲੈ ਕੇ ਪੁੱਜੀ ਇਸ ਲੜਕੀ ਦੀ ਇੰਟਰੀ ਨਾਲ ਨਾ ਸਿਰਫ ਲਾੜੇ ਦਾ ਵਿਆਹ ਰੁਕ ਗਿਆ, ਸਗੋਂ ਲੜਕੀ ਵਾਲਿਆਂ ਨੇ ਉਸਤੋਂ ਵਿਆਹ ਦੀਆਂ ਰਸਮਾਂ ਦੇ ਖਰਚੇ ਵਜੋਂ ਛੇ ਲੱਖ ਰੁਪਏ ਵੀ ਮੰਗ ਲਏ। ਇਸ ਨਾਲ ਲੜਕਾ ਤੇ ਉਸਦਾ ਪ੍ਰਵਾਰ ਦੋਹਰੀ ਮੁਸੀਬਤ ਵਿੱਚ ਪੈ ਗਿਆ। ਵਿਵਾਦ ਵਧਦਾ ਦੇਖ ਪੁਲਸ ਅਧਿਕਾਰੀ ਲਾੜੇ ਤੇ ਉਸਦੇ ਪ੍ਰਵਾਰ ਤੇ ਦੋਸ਼ ਲਾਉਣ ਵਾਲੀ ਲੜਕੀ ਨੂੰ ਥਾਣਾ ਸਿਵਲ ਲਾਈਨ ਲੈ ਆਏ। ਪੁਲਸ ਸੂਤਰਾਂ ਨੇ ਦੱਸਿਆ ਕਿ ਦੋਨ੍ਹਾਂ ਧਿਰਾਂ ਦਾ ਸਮਝੌਤਾ ਹੋ ਗਿਆ ਹੈ।



ਪਤਾ ਲੱਗਾ ਹੈ ਕਿ ਪਟਿਆਲਾ ਨਾਲ ਸਬੰਧਤ ਗੁਰਪ੍ਰੀਤ ਨਾਂ ਦਾ ਲੜਕੇ ਆਪਣੇ ਪ੍ਰਵਾਰ ਸਮੇਤ ਬਠਿੰਡਾ ਨਾਲ ਸਬੰਧਤ ਇੱਕ ਲੜਕੀ ਨੂੰ ਵਿਆਹੁਣ ਲਈ ਆਇਆ ਸੀ।ਹਾਲੇ ਖਾਣ ਪੀਣ ਤੋਂ ਬਾਅਦ ਸਥਾਨਕ ਸਟੇਡੀਅਮ ਨਜਦੀਕ ਇੱਕ ਹੋਟਲ ਵਿੱਚ ਫ਼ੇਰਿਆ ਦੀ ਰਸਮ ਸ਼ੁਰੂ ਹੋਣ ਵਾਲੀ ਸੀ ਕਿ ਹਿਮਾਚਲ ਪ੍ਰਦੇਸ਼ ਦੇ ਸੋਲਨ ਦੀ ਇੱਕ ਲੜਕੀ ਪੁਲਸ ਲੈ ਕੇ ਹੋਟਲ ਵਿੱਚ ਆ ਧਮਕੀ। ਉਸਨੇ ਦਾਅਵਾ ਕੀਤਾ ਕਿ ਜਿਸ ਲੜਕੇ ਵੱਲੋਂ ਕੱਲ੍ਹ ਵਿਆਹ ਕਰਾਇਆ ਜਾ ਰਿਹਾ ਹੈ, ਉਹ ਉਸ ਨਾਲ ਤਿੰਨ ਸਾਲ ਪਹਿਲਾਂ ਹੀ ਵਿਆਹਿਆਂ ਹੋਇਆ। ਪੁਲਸ ਅਜੇ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਜਥੇਦਾਰ ਨੇ ਸਾਰੀਆਂ ਧਿਰਾਂ ਨੂੰ 19 ਨੂੰ ਅਕਾਲ ਤਖ਼ਤ 'ਤੇ ਪੱਖ ਪੇਸ਼ ਕਰਨ ਲਈ ਸੱਦਿਆ

ਅੰਮ੍ਰਿਤਸਰ, 12 ਦਸੰਬਰ (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜਗਨਨਾਥ ਪੁਰੀ ਦੇ ਮੰਗੂ ਮੱਠ ਅਤੇ ਸਿਕਮ ਦੇ ਗੁਰਦੁਆਰਾ ਡਾਂਗਮਾਰ ਸਾਹਿਬ ਬਾਰੇ 19 ਦਸੰਬਰ ਨੂੰ ਸਾਰੀਆਂ ਸਿੱਖ ਧਿਰਾਂ ਨੂੰ ਅਕਾਲ ਤਖ਼ਤ ਵਿਖੇ ਪੱਖ ਪੇਸ਼ ਕਰਨ ਲਈ ਸੱਦਿਆ ਗਿਆ ਹੈ। ਉਨ੍ਹਾ ਨੇ ਕਿਹਾ ਕਿ ਇਸ ਸਬੰਧੀ ਇਕਜੁਟ ਹੋ ਕੇ ਸਰਕਾਰਾਂ ਅੱਗੇ ਆਪਣੀ ਗੱਲ ਰੱਖਣ ਦੀ ਜ਼ਰੂਰਤ ਹੈ।



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਸਮੇਂ ਹਾਲਾਤ ਇਹ ਹਨ ਕਿ ਹਰ ਇੱਕ ਧਿਰ ਅਦਾਲਤ ਅਤੇ ਸਰਕਾਰ ਕੋਲ ਆਪੋ-ਆਪਣਾ ਪੱਖ ਰੱਖ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਾਪਤੀ ਦੇ ਲਈ ਸਾਰਿਆਂ ਨੂੰ ਇੱਕ ਹੋਣ ਦੀ ਲੋੜ ਹੈ, ਜਿਸ ਲਈ 19 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸੰਗਤਾਂ ਦੇ ਸਾਹਮਣੇ ਸਭ ਸਬੰਧਤ ਧਿਰਾਂ ਦੇ ਪੱਖ ਅਤੇ ਅੱਜ ਤੱਕ ਦੀ ਕਾਰਗੁਜ਼ਾਰੀ ਦੇਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਕਿਸੇ ਵੀ ਧਿਰ ਵੱਲੋਂ ਕੇਸ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਸਾਬਤ ਹੋਇਆ ਤਾਂ ਉਸ ਉਪਰ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਡਾਂਗਮਾਰ ਸਾਹਿਬ ਦਾ ਪੱਖ ਸੁਣਨ ਲਈ 12 ਵਜੇ ਅਜਮੇਰ ਸਿੰਘ ਰੰਧਾਵਾ, ਗੁਰਦੁਆਰਾ ਸਿੰਘ ਸਭਾ ਸਿਲੀਗੁੜੀ ਦੇ ਪ੍ਰਬੰਧਕ ਅੰਮ੍ਰਿਤਪਾਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਤੀਨਿਧੀ ਨੂੰ ਸਮੇਤ ਰੀਕਾਰਡ ਨਾਲ ਸੱਦਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਗਨਨਾਥ ਪੁਰੀ ਸਥਿਤ ਮੰਗੂ ਮੱਠ ਦੇ ਕੇਸ ਸਬੰਧੀ ਦੋ ਵਜੇ ਭਾਈ ਹਿੰਮਤ ਸਿੰਘ ਟਰੱਸਟ, ਉੜੀਸਾ ਸਿੱਖ ਪ੍ਰਤੀਨਿਧ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧ ਅਤੇ ਬਾਬਾ ਸ਼ਮਸ਼ੇਰ ਸਿੰਘ ਨੂੰ ਰੀਕਾਰਡ ਪੇਸ਼ ਕਰਨ ਲਈ ਸੱਦਿਆ ਹੈ। ਜਥੇਦਾਰ ਨੇ ਸਪੱਸ਼ਟ ਕੀਤਾ ਕਿ ਜਿਸ ਧਿਰ ਦਾ ਕੇਸ ਮਜ਼ਬੂਤ ਹੋਇਆ, ਉਸ ਦਾ ਕੇਸ ਹੀ ਸਿੱਖ ਸੰਗਤਾਂ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਨਜ਼ਰਸਾਨੀ ਹੇਠ ਅਦਾਲਤ ਵਿੱਚ ਰੱਖਿਆ ਜਾਵੇਗਾ।

# ਮੁਕੇਰੀਆਂ ਤਹਿਸੀਲ ਦਾ 24.81 ਲੱਖ ਦਾ ਬਿੱਲ ਬਕਾਇਆ ਹੋਣ ਕਾਰਨ ਬਿਜਲੀ ਕਟੀ

ਮੁਕੇਰੀਆਂ, 12 ਦਸੰਬਰ (ਪੋਸਟ ਬਿਊਰੋ)- ਤਹਸੀਲ ਕੰਪਲੈਕਸ ਦਾ ਬਿਜਲੀ ਬਿੱਲ ਜਮ੍ਹਾ ਨਾ ਹੋਣ ਉੱਤੇ ਪਾਵਰਕਾਮ ਵਿਭਾਗ ਨੇ ਬਿਜਲੀ ਕੁਨੇਕਸ਼ਨ ਕੱਟ ਦਿੱਤਾ ਹੈ। ਇਸ ਨਾਲ ਕੰਮ ਕਰਾਉਣ ਆਏ ਲੋਕਾਂ ਨੂੰ ਪਰੇਸ਼ਾਨੀ ਹੋਈ।



ਪਾਵਰਕਾਮ ਦੇ ਮੁਕੇਰੀਆਂ ਦੇ ਐਸ ਡੀ ਓ ਹਰਮਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਤਹਿਸੀਲ ਦਫਤਰ ਨੇ ਕਰੀਬ 24 ਲੱਖ 81 ਹਜ਼ਾਰ 30 ਰੁਪਏ ਦਾ ਬਿਜਲੀ ਬਿੱਲ ਜਮ੍ਹਾ ਨਹੀਂ ਕਰਵਾਇਆ। ਇਸ ਦੇ ਬਾਅਦ ਕਈ ਵਾਰ ਨੋਟਿਸ ਭੇਜਿਆ ਗਿਆ ਪਰ ਬਿਜਲੀ ਬਿੱਲ ਜਮ੍ਹਾ ਨਹੀਂ ਕਰਾਇਆ ਗਿਆ। ਇਸ ਕਾਰਨ ਬਿਜਲੀ ਕਟੀ ਗਈ। ਇਸ ਬਾਰੇ ਐਸ ਡੀ ਐਮ ਮੁਕੇਰੀਆਂ ਨੇ ਦੱਸਿਆ ਕਿ ਤਹਸੀਲ ਦਫਤਰ ਵਿੱਚ ਇਕ ਹੀ ਬਿਜਲੀ ਮੀਟਰ ਹੈ। ਉਨ੍ਹਾਂ ਦੱਸਿਆ ਕਿ ਸੇਵਾ ਕੇਂਦਰ, ਪਟਵਾਰ ਵਰਕ ਸੈਂਟਰ, ਫਰਦ ਕੇਂਦਰ ਆਦਿ ਦੇ ਬਿਜਲੀ ਦੇ ਬਿੱਲਾਂ ਦੀ ਪੇਮੇਂਟ ਜਾਰੀ ਨਾ ਹੋਣ ਤੋਂ ਬਿੱਲ ਦੀ ਅਦਾਇਗੀ ਨਹੀਂ ਹੋ ਸਕੀ। ਉਕਤ ਸਾਰੇ ਸਟਾਫ ਨੂੰ ਲਿਖਤੀ ਤੌਰ 'ਤੇ ਪੇਮੇਂਟ ਜਾਰੀ ਕਰਨ ਨੂੰ ਕਿਹਾ ਹੈ। ਛੇਤੀ ਹੀ ਬਿਜਲੀ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕਰ ਸਮਸਿਆ ਹੱਲ ਕਰ ਦਿੱਤੀ ਜਾਵੇਗੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



### ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ:

# ਇਮਰਾਨ ਖਾਨ ਦੇ ਬਿਆਨਾਂ ਦਾ ਜਵਾਬ ਦੇਣ ਦੀ ਲੋੜ ਨਹੀਂ

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਨਾਗਰਿਕਤਾ ਸੋਧ ਬਿੱਲ ਉੱਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਬਾਰੇ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਇਸ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ, 'ਸਾਨੂੰ ਇਹ ਨਹੀਂ ਲੱਗਦਾ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਹਰ ਬਿਆਨ ਦਾ ਜਵਾਬ ਦੇਣ ਦੀ ਲੋੜ ਹੈ, ਉਨ੍ਹਾਂ ਦੇ ਸਾਰੇ ਬਿਆਨ ਬੇਬੁਨਿਆਦ ਹਨ ਅਤੇ ਉਨ੍ਹਾਂ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ਉੱਤੇ ਟਿੱਪਣੀ ਕਰਨ ਦੀ ਥਾਂ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੀ ਹਾਲਤ ਬਾਰੇ ਸੋਚਣਾ ਚਾਹੀਦਾ ਹੈ।'



ਵਰਣਨ ਯੋਗ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਦੇ ਨਾਗਰਿਕਤਾ ਸੋਧ ਬਿੱਲ ਦਾ ਵਿਰੋਧ ਕੀਤਾ ਸੀ। ਇਮਰਾਨ ਖਾਨ ਨੇ ਟਵੀਟ ਕੀਤਾ ਸੀ, 'ਮੈਂ ਸਖਤ ਸ਼ਬਦਾਂ ਵਿੱਚ ਭਾਰਤ ਦੀ ਲੋਕ ਸਭਾ ਵਿੱਚ ਨਾਗਰਿਕ ਸੋਧ ਬਿੱਲ ਆਉਣ ਦੀ ਨਿੰਦਾ ਕਰਦਾ ਹਾਂ। ਇਹ ਨਾ ਸਿਰਫ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦਾ, ਬਲਕਿ ਪਾਕਿਸਤਾਨ ਦੇ ਨਾਲ ਹੋਏ ਦੋ-ਪੱਖੀ ਸਮਝੌਤੇ ਦਾ ਵੀ ਉਲੰਘਣ ਹੈ।' ਇਸ ਤੋਂ ਪਹਿਲਾਂ ਭਾਰਤੀ ਪਾਰਲੀਮੈਂਟ ਵਲੋਂ ਧਾਰਾ 370 ਨੂੰ ਹਟਾਏ ਜਾਣ ਤੋਂ ਵੀ ਪਾਕਿਸਤਾਨੀ ਪ੍ਰਧਾਨ ਮੰਤਰੀ ਚੋਖੀ ਬਿਆਨਬਾਜ਼ੀ ਕਰ ਚੁੱਕਾ ਹੈ। ਖਾਨ ਨੇ ਆਪਣੇ ਇੱਕ ਟਵੀਟ ਰਾਹੀਂ ਮੋਦੀ ਸਰਕਾਰ ਤੇ ਰਾਸ਼ਟਰੀ ਸਵੈ-ਸੇਵਕ ਸੰਘ ਉੱਤੇ ਨਿਸ਼ਾਨਾ ਲਾ ਕੇ ਦੋਸ਼ ਲਾਇਆ ਕਿ ਇਹ ਬਿੱਲ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਦੇ ਖਿਲਾਫ ਹੈ।

ਇਸ ਮੌਕੇ ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਵਲੋਂ ਭਾਰਤ ਦਾ ਦੌਰਾ ਰੱਦ ਕਰਨ ਉੱਤੇ ਰਵੀਸ਼ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੇ ਯਾਤਰਾ ਰੱਦ ਕਰਨ ਦਾ ਸਪੱਸ਼ਟੀਕਰਨ ਵੀ ਦਿੱਤਾ ਹੈ। ਸਾਡਾ ਰਿਸ਼ਤਾ ਮਜ਼ਬੂਤ ਹੈ। ਇਸ ਘਟਨਾਕ੍ਰਮ ਦੇ ਬਾਵਜੂਦ ਦੋਵਾਂ ਦੇਸ਼ਾਂ ਦੇ ਨੇਤਾਵਾਂ ਨੇ ਕਿਹਾ ਹੈ ਕਿ ਸਾਡੇ ਸੰਬੰਧਾਂ ਦਾ ਸੁਨਹਿਰੀ ਯੁੱਗ ਹੈ। ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਵੱਲੋਂ ਨਾਗਰਿਕਤਾ ਸੋਧ ਬਿੱਲ ਉੱਤੇ ਕੀਤੀ ਟਿੱਪਣੀ ਬਾਰੇ ਕਿਹਾ, 'ਉਲਝਣ ਦੀ ਸਥਿਤੀ ਹੈ। ਅਸੀਂ ਉਨ੍ਹਾਂ ਨੂੰ ਸਮਝਾਇਆ ਕਿ ਮੌਜੂਦਾ ਸਰਕਾਰ ਵਿੱਚ ਕੋਈ ਧਾਰਮਿਕ ਅੱਤਿਆਚਾਰ ਨਹੀਂ ਹੁੰਦਾ। ਬੰਗਲਾ ਦੇਸ਼ ਤੋਂ ਆਏ ਜਿਨ੍ਹਾਂ ਸ਼ਰਨਾਰਥੀਆਂ ਨੇ ਭਾਰਤ ਵਿੱਚ ਸ਼ਰਨ ਮੰਗੀ, ਉਨ੍ਹਾਂ ਨੇ ਧਾਰਮਿਕ ਆਧਾਰ ਉੱਤੇ ਤਸ਼ੱਦਦ ਫੌਜੀ ਸ਼ਾਸਨ ਦੌਰਾਨ ਅਤੇ ਬੰਗਲਾ ਦੇਸ਼ ਦੀਆਂ ਪਿਛਲੀ ਸਰਕਾਰਾਂ ਵੇਲੇ ਝੱਲਿਆ ਸੀ। ਅਸੀਂ ਜਾਣਦੇ ਅਤੇ ਸਵੀਕਾਰ ਕਰਦੇ ਹਾਂ ਕਿ ਬੰਗਲਾ ਦੇਸ਼ ਦੀ ਮੌਜੂਦਾ ਸਰਕਾਰ ਨੇ ਘੱਟ ਗਿਣਤੀਆਂ ਦੀ ਸਮੱਸਿਆਵਾਂ ਹੱਲ ਕਰਨ ਲਈ ਕਈ ਕਦਮ ਚੁੱਕੇ ਹਨ।'

# ਨੈਸਲੇ ਕੰਪਨੀ ਉੱਤੇ 90 ਕਰੋੜ ਦਾ ਜੁਰਮਾਨਾ ਲੱਗਾ

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਨੈਸ਼ਨਲ ਮੁਨਾਫਾ ਵਿਰੋਧੀ ਅਥਾਰਟੀ (ਐਨ ਏ ਏ) ਨੇ ਭਾਰਤ ਦੀ ਇੱਕ ਵੱਡੀ ਕੰਪਨੀ ਨੈਸਲੇ ਉੱਤੇ 90 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਇਹ ਜੁਰਮਾਨਾ ਕੰਪਨੀ ਉੱਤੇ ਵਸਤੂ ਤੇ ਸੇਵਾ ਟੈਕਸ (ਜੀ ਐਸ ਟੀ) ਵਿਚ ਕਟੌਤੀ ਦਾ ਲਾਭ ਗਾਹਕਾਂ ਨੂੰ ਨਾ ਦੇਣ ਕਰਕੇ ਲਾਇਆ ਗਿਆ ਹੈ।



ਵਰਣਣ ਯੋਗ ਹੈ ਕਿ ਨੈਸਲੇ ਕੰਪਨੀ ਦੇ ਖਾਣ-ਪੀਣ ਦੇ ਉਤਪਾਦ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਵਰਤੇ ਜਾਂਦੇ ਹਨ। ਮੈਗੀ ਨੂਡਲਜ਼, ਕਿੱਟਕੈਟ ਚੌਕਲੇਟ ਤੇ ਨੇਸਕੈਫੇ ਵਰਗੇ ਮਸ਼ਹੂਰ ਉਤਪਾਦ ਬਣਾਉਣ ਵਾਲੀ ਨੈਸਲੇ ਕੰਪਨੀ ਨੂੰ 89.73 ਕਰੋੜ ਰੁਪਏ ਦੇ ਜੁਰਮਾਨੇ ਵਿਚੋਂ 73.14 ਕਰੋੜ ਰੁਪਏ ਜਮ੍ਹਾ ਕਰਾਉਣ ਦਾ ਆਦੇਸ਼ ਜਾਰੀ ਹੋਇਆ ਹੈ। ਬਾਕੀ ਦੀ ਰਕਮ ਪਿਛਲੇ ਸਾਲ ਉਪਭੋਗਤਾ ਭਲਾਈ ਫੰਡ ਵਿੱਚ ਜਮ੍ਹਾ ਕੀਤੀ ਜਾ ਚੁੱਕੀ ਹੈ। ਅਥਾਰਟੀ ਨੇ ਇਸ ਆਦੇਸ਼ ਵਿੱਚ ਕਿਹਾ ਹੈ ਕਿ ਜੁਰਮਾਨੇ ਦੀ ਬਕਾਇਆ 18 ਫੀਸਦੀ ਵਿਆਜ ਨਾਲ ਅਗਲੇ ਤਿੰਨ ਮਹੀਨਿਆਂ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਖਪਤਕਾਰ ਭਲਾਈ ਫੰਡ ਵਿੱਚ ਜਮ੍ਹਾਂ ਕਰਾਈ ਜਾਵੇ।

ਐਨ ਐਨ ਏ ਨੇ ਨੇਸਲੇ ਨੂੰ ਇਹ ਵੀ ਹੁਕਮ ਦਿੱਤਾ ਹੈ ਕਿ ਉਹ ਕੀਮਤਾਂ ਵਿੱਚ ਬਰਾਬਰ ਅਨੁਪਾਤ ਅਨੁਸਾਰ ਕਟੌਤੀ ਕਰੇ ਅਤੇ ਨਾਲ ਕਿਹਾ ਹੈ ਕਿ ਨੈਸਲੇ ਉੱਤੇ ਜੁਰਮਾਨਾ ਕਿਉਂ ਨਹੀਂ ਲਾਇਆ ਜਾਣਾ ਚਾਹੀਦਾ, ਇਸ ਦੇ ਲਈ ਡਾਇਰੈਕਟਰ ਜਨਰਲ ਆਫ ਨਾਨ-ਪ੍ਰੋਫਿਟ (ਡੀ ਜੀ ਏ ਪੀ) ਨੂੰ ਨੋਟਿਸ ਦੇਣਾ ਚਾਹੀਦਾ ਹੈ। ਅਥਾਰਟੀ ਨੇ ਨੈਸਲੇ ਦੇ ਟੈਕਸ ਕੱਟ ਲਾਭ ਗਾਹਕਾਂ ਨੂੰ ਦੇਣ ਦੇ ਸੰਬੰਧ ਵਿੱਚ ਵਰਤੇ ਢੰਗ ਉੱਤੇ ਸਵਾਲ ਕਰ ਕੇ ਇਸ ਨੂੰ ਤਰਕਹੀਣ, ਮਰਜ਼ੀ ਵਾਲਾ ਤੇ ਗੈਰ ਕਾਨੂੰਨੀ ਕਿਹਾ ਅਤੇ ਟੈਕਸ ਵਿੱਚ ਕਟੌਤੀ ਦਾ ਲਾਭ ਦੇਣ ਵਿੱਚ ਨਿਰਪੱਖਤਾ ਤੇ ਅਸਮਾਨਤਾ ਆਈ ਹੈ।

# ਫੇਮਾ ਕੇਸ ਵਿੱਚ ਈ ਡੀ ਵੱਲੋਂ ਗਿਪੀ ਗਰੇਵਾਲ ਤੋਂ ਸਾਢੇ ਅੱਠ ਘੰਟੇ ਪੁੱਛਗਿੱਛ

ਜਲੰਧਰ, 12 ਦਸੰਬਰ (ਪੋਸਟ ਬਿਊਰੋ)- ਫਾਰੇਨ ਇਕਸਚੇਂਜ ਮੈਨੇਜਮੇਂਟ ਐਕਟ (ਫੇਮਾ) ਕੇਸ ਵਿੱਚ ਜਾਂਚ ਦਾ ਸਾਹਮਣਾ ਕਰ ਰਹੇ ਪੰਜਾਬੀ ਸਿੰਗਰ ਤੇ ਹੀਰੋ ਗਿਪੀ ਗਰੇਵਾਲ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਨੂੰ ਸਾਢੇ ਅੱਠ ਘੰਟੇ ਤੱਕ ਪੁੱਛਗਿੱਛ ਕੀਤੀ। ਪੰਜ ਸਾਲ ਤੋਂ ਚੱਲਦੀ ਫੇਮਾ ਮਾਮਲੇ ਦੀ ਜਾਂਚ ਇਸ ਵੇਲੇ ਅੰਤਿਮ ਤੌਰ ਵਿੱਚ ਹੈ ਅਤੇ ਈ ਡੀ ਤਿੰਨ ਵਾਰ ਪਹਿਲਾਂ ਵੀ ਪੁੱਛਗਿੱਛ ਕਰ ਚੁੱਕੀ ਹੈ।



ਕੱਲ੍ਹ ਦੇਰ ਸ਼ਾਮ ਬੇਸਮੇਂਟ ਦੇ ਰਸਤੇ ਬਾਹਰ ਨਿਕਲੇ ਗਿਪੀ ਗਰੇਵਾਲ ਨੇ ਕਿਹਾ ਕਿ ਈ ਡੀ ਨੇ ਕੁਝ ਡਾਕੂਮੇਂਟ ਮੰਗੇ ਸਨ, ਜਿਹੜੇ ਉਹ ਦੇ ਚੁੱਕੇ ਹਨ ਅਤੇ ਈ ਡੀ ਦੇ ਸਵਾਲਾਂ ਦੇ ਜਵਾਬ ਵੀ ਦੇ ਦਿੱਤੇ ਹਨ। ਸਵੇਰੇ ਸਵਾ 11 ਵਜੇ ਆਪਣੇ ਏਡਵੋਕੇਟ ਦੇ ਨਾਲ ਈ ਡੀ ਦੇ ਕੂਲ ਰੋਡ ਵਾਲੇ ਦਫਤਰ ਪਹੁੰਚੇਗਿਪੀ ਗਰੇਵਾਲ ਤੋਂ ਈ ਡੀ ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਨੇ ਪੁੱਛਗਿੱਛ ਕੀਤੀ। ਗਿਪੀ ਜਾਂਚ ਨਾਲ ਜੁੜੇ ਦਸਤਾਵੇਜ਼ ਈ ਡੀ ਨੂੰ ਦਿਖਾ ਕੇ ਗਏ ਹਨ। ਐਡਵੋਕੇਟ ਵੱਲੋਂ ਗਿਪੀ ਦੇ ਅਕਾਊਂਟ ਨਾਲ ਜੁੜੀ ਹਰ ਜਾਣਕਾਰੀ ਜਾਂਚ ਅਧਿਕਾਰੀ ਨੂੰ ਦੱਸ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਆਮਦਨ ਟੈਕਸ ਵਿਭਾਗ ਨੇ 2013 ਵਿੱਚ ਗਾਇਕਾਂ ਦਾ ਸਰਵੇ ਕੀਤਾ ਸੀ। ਆਮਦਨ ਟੈਕਸ ਵਿਭਾਗ ਦੀ ਇਨਵੈਸਟੀਗੇਸ਼ਨ ਬਰਾਂਚ ਨੂੰ ਜਾਂਚ ਵਿੱਚ ਸਬੂਤ ਮਿਲੇ ਸਨ ਕਿ ਕਈ ਗਾਇਕਾਂ ਨੂੰ ਹਵਾਲਾ ਰਾਹੀਂ ਪੈਸੇ ਮਿਲੇ ਸੀ। ਈ ਡੀ ਇਸ ਤੋਂ ਪਹਿਲਾ ਮਿਸ ਪੂਜਾ, ਜੈਜੀ ਬੀ, ਦਿਲਜੀਤ ਦੋਸਾਂਝ ਤੋਂ ਪੁੱਛਗਿੱਛ ਕਰ ਚੁੱਕਾ ਹੈ।

# ਪਰਸਨਲ ਡਾਟਾ ਸੁਰੱਖਿਆ ਬਾਰੇ ਬਿੱਲ ਸਾਂਝੀ ਸਿਲੈਕਟ ਕਮੇਟੀ ਦੇ ਹਵਾਲੇ

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਡਾਟਾ ਸੁਰੱਖਿਆ ਬਿੱਲ ਕੱਲ੍ਹ ਲੋਕ ਸਭਾ ਨੂੰ ਪੇਸ਼ ਕੀਤਾ, ਪਰ ਕਾਂਗਰਸ ਅਤੇ ਹੋਰ ਪਾਰਟੀਆਂ ਦੇ ਵਿਰੋਧ ਮਗਰੋਂ ਇਸ ਨੂੰ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੀ ਸਾਂਝੀ ਸਿਲੈਕਟ ਕਮੇਟੀ ਕੋਲ ਭੇਜ ਦਿੱਤਾ ਗਿਆ ਹੈ। ਵਿਰੋਧ ਦੀਆਂ ਕਈ ਪਾਰਟੀਆਂ ਨੇ ਇਸ ਬਿੱਲ ਦਾ ਵਿਰੋਧ ਕਰਦਿਆਂ ਇਸ ਨੂੰ ਨਾਗਰਿਕਾਂ ਦੀ ਨਿੱਜਤਾ ਦੇ ਹੱਕ ਦੀ ਉਲੰਘਣਾ ਕਿਹਾ ਸੀ। ਉਨ੍ਹਾਂ ਨੇ ਬਿੱਲ ਨੂੰ ਕਾਂਗਰਸ ਦੇ ਸ਼ਸ਼ੀ ਥਰੂਰ ਦੀ ਅਗਵਾਈ ਵਾਲੀ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ ਸੀ।

ਇਸ ਤੋਂ ਪਹਿਲਾਂ ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਨੇ ਕੱਲ੍ਹ ਲੋਕ ਸਭਾ ਵਿੱਚ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਸ ਦੀ ਨੱਕ ਹੇਠ ਜਾਸੂਸੀ ਸਨਅਤ ਤੇਜ਼ੀ ਨਾਲ ਵਧਣ ਫੁੱਲਣ ਲੱਗੀ ਹੈ। ਉਨ੍ਹਾਂ ਨੇ ਕਿਹਾ ਕਿ ਪਰਸਨਲ ਡਾਟਾ ਸੁਰੱਖਿਆ ਬਿੱਲ ਸੰਵਿਧਾਨ ਦੀ ਉਲੰਘਣਾ ਹੈ। ਇਲੈਕਟ੍ਰੋਨਿਕ ਤੇ ਸੂਚਨਾ ਤਕਨੀਕ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਵਿਰੋਧੀ ਧਿਰ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਪਾਰਲੀਮੈਂਟ ਪੈਨਲ ਇਸ ਬਿੱਲ ਦੀ ਤਫ਼ਸੀਲ 'ਚ ਨਿਰਖ-ਪਰਖ ਕਰ ਸਕਦਾ ਹੈ। ਵਿਰੋਧੀ ਧਿਰ ਨੇ ਪ੍ਰਸਾਦ ਦੀ ਇਸ ਤਜਵੀਜ਼ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਹ ਬਿੱਲ ਥਰੂਰ ਦੀ ਅਗਵਾਈ ਵਾਲੀ ਵਿਭਾਗੀ ਸਟੈਂਡਿੰਗ ਕਮੇਟੀ ਨੂੰ ਭੇਜਣ ਦੀ ਮੰਗ ਕੀਤੀ।

# ਮਨੀਪੁਰ ਵਿੱਚ ਇਨਰ ਲਾਈਨ ਪਰਮਿਟ ਲਾਗੂ ਕਰਨ ਲਈ ਆਦੇਸ਼ ਜਾਰ

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਦਸਤਖ਼ਤ ਕਰਨ ਨਾਲ ਇਨਰ ਲਾਈਨ ਪਰਮਿਟ (ਆਈ ਐਲ ਪੀ) ਦੀ ਵਿਵਸਥਾ ਕੱਲ੍ਹ ਮਨੀਪੁਰ ਵਿੱਚ ਲਾਗੂ ਕਰ ਦਿੱਤੀ ਗਈ ਹੈ।

ਇਸ ਤੋਂ ਦੋ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ 'ਚ ਇਹ ਆਦੇਸ਼ ਜਾਰੀ ਕੀਤੇ ਜਾਣ ਦਾ ਐਲਾਨ ਕੀਤਾ ਸੀ ਕਿ ਨਾਗਰਿਕਤਾ (ਸੋਧ) ਬਿੱਲ 2019 ਦੇ ਬਾਰੇ ਉਤਰ ਪੂਰਬ ਦੇ ਲੋਕਾਂ ਦੇ ਖ਼ਦਸ਼ੇ ਦੂਰ ਕਰਨ ਲਈ ਮਣੀਪੁਰ ਵਿੱਚ ਆਈ ਐਲ ਪੀ ਨੂੰ ਲਾਗੂ ਕੀਤਾ ਜਾਵੇਗਾ। ਗ੍ਰਹਿ ਮੰਤਰਾਲੇ ਨੇ ਇਸ ਬਾਰੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਆਈ ਐਲ ਪੀ ਵਿਵਸਥਾ ਵਾਲੇ ਰਾਜਾਂ 'ਚ ਦੇਸ਼ ਦੇ ਦੂਜੇ ਰਾਜਾਂ ਦੇ ਲੋਕਾਂ ਸਮੇਤ ਬਾਹਰੀ ਲੋਕਾਂ ਨੂੰ ਕੁਝ ਵੀ ਕਰਨ ਲਈ ਇਜਾਜ਼ਤ ਲੈਣੀ ਪੈਂਦੀ ਹੈ। ਜ਼ਮੀਨ ਅਤੇ ਰੁਜ਼ਗਾਰ ਦੇ ਸਬੰਧ 'ਚ ਸਥਾਨਕ ਲੋਕਾਂ ਨੂੰ ਸੁਰੱਖਿਆ ਦਿੱਤੀ ਜਾਂਦੀ ਹੈ।

ਅਰੁਣਾਚਲ ਪ੍ਰਦੇਸ਼, ਨਾਗਾਲੈਂਡ ਅਤੇ ਮਿਜ਼ੋਰਮ ਤੋਂ ਬਾਅਦ ਮਨੀਪੁਰ ਚੌਥਾ ਸੂਬਾ ਹੈ ਜਿੱਥੇ ਆਈ ਐਲ ਪੀ ਨੂੰ ਲਾਗੂ ਕੀਤਾ ਗਿਆ ਹੈ। ਬੰਗਾਲ ਈਸਟਰਨ ਫਰੰਟੀਅਰ ਰੈਗੂਲੇਸ਼ਨ 1873 ਦੇ ਤਹਿਤ ਆਈ ਐਲ ਪੀ ਵਿਵਸਥਾ ਲਾਗੂ ਕੀਤੀ ਗਈ ਸੀ।

# ਦੋ ਹਫਤੇ ਪਹਿਲਾ ਪੈਰੋਲ 'ਤੇ ਆਏ ਨੌਜਵਾਨ ਦਾ ਕਤਲ, ਖੇਤ ਵਿੱਚ ਪਈ ਲਾਸ਼ ਮਿਲੀ

ਕੋਟਕਪੂਰਾ, 12 ਦਸੰਬਰ (ਪੋਸਟ ਬਿਊਰੋ)- 26 ਨਵੰਬਰ ਨੂੰ ਪੈਰੋਲ 'ਤੇ ਆਏ ਫਰੀਦਕੋਟ ਦੇ ਨੌਜਵਾਨ ਦੀ ਲਾਸ਼ ਪਿੰਡ ਸੰਧਵਾਂ ਦੇ ਕੋਲ ਖੇਤਾਂ ਵਿੱਚ ਮਿਲੀ ਹੈ। ਉਸ ਦੇ ਸਿਰ 'ਤੇ ਤੇਜ਼ਧਾਰ ਹੱਤਿਆਰ ਦੇ ਗਹਿਰੇ ਨਿਸ਼ਾਨ ਸਨ। ਇਸ ਦੇ ਆਧਾਰ 'ਤੇ ਪੁਲਸ ਨੇ ਕਤਲ ਦਾ ਮਾਮਲਾ ਮਨ ਕੇ ਅਣਪਛਾਤੇ ਦੋਸ਼ੀ 'ਤੇ ਮਾਮਲਾ ਦਰਜ ਕਰ ਕਾਰਵਾਈ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸ਼ਾਮ ਪੁਲਸ ਨੂੰ ਪਿੰਡ ਸੰਧਵਾਂ ਤੋਂ ਦੁਆਰੇਆਣਾ ਰੋਡ 'ਤੇ ਕੱਚੇ ਰਸਤੇ ਵਿੱਚ ਖੇਤਾਂ ਵਿੱਚੋਂ ਇੱਕ ਨੌਜਵਾਨ ਦੀ ਲਾਸ਼ ਪਈ ਹੋਣ ਦੀ ਸੂਚਨਾ ਮਿਲੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਇਜ਼ਾ ਲਿਆ ਅਤੇ ਚਾਰ ਘੰਟੇ ਦੀ ਭੱਜਦੌੜ ਦੇ ਬਾਅਦ ਮ੍ਰਿਤਕ ਦੀ ਪਛਾਣ ਫਰੀਦਕੋਟ ਦੇ ਦਸ਼ਮੇਸ਼ ਨਗਰ ਦੇ ਰਾਜਵਿੰਦਰ ਸਿੰਘ ਉਰਫ ਘਾਲੀ ਦੇ ਤੌਰ 'ਤੇ ਹੋਈ।ਡੀ ਐਸ ਪੀ ਬਲਕਾਰ ਸਿੰਘ ਸੰਧੂ ਦੱਸਿਆ ਕਿ ਮ੍ਰਿਤਕ ਰਾਜਵਿੰਦਰ ਸਿੰਘ 2012 ਉਤੇ ਬਹੁ-ਚਰਚਿਤ ਵਿਦਿਆਰਥੀ ਅਗਵਾ ਕਾਂਡ ਵਿੱਚ ਗੋਲੀ ਚਲਾਉਣ, ਮਾਰਕੁੱਟ ਅਤੇ ਹੱਤਿਆਰਾਂ ਦੇ ਨਾਲ ਖੋਹ ਦੇ 13 ਹੋਰ ਕੇਸ ਦਰਜ ਸਨ। ਬੀਤੀ 20 ਅਗਸਤ ਨੂੰ ਥਾਣਾ ਸਿਟੀ ਫਰੀਦਕੋਟ ਵਿੱਚ ਦਰਜ ਲੁਟ ਦੇ ਇੱਕ ਕੇਸ ਵਿੱਚ ਨਾਮਜਦ ਹੋਣ ਪਿੱਛੋਂ ਪੁਲਸ ਨੇ ਇਸ ਨੂੰ ਗ੍ਰਿਫਤਾਰ ਕੀਤਾ ਸੀ। 23 ਅਗਸਤ ਨੂੰ ਜੇਲ੍ਹ ਜਾਣ ਦੇ ਬਾਅਦ 26 ਨਵੰਬਰ ਨੂੰ ਜਮਾਨਤ 'ਤੇ ਆਇਆ ਸੀ।

# ਜਹਾਜ਼ ਸੁਰੱਖਿਆ ਖਤਰੇ ਵਿੱਚ ਪਾਈ ਤਾਂ ਇੱਕ ਕਰੋੜ ਜੁਰਮਾਨਾ ਲਗੇਗਾ

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਏਅਰਕ੍ਰਾਫਟ ਐਕਟ 1934 ਵਿੱਚ ਸੋਧ ਲਈ ਮਤੇ ਨੂੰ ਮੰਜ਼ੂਰੀ ਦੇ ਦਿੱਤੀ ਹੈ। ਇਸ ਵਿੱਚ ਜਹਾਜ਼ ਵਿੱਚ ਹੱਥਿਆਰ, ਗੋਲੀ ਬਾਰੂਦ ਜਾ ਖਤਰਨਾਕ ਵਸਤੂਆਂ ਲਿਜਾਣ ਅਤੇ ਜਹਾਜ਼ ਦੀ ਸੁਰੱਖਿਆ ਨੂੰ ਕਿਸੇ ਵੀ ਤਰ੍ਹਾਂ ਖਤਰੇ ਵਿੱਚ ਪਾਉਣ ਦੇ ਦੋਸ਼ੀ ਵਿਅਕਤੀਆਂ 'ਤੇ ਸਜ਼ਾ ਦੇ ਇਲਾਵਾ ਦਸ ਲੱਖ ਰੁਪਏ ਦੇ ਮੌਜੂਦਾ ਜੁਰਮਾਨੇ ਨੂੰ ਵਧਾ ਕੇ ਇੱਕ ਕਰੋੜ ਰੁਪਏ ਕਰਨ ਦਾ ਪ੍ਰਸਤਾਵ ਹੈ।

ਇਸ ਬਿੱਲ ਨੂੰ ਏਅਰਕ੍ਰਾਫਟ (ਸੰਸ਼ੋਧਨ) ਵਿਧੇਇਕ 2019 ਦੇ ਨਾਮ ਨਾਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾਵੇਗਾ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਮੰਡਲ ਦੀ ਬੈਠਕ ਵਿੱਚ ਇਸ ਦੀ ਮੰਜ਼ੂਰੀ ਦੇ ਦਿੱਤੀ ਗਈ ਹੈ। ਏਅਰਕ੍ਰਾਫਟ ਸੋਧ ਬਿੱਲ ਵਿੱਚ ਏਅਰ ਨੇਵੀਗੇਸ਼ਨ ਦੇ ਸਾਰੇ ਖੇਤਰਾਂ ਦੇ ਨਿਯਮ-ਕਾਇਦੇ ਐਕਟ ਦੇ ਘੇਰੇ ਵਿੱਚ ਲਿਉਣ ਦੀ ਤਜਵੀਜ਼ ਹੈ। ਸੋਧ ਤੋਂ ਇੰਟਰਨੈਸ਼ਨਲ ਸਿਵਲ ਏਵੀਏਸ਼ਨ ਆਗਰਨਾਈਜੇਸ਼ਨ (ਆਈ ਸੀ ਏ ਓ)ਦੇ ਵੱਲੋਂ ਸੁਰੱਖਿਆ ਦੀ ਸ਼ਰਤ ਵੀ ਪੂਰੀ ਹੋਵੇਗੀ। ਇਸ ਦੇ ਇਲਾਵਾ ਇਸ ਨਾਲ ਭਾਰਤ ਸਰਕਾਰ ਦੇ ਤਿੰਨਾਂ ਹਵਾਈ ਰੈਗੂਲੇਟਰਾਂ: ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀ ਡੀ ਸੀ ਏ), ਬਿਊਰੋ ਆਫ ਸਿਵਲ ਏਵੀਏਸ਼ਨ ਸਕਿਓਰਿਟੀ (ਬੀ ਸੀ ਏ ਐਸ) ਅਤੇ ਏਅਰਕ੍ਰਾਫਟ ਐਕਸੀਡੈਂਟ ਇਨਵੇਸਟੀਗੇਸ਼ਨ ਬਿਊਰੋ (ਏ ਏ ਆਈ ਬੀ) ਨੂੰ ਆਪਣੀ ਭੂਮਿਕਾ ਬੇਹਤਰ ਢੰਗ ਨਾਲ ਨਿਭਾਉਣ ਵਿੱਚ ਮਦਦ ਮਿਲੇਗੀ।

ਕੈਬਿਨੇਟ ਨੇ ਕੇਂਦਰ ਅਤੇ ਦਿੱਲੀ ਸਰਕਾਰ ਨੂੰ ਦਿੱਲੀ ਮੇਟਰੋ ਦੇ ਫੇਜ-4 ਦੇ ਫੰਡਿੰਗ ਦੇ ਤਰੀਕੇ ਵਿੱਚ ਬਦਲਾਓ ਦੀ ਵੀ ਆਗਿਆ ਦੇ ਦਿੱਤੀ ਹੈ। ਇਸ ਨਾਲ ਕੇਂਦਰ ਅਤੇ ਦਿੱਲੀ ਸਰਕਾਰ ਫੇਜ-4 ਦੇ ਤਿੰਨ ਕਾਰਿਡੋਰ ਬਣਾਉਣ ਲਈ ਗ੍ਰਹਿਣ ਕੀਤੀ ਜ਼ਮੀਨ ਦੀ ਲਾਗਤ ਵਿੱਚ 50-50 ਫੀਸਦੀ ਹਿਸੇਦਾਰੀ ਦੇਵੇਗੀ। ਇਨ੍ਹਾਂ ਕਾਰੀਡੋਰ ਵਿੱਚ ਏਰੋਸਿਟੀ-ਤੁਗਲਕਾਬਾਦ, ਆਰ ਅਤੇ ਆਸ਼ਰਮ-ਜਨਕਪੁਰੀ (ਪੱਛਮ) ਅਤੇ ਮੁਕੁੰਦਪੁਰ-ਮੌਜਪੁਰ ਦੇ ਕਾਰੀਡੋਰ ਸ਼ਾਮਲ ਹੈ।ਇਹ ਕਦਮ ਮੇਟਰੋ ਰੇਲ ਪਾਲਿਸੀ, 2017 ਵਿੱਚ ਸੋਧ ਦੇ ਮਦੇਨਜ਼ਰ ਸੁਪਰੀਮ ਕੋਰਟ ਦੇ ਆਦੇਸ਼ ਹੇਠ ਕੇਵਲ ਦਿੱਲੀ ਲਈ ਉਠਾਇਆ ਗਿਆ ਹੈ। ਦਿੱਲੀ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਦੇ ਮਦੇਨਜ਼ਰ ਇਸ ਨੂੰ ਮਹੱਤਵਪੂਰਨ ਮੰਨਿ-ਆ ਜਾ ਰਿਹਾ ਹੈ। ਇਸਦੇ ਸਿਟੇ ਵਜੋਂ 24,948.65 ਕਰੋੜ ਦੀ ਕੁਲ ਲਾਗਤ ਵਾਲੇ ਚੌਥੇ ਪੜਾਅ 'ਤੇ ਅਸਰ ਨਹੀਂ ਪਵੇਗਾ, ਪਰ ਕੇਂਦਰ ਸਰਕਾਰ ਦਾ ਯੋਗਦਾਨ ਮੌਜੂਦਾ 4,154.20 ਕਰੋੜ ਤੋਂ ਵੱਧ ਕੇ 4,643.63 ਕਰੋੜ ਹੋ ਜਾਵੇਗਾ। ਭਾਵ ਕੇਂਦਰ ਨੂੰ 489.43 ਕਰੋੜ ਰੁਪਏ ਹੋਰ ਦੇਣੇ ਹੋਣਗੇ। ਕੈਬਿਨੇਟ ਨੇ ਐਨ ਐਚ ਏ ਆਈ ਨੂੰ ਇੰਫ੍ਰਾਸਟ੍ਰਕਚਰ ਇੰਵੇਸਟਮੇਂਟ ਟ੍ਰਸਟ ਦੀ ਸਥਾਪਨਾ ਦੀ ਆਗਿਆ ਵੀ ਦੇ ਦਿੱਤੀ ਹੈ।

# ਬਜ਼ੁਰਗਾਂ ਉਤੇ ਹੋ ਰਿਹਾ ਜ਼ੁਲਮ ਰੋਕਣ ਲਈ ਲੋਕ ਸਭਾ ਵਿੱਚ ਬਿੱਲ ਪੇਸ਼

ਨਵੀਂ ਦਿੱਲੀ, 12 ਦਸੰਬਰ (ਪੋਸਟ ਬਿਊਰੋ)- ਲੋਕ ਸਭਾ 'ਚ ਕੱਲ੍ਹ ਸਮਾਜਿਕ ਨਿਆਂ ਤੇ ਸ਼ਕਤੀਕਰਨ ਮੰਤਰੀ ਥਾਵਰਚੰਦ ਗਹਿਲੋਤ ਨੇ ਮਾਪਿਆਂ ਤੇ ਬਜ਼ੁਰਗਾਂ ਦੇ ਗੁਜ਼ਾਰੇ ਭੱਤੇ ਅਤੇ ਭਲਾਈ ਬਾਰੇ (ਸੋਧ) ਬਿੱਲ 2019 ਪੇਸ਼ ਕੀਤਾ। ਬਿੱਲ ਮੁਤਾਬਕ ਜਿਹੜੇ ਵਿਅਕਤੀ ਆਪਣੇ ਮਾਪਿਆਂ ਜਾਂ ਬਜ਼ੁਰਗਾਂ 'ਤੇ ਜ਼ੁਲਮ ਕਰਦੇ ਜਾਂ ਉਨ੍ਹਾਂ ਨੂੰ ਛੱਡ ਦਿੰਦੇ ਹਨ, ਉਨ੍ਹਾਂ ਨੂੰ ਛੇ ਮਹੀਨੇ ਦੀ ਸਜ਼ਾ ਹੋ ਸਕਦੀ ਹੈ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ।



ਇਸ ਬਿੱਲ ਵਿੱਚ ਬਜ਼ੁਰਗਾਂ ਨੂੰ ਗੁਜ਼ਾਰਾ-ਭੱਤਾ ਲੈਣ ਦਾ ਦਾਅਵਾ ਪੇਸ਼ ਕਰਨ ਦੀ ਤਜਵੀਜ਼ ਹੈ। ਬਿੱਲ 'ਚ ਸਰੀਰਕ, ਜ਼ਬਾਨੀ, ਜਜ਼ਬਾਤੀ ਅਤੇ ਆਰਥਿਕ ਤੌਰ 'ਤੇ ਦੁਰਵਿਹਾਰ ਨੂੰ ਪਰਿਭਾਸ਼ਤ ਕੀਤਾ ਗਿਆ ਹੈ। ਬੱਚਿਆਂ 'ਚ ਪੁੱਤਰ, ਧੀ, ਗੋਦ ਲਿਆ ਬੱਚਾ, ਜਵਾਈ, ਨੂੰਹ, ਪੋਤਾ ਪੋਤੀ ਅਤੇ ਹੋਰ ਸ਼ਾਮਲ ਹਨ। ਬਿੱਲ 'ਚ ਬਜ਼ੁਰਗਾਂ ਨੂੰ ਗੁਜ਼ਾਰੇ-ਭੱਤੇ ਲਈ ਦਾਅਵਾ ਪੇਸ਼ ਕਰਨ ਅਤੇ ਸਹਾਇਤਾ ਲਈ ਟ੍ਰਿਬਿਊਨ ਬਣਾਉਣ ਦਾ ਪ੍ਰਸਤਾਵ ਹੈ। 80 ਸਾਲ ਤੋਂ ਉਪਰ ਦੇ ਬਜ਼ੁਰਗਾਂ ਦੀਆਂ ਅਰਜ਼ੀਆਂ ਦਾ ਨਿਬੇੜਾ 60 ਦਿਨਾਂ ਦੇ ਅੰਦਰ ਕਰਨਾ ਹੋਵੇਗਾ। ਖਾਸ ਹਾਲਾਤ 'ਚ ਵੱਧ ਤੋਂ ਵੱਧ 30 ਦਿਨਾਂ ਦੀ ਹੋਰ ਮੋਹਲਤ ਮਿਲੇਗੀ। ਬਾਕੀ ਬਜ਼ੁਰਗਾਂ ਜਾਂ ਮਾਪਿਆਂ ਦੀਆਂ ਅਰਜ਼ੀਆਂ ਦਾ ਨਿਬੇੜਾ ਟ੍ਰਿਬਿਊਨਲ ਨੂੰ 90 ਦਿਨਾਂ ਦੇ ਅੰਦਰ ਕਰਨਾ ਹੋਵੇਗਾ। ਬਿੱਲ ਮੁਤਾਬਕ ਹਰ ਪੁਲਸ ਥਾਣੇ ਵਿੱਏ ਐਸ ਆਈ ਰੈਂਕ ਤੋਂ ਉਪਰ ਦਾ ਨੋਡਲ ਅਫ਼ਸਰ ਹੋਵੇਗਾ ਜੋ ਬਜ਼ੁਰਗਾਂ ਦੇ ਮਸਲਿਆਂ ਨਾਲ ਨਜਿੱਠੇਗਾ। ਇਸੇ ਤਰ੍ਹਾਂ ਹਰ ਜ਼ਿਲ੍ਹੇ 'ਚ ਬਜ਼ੁਰਗਾਂ ਦੀ ਭਲਾਈ ਲਈ ਵਿਸ਼ੇਸ਼ ਪੁਲਸ ਯੂਨਿਟ ਹੋਵੇਗੀ ਅਤੇ ਇਸ ਦੀ ਅਗਵਾਈ ਡੀ ਐਸ ਪੀ ਰੈਂਕ ਤੋਂ ਘੱਟ ਦਾ ਪੁਲਸ ਅਧਿਕਾਰੀ ਨਹੀਂ ਕਰੇਗਾ। ਸੂਬਾ ਸਰਕਾਰ ਨੂੰ ਹੁਕਮ ਲਾਗੂ ਕਰਾਉਣ ਲਈ ਮੇਂਟੀਨੈਂਸ ਅਫ਼ਸਰ ਵੀ ਤਾਇਨਾਤ ਕਰਨਾ ਪਵੇਗਾ।

MICHELIN
Hankook
Continental
ROADLUX
BFGoodrich
AEOLUS
COMPASAL
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Special Sale on Smartway Approved Tires $245 each
4 Mechanics Needed Urgently
Chevron Delo
Special OIL CHANGE Rates
Brake & Drum -Made in U.S
- On Special Sale!
Special Sale 4 CAT Batteries $550 with Installation
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055



### ਅਮਰੀਕੀ ਐਮ ਪੀ ਕਹਿੰਦੈ

# ਕੈਬ ਰਾਹੀਂ ਭਾਰਤ ਮੁਸਲਮਾਨਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਬਣਾਉਣਾ ਚਾਹੁੰਦੈ

ਵਾਸ਼ਿੰਗਟਨ, 12 ਦਸੰਬਰ (ਪੋਸਟ ਬਿਊਰੋ)- ਭਾਰਤ ਵਿਚ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚ ਨਾਗਰਿਕਤਾ ਸੋਧ ਬਿੱਲ ਦੇ ਪਾਸ ਹੋਣ ਦੇ ਬਾਵਜੂਦ ਇਸ ਉੱਤੇ ਦੇਸ਼-ਵਿਦੇਸ਼ ਤੱਕ ਸਿਆ-ਸਤ ਰੁਕਣ ਦਾ ਨਾਂ ਨਹੀਂ ਲੈ ਰਹੀ।

ਅਮਰੀਕਾ ਦੇ ਮੁਸਲਿਮ ਪਾਰਲੀਮੈਂਟ ਮੈਂਬਰ ਆਂਦਰੇ ਕਾਰਸਨ ਨੇ ਨਾਗਰਿਕਤਾ ਸੋਧ ਬਿੱਲ ਬਾਰੇ ਕਿਹਾ ਹੈ ਕਿ ਇਹ ਭਾਰਤ ਸਰਕਾਰ ਦੀ ਮੁਸਲਮਾਨਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਬਣਾਉਣ ਦੀ ਕੋਸ਼ਿਸ਼ ਹੈ। ਕਾਰਸਨ ਨੇ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉ ਉੱਤੇ ਵੀ ਚਿੰਤਾ ਪ੍ਰਗਟ ਕੀਤੀ ਹੈ। ਭਾਰਤ ਵੱਲੋਂ ਪੇਸ਼ ਨਾਗਰਿਕਤਾ ਸੋਧ ਬਿੱਲ ਵਿਚ ਅਫਗਾਨਿਸਤਾਨ, ਬੰਗਲਾ ਦੇਸ਼ ਤੇ ਪਾਕਿਸਤਾਨ ਤੋਂ ਧਾਰਮਿਕ ਜ਼ੁਲਮ ਕਾਰਨ 31 ਦਸੰਬਰ 2014 ਤੱਕ ਭਾਰਤ ਆਏ ਗੈਰ-ਮੁਸਲਮਾਨ



ਸ਼ਰਨਾਰਥੀਆਂ ਹਿੰਦੂ, ਸਿੱਖ, ਬੋਧ, ਜੈਨ, ਪਾਰਸੀ ਤੇ ਈਸਾਈਆਂ ਨੂੰ ਨਾਗਰਿਕਤਾ ਮਿਲ ਸਕੇਗੀ।

ਕਾਰਸਨ ਨੇ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਤੋਂ ਵਿਸ਼ੇਸ਼ ਸੂਬੇ ਦਾ ਦਰਜਾ ਵਾਪਸ ਲੈਣ ਦਾ ਐਲਾਨ ਜਦੋਂ ਕੀਤਾ, ਮੈਂ ਉਦੋਂ ਕਸ਼ਮੀਰ ਦੇ ਭਵਿੱਖ ਉੱਤੇ ਉਸ ਦੇ ਅਸਰ ਬਾਰੇ ਚਿੰਤਾ ਪੇਸ਼ ਕੀਤੀ ਸੀ। ਕਾਰਸਨ ਨੇ ਨਾਗਰਿਕਤਾ ਸੋਧ ਬਿੱਲ ਪਾਸ ਕਰਾਉਣ ਨੂੰ ਖਤਰਨਾਕ ਕਦਮ ਦੱਸਿਆ। ਉਨ੍ਹਾਂ ਨੇ ਇਸ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਦੇ ਖਿਲਾਫ ਦੱਸ ਕੇ ਕਿਹਾ ਕਿ ਸਰਕਾਰ ਨੇ ਕਸ਼ਮੀਰ ਦੇ ਲੋਕਾਂ ਦੀ ਲੋਕਤੰਤਰੀ ਇੱਛਾ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਸਰਕਾਰ ਨੇ ਆਪਣੀ ਸੰਵਿਧਾਨਿਕਤਾ ਦੀ ਖੁਸ਼ਹਾਲ ਰਸਮ ਨੂੰ ਘੱਟ ਕਰਕੇ ਮਾ-ਪਿਆ ਹੈ। ਇਸ ਕਦਮ ਨਾਲ ਭਾਰਤ ਦੇ ਭਵਿੱਖ ਉੱਤੇ ਸਵਾਲ ਖੜ੍ਹੇ ਹੋ ਗਏ ਹਨ। ਇਸ ਦਾ ਪਾਸ ਹੋਣਾ ਪ੍ਰਧਾਨ ਮੰਤਰੀ ਮੋਦੀ ਦਾ ਇਕ ਹੋਰ ਘਾਤਕ ਕਦਮ ਹੈ। ਭਾਰਤ ਸਰਕਾਰ ਨੇ ਪੰਜ ਅਗਸਤ ਨੂੰ ਧਾਰਾ 370 ਹਟਾ ਕੇ ਜੰਮੂ-ਕਸ਼ਮੀਰ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾਉਣ ਦਾ ਐਲਾਨ ਕੀਤਾ ਤਾਂ ਇਸ ਕਦਮ ਉੱਤੇ ਪਾਕਿਸਤਾਨ ਨੇ ਸਖਤ ਵਿਰੋਧ ਕੀਤਾ ਸੀ ਅਤੇ ਭਾਰਤ ਨੇ ਇਸ ਕਦਮ ਨੂੰ ਆਪਣਾ ਅੰਦਰੂਨੀ ਮਾਮਲਾ ਦੱਸਿਆ ਸੀ।

# ਬੋਗਨਵਿਲੇ ਦੁਨੀਆ ਦਾ ਨਵਾਂ ਦੇਸ਼ ਬਣਨ ਲੱਗਾ, 98 ਫੀਸਦੀ ਲੋਕਾਂ ਵੱਲੋਂ ਸਮਰਥਨ

ਪੋਰਟ ਮੋਸਰਬੀ, 12 ਦਸੰਬਰ (ਪੋਸਟ ਬਿਊਰੋ)- ਪ੍ਰਸ਼ਾਂਤ ਮਹਾਸਾ-ਗਰ ਵਿਚ ਟਾਪੂ ਬੋਗਨਵਿਲੇ ਪਾਪੂਆ ਨਿਊਗਿਨੀ (ਪੀ ਐਨ ਜੀ) ਦਾ ਹਿੱਸਾ ਹੈ। ਇਸ ਤੋਂ ਵੱਖ ਹੋਣ ਬਾਰੇ ਬੋਗ-ਨਵਿਲੇ ਵਿਚ 23 ਸਤੰਬਰ ਤੋਂ ਵੋਟਿੰਗ ਹੋ ਰਹੀ ਸੀ। ਬੁੱਧਵਾਰ ਆਏ ਨਤੀਜੇ ਵਿਚ ਇਥੋਂ ਦੇ ਲੋਕਾਂ ਨੇ ਪੀ ਐਨ ਜੀ ਤੋਂ ਆਜ਼ਾਦ ਹੋਣ ਦੇ ਸਮਰਥਨ ਦੇ ਲਈ ਭਾਰੀ ਵੋਟਿੰਗ ਕੀਤੀ। ਇਸ ਲਈ ਬੋਗਨਵਿਲੇ ਦੁਨੀਆ ਦਾ ਸਭ ਤੋਂ ਨਵਾਂ ਦੇਸ਼ ਬਣਨ ਜਾ ਰਿਹਾ ਹੈ।



ਬੋਗਨਵਿਲੇ ਰੈਫਰੈਂਡਮ ਕਮਿਸ਼ਨ ਦੇ ਪ੍ਰਧਾਨ ਬਰਟੀ ਆਹਰਨ ਨੇ ਬੁਕਾ (ਬੋਗਨਵਿਲੇ ਦੀ ਰਾਜਧਾਨੀ) ਵਿਚ ਐਲਾਨ ਕੀਤਾ ਹੈ ਕਿ 1,81,067 ਵਿਚੋਂ 98 ਫੀਸਦੀ ਲੋਕਾਂ ਨੇ ਆਜ਼ਾਦੀ ਦੇ ਲਈ ਵੋਟ ਦਿੱਤਾ ਅਤੇ ਵਿਰੋਧ ਵਿਚ ਸਿਰਫ 3,043 ਲੋਕਾਂ ਨੇ ਵੋਟ ਕੀਤੀ। ਆਹਰਨ ਨੇ ਸਾਰੇ ਪੱਖ ਨਤੀਜੇ ਮੰਨਣ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ ਕਿ ਇਹ ਵੋਟ ਤੁਹਾਡੀ ਸ਼ਾਂਤੀ, ਇਤਿਹਾਸ ਤੇ ਭਵਿੱਖ ਬਾਰੇ ਤੇ ਹਥਿਆਰਾਂ ਉੱਤੇ ਕਲਮ ਦੀ ਤਾਕਤ ਨੂੰ ਦਿਖਾਉਂਦਾ ਹੈ। ਇਸ ਰੈਫਰੈਂਡਮ ਨੂੰ ਪਾਪੂਆ ਨਿਊਗਿਨੀ ਦੀ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਵੇਗਾ, ਜਿਥੇ ਇਸ ਦਾ ਵਿਰੋਧ ਹੋ ਸਕਦਾ ਹੈ। ਵੱਡੇ ਪੱਧਰ ਉੱਤੇ ਲੋਕਾਂ ਨੇ ਆਜ਼ਾਦੀ ਦਾ ਪੱਖ ਲਿਆ ਹੈ, ਜਿਸ ਨਾਲ ਪੋਰਟ ਮੋਸੇਰਬੀ ਉੱਤੇ ਦਬਾਅ ਰਹੇਗਾ। ਬੋਗਨਵਿਲੇ ਪਾਪੂਆ ਨਿਊਗਿਨੀ ਦਾ ਸੂਬਾ ਹੈ। ਇਥੇ ਲੋਕ ਖੁਦ ਨੂੰ ਪੀ ਐਨ ਜੀ ਤੋਂ ਸੁਤੰਤਰ ਮੰਨਦੇ ਹਨ। ਇਸ ਦਾ ਨਾਂ 18ਵੀਂ ਸਦੀ ਸ਼ਤਾਬਦੀ ਦੇ ਫ੍ਰਾਂਸੀਸੀ ਖੋਜ ਕਰਤਾ ਦੇ ਨਾਂ ਉੱਤੇ ਰੱਖਿਆ ਗਿਆ। ਪੀ ਐਨ ਜੀ ਦੇ 1975 ਵਿਚ ਆਸਟਰੇਲੀਆ ਤੋਂ ਆਜ਼ਾਦ ਹੋਣ ਤੋਂ ਪਹਿਲਾਂ ਬੋਗਨਵਿ-ਲੇ ਦੀ ਆਜ਼ਾਦੀ ਦਾ ਐਲਾਨ ਹੋ ਗਿਆ ਸੀ। ਪੀ ਐਨ ਜੀ ਅਤੇ ਆਸਟਰੇਲੀਆ ਨੇ ਬੋਗਨਵਿਲੇ ਨੂੰ ਕਦੇ ਆਜ਼ਾਦ ਨਹੀਂ ਮੰਨਿਆ। ਇਹ ਵੋਟਿੰਗ 2001 ਦੇ ਸ਼ਾਂਤੀ ਸਮਝੌਤੇ ਦਾ ਹਿੱਸਾ ਹੈ।ਸਾਲ 2001 ਵਿਚ ਪੀ ਐਨ ਜੀ ਸਰਕਾਰ ਨੇ ਦਹਾਕਿਆਂ ਤੱਕ ਚੱਲੇ ਗ੍ਰਹਿ ਯੁੱਧ ਨੂੰ ਖਤਮ ਕਰਨ ਲਈ ਇਕ ਸ਼ਾਂਤੀ ਸਮਝੌਤੇ ਵਾਸਤੇ ਵੋਟਿੰਗ ਦਾ ਵਾਅਦਾ ਕੀਤਾ ਸੀ। 1980 ਦੇ ਦਹਾਕੇ ਵਿਚ ਬੋਗ-ਨਵਿਲੇ ਵਿਚ ਹਿੰਸਾ ਸ਼ੁਰੂ ਹੋਈ। ਇਸ ਦਾ ਕਾਰਨ ਪੰਗੁਨਾ ਵਿਚਲੀ ਵਿਸ਼ਾਲ ਤਾਂਬੇ ਦੀ ਖਾਨ ਸੀ। 1988 ਤੋਂ ਲੈ ਕੇ 1998 ਤੱਕ ਕਰੀਬ 10 ਸਾਲ ਤੱਕ ਬੋਗਨਵਿਲੇ ਵਿਚ ਲੜਾਕਿਆਂ, ਪਾਪੂਆ ਨਿਊਗਿਨੀ ਫੌਜ ਤੇ ਕਿਰਾਏ ਉੱਤੇ ਲਏ ਵਿਦੇਸ਼ੀ ਫੌਜੀਆਂ ਵਿਚਾਲੇ ਜੰਗ ਚੱਲਦੀ ਰਹੀ। ਇਸ ਵਿਚ ਕਰੀਬ 20 ਹਜ਼ਾਰ ਲੋਕਾਂ ਦੀ ਜਾਨ ਗਈ।

## ਸਟੇਟ ਕਮਿਸ਼ਨ ਨੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਤੇ ਈ ਓ ਦੇ ਜ਼ਮਾਨਤੀ ਵਾਰੰਟ ਕੱਢੇ

ਜਲੰਧਰ, 12 ਦਸੰਬਰ (ਪੋਸਟ ਬਿਊਰੋ)- ਸਟੇਟ ਕਨਜ਼ਿਊਮਰਜ਼ ਕਮਿਸ਼ਨ ਨੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ/ਈ ਓ ਦੇ ਜ਼ਮਾਨਤੀ ਵਾਰੰਟ ਜਾਰੀ ਕਰ ਕੇ ਉਨ੍ਹਾਂ ਨੂੰ 14 ਜਨਵਰੀ ਤੱਕ ਪੇਸ਼ ਹੋਣ ਦੇ ਹੁਕਮ ਜਾਰੀ ਕਰਦਿੱਤੇ ਹਨ। ਟਰੱਸਟ ਦੇ ਚੇਅਰਮੈਨ ਦਲਜੀਤ ਸਿੰਘ ਆਹੂਲਵਾਲੀਆ/ਈ ਓ ਸੁਰਿੰਦਰ ਕੁਮਾਰੀ ਨੂੰ ਕਮਿਸ਼ਨ ਅੱਗੇ ਪੇਸ਼ ਹੋ ਕੇ ਪੰਜ ਲੱਖ ਰੁਪਏ ਦਾ ਮੁਚੱਲਕਾ ਭਰ ਕੇ ਜ਼ਮਾਨਤ ਕਰਾਉਣੀ ਹੋਵੇਗੀ।

ਇਹ ਹੁਕਮ ਰਵਿੰਦਰ ਕੁਮਾਰ ਪੁੱਤਰ ਜਗਨਨਾਥ ਵਾਸੀ ਪਟਿਆਲਾ ਦੇ ਕੇਸ ਵਿੱਚ ਹੋਏ ਹਨ। ਰਵਿੰਦਰ ਕੁਮਾਰ ਨੇ ਸੂਰਿਆ ਐਨਕਲੇਵ ਸਕੀਮ ਵਿੱਚ 500 ਗਜ਼ ਦਾ ਪਲਾਟ ਲਿਆ ਅਤੇ ਇਸ ਦੀ ਪਹਿਲੀ ਕਿਸ਼ਤ 1956950 ਰੁਪਏ ਜਮ੍ਹਾ ਕਰਵਾ ਦਿੱਤੀ ਸੀ, ਪਰ ਬਾਅਦ ਵਿੱਚ ਉਨ੍ਹਾਂ ਸਕੀਮ ਬਾਰੇ ਕੁਝ ਸ਼ੱਕ ਕਾਰਨ ਪਲਾਟ ਲੈਣ ਤੋਂ ਨਾਂਹ ਕਰ ਕੇ ਟਰੱਸਟ ਕੋਲੋਂ ਆਪਣੇ ਪੈਸੇ ਰੀਫੰਡ ਕਰਨ ਦੀ ਮੰਗ ਕੀਤੀ। ਰੀਫੰਡ ਨਾ ਮਿਲਣ ਉਤੇ ਉਸ ਨੇ 30 ਸਤੰਬਰ 2014 ਨੂੰ ਸਟੇਟ ਕਮਿਸ਼ਨ ਵਿੱਚ ਕੇਸ ਦਾਇਰ ਕੀਤਾ। ਕਮਿਸ਼ਨ ਨੇ 7 ਮਾਰਚ 2017 ਨੂੰ ਫੈਸਲਾ ਕਰ ਕੇ ਟਰੱਸਟ ਨੂੰ ਕੇਸ ਦਾਇਰ ਕਰਨ ਦੀ ਤਰੀਕ ਤੋਂ ਲੈ ਕੇ 9 ਫੀਸਦੀ ਵਿਆਜ, 2 ਲੱਖ ਰੁਪਏ ਮੁਆਵਜ਼ਾ ਤੇ 20,000 ਰੁਪਏ ਕਾਨੂੰਨੀ ਖਰਚ ਦੇਣ ਨੂੰ ਕਿਹਾ, ਪਰ ਇਨ੍ਹਾਂ ਹੁਕਮਾਂ ਦੇ ਬਾਵਜੂਦ ਫੰਡ ਨਾ ਮਿਲਣ ਉਤੇ ਰਵਿੰਦਰ ਕੁਮਾਰ ਨੇ 20 ਅਗਸਤ 2019 ਨੂੰ ਕਮਿਸ਼ਨ ਵਿੱਚ ਐਕਸੀਕਿਊਸ਼ਨ ਫਾਈਲ ਕੀਤੀ, ਜਿਸ 'ਤੇ ਕਮਿਸ਼ਨ ਨੇ ਟਰੱਸਟ ਦੇ ਚੇਅਰਮੈਨ/ਈ ਓ ਖਿਲਾਫ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। 25 ਨਵੰਬਰ ਨੂੰ ਟਰੱਸਟ ਦੇ ਵਕੀਲ ਨੇ ਕਮਿਸ਼ਨ ਅੱਗੇ ਪੇਸ਼ ਹੋ ਕੇ ਦੱਸਿਆ ਕਿ ਕੁੱਲ ਬਣਦੇ ਕਰੀਬ 33 ਲੱਖ ਰੁਪਇਆਂ ਵਿੱਚੋਂ ਟਰੱਸਟ ਉਨ੍ਹਾਂ ਨੂੰ 15 ਲੱਖ ਰੁਪਏ ਦਾ ਭੁਗਤਾਨ ਕਰ ਚੁੱਕਾ ਹੈ, ਪਰ ਕਮਿਸ਼ਨ ਨੇ ਵਕੀਲ ਦੀ ਦਲੀਲ ਰੱਦ ਕਰਦਿਆਂ ਨਵੇਂ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ। ਟਰੱਸਟ ਅਗਲੀ ਤਰੀਕ ਤੋਂ ਪਹਿਲਾਂ ਜਾਂ ਤਾਂ ਰਵਿੰਦਰ ਨੂੰ ਭੁਗਤਾਨ ਕਰੇਗਾ ਜਾਂ ਚੇਅਰਮੈਨ/ਈ ਓ ਨੂੰ ਕਮਿਸ਼ਨ ਸਾਹਮਣੇ ਪੇਸ਼ ਹੋ ਜ਼ਮਾਨਤ ਲੈਣੀ ਹੋਵੇਗੀ।

## 16 ਸਾਲ ਦੀ ਗ੍ਰੇਟਾ ਥਨਬਰਗ ਨੂੰ ਟਾਈਮ ਦਾ 'ਪਰਸਨ ਆਫ ਦੀ ਯੀਅਰ' ਪੁਰਸਕਾਰ



ਨਿਊਯਾਰਕ, 12 ਦਸੰਬਰ (ਪੋਸਟ ਬਿਊਰੋ)- ਸਵੀਡਨ ਦੀ 16 ਸਾਲ ਦੀ ਜਲਵਾਯੂ ਕਾਰਕੁਨ ਕੁੜੀ ਗ੍ਰੇਟਾ ਥਨਬਰਗ ਨੂੰ ਟਾਈਮ ਮੈਗਜ਼ੀਨ ਨੇ 2019 ਦੇ ਵੱਕਾਰੀ 'ਪਰਸਨ ਆਫ ਦੀ ਯੀਅਰ' ਇਨਾਮ ਲਈ ਚੁਣਿਆ ਹੈ। ਗ੍ਰੇਟਾ ਇਸ ਸਾਲ ਉਸ ਸਮੇਂ ਚਰਚਾ ਵਿੱਚ ਆਈ ਸੀ , ਜਦੋਂ ਉਸਨੇ ਯੂ ਐੱਨ ਜਲਵਾਯੂ ਸੰਮੇਲਨ 'ਚ ਦੁਨੀਆ ਦੇ ਸ਼ਕਤੀਸ਼ਾਲੀ ਨੇਤਾਵਾਂ ਨੂੰ 'ਗ੍ਰੀਨ ਹਾਊਸ ਗੈਸਾਂ' ਦੇ ਪੈਦਾ ਹੋਣ ਨਾਲ ਨਿਪਟਣ 'ਚ ਨਾਕਾਮ ਰਹਿਣ, ਤੇ ਇਸ ਤਰ੍ਹਾਂ ਕਰਕੇ ਨਵੀਂ ਪੀੜੀ ਨਾਲ ਵਿਸ਼ਵਾਸ਼ਘਾਤ ਕਰਨ ਦਾ ਦੋਸ਼ ਲਗਾਇਆ ਸੀ। ਇਸ ਸੰਮੇਲਨ 'ਚ ਯੂ ਐਨ ਦੇ ਮੁੱਖੀ ਐਂਟਨੀਓ ਗੁਟੇਰੇਸ ਵੀ ਸਨ।

ਗ੍ਰੇਟਾ ਓਦੋਂ ਵੀ ਚਰਚਾ 'ਚ ਆਈ ਸੀ, ਜਦੋਂ ਉਸ ਨੇ ਇੱਕ ਵਾਤਾਵਰਨ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਸੀ ਜਲਵਾਯੂ ਮੁ-ਹੰਮ 'ਚ ਲੋੜ ਇਸ ਗੱਲ ਦੀ ਹੈ ਕਿ ਸੱਤਾ 'ਚ ਬੈਠੇ ਲੋਕ ਪੁਰਸਕਾਰ ਦੇਣ ਦੀ ਬਜਾਏ ਵਿਗਿਆਨ ਅਨੁਸਾਰ ਸਮੱਸਿਆਵਾਂ ਦਾ ਹੱਲ ਕਰਨ ਨੂੰ ਪਹਿਲ ਦੇਣ। ਇਸ ਬਾਰੇ ਸਪੇਨ ਦੇ ਮੈਡਰਿਡ 'ਚ ਹੋਏ ਜਲਵਾਯੂ ਪਰਿਵਰਤਨ ਸਮਾਗਮ ਵਿੱਚ ਮਨੀਪੁਰ ਦੀ 8 ਸਾਲਾ ਬੱਚੀ ਲਿਸੀਪ੍ਰੀਆ ਕੰਗੁਜਮ ਵੱਲੋਂ ਗ੍ਰੇਟਾ ਥਨਬਰਗ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਸਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੰਗ ਕੀਤੀ ਕਿ ਦੇਸ਼ ਦੀ ਪਾਰਲੀਮੈਂਟ 'ਚ ਚੱਲਦੇ ਸਰਦ ਰੁੱਤ ਦੇ ਇਜਲਾਸ ਦੌਰਾਨ ਜਲਵਾਯੂ ਪਰਿਵਰਤਨ ਕਾਨੂੰਨ ਨੂੰ ਪਾਸ ਕੀਤਾ ਜਾਵੇ।

ਵਰਨਣ ਯੋਗ ਹੈ ਕਿ ਲਿਸੀਪ੍ਰੀਆ ਨੇ ਇਸ ਸਾਲ ਜੂਨ 'ਚ ਪਾਰਲੀਮੈਂਟ ਦੇ ਵਿਹੜੇ 'ਚ ਖੜ੍ਹੇ ਹੋ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਲਵਾਯੂ ਪਰਿਵਰਤਨ ਨੂੰ ਲੈ ਕੇ ਸਖਤ ਕਦਮ ਉਠਾਉਣ ਲਈ ਗੁਹਾਰ ਲਗਾਈ ਸੀ।

## ਕੇਸ ਰੱਦ ਕਰਾਉਣ ਗਏ ਹਾਫਿਜ਼ ਦੀ ਅਰਜ਼ੀ ਹਾਈ ਕੋਰਟ ਵਿੱਚ ਰੱਦ

ਲਾਹੌਰ, 12 ਦਸੰਬਰ (ਪੋਸਟ ਬਿਊਰੋ)- ਲਾਹੌਰ ਹਾਈ ਕੋਰਟ ਨੇ ਅੱਜ ਵੀਰਵਾਰ ਨੂੰ ਮੁੰਬਈ ਅੱਤਵਾਦੀ ਹਮਲੇ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਤੇ ਉਸ ਦੇ 67 ਸਾਥੀਆਂ ਦੀ ਆਪਣੇ ਖ਼ਿਲਾਫ਼ ਦਰਜ ਕੇਸ ਰੱਦ ਕਰਾਉਣ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਇਹ ਕੇਸ ਗ਼ੈਰ ਕਾਨੂੰਨੀ ਐਲਾਨ ਹੋ ਚੁੱਕੇ ਸੰਗਠਨ ਜਮਾਤ-ਉਦ-ਦਾਵਾ ਅਤੇ ਫਲਾਹ-ਏ-ਇਨਸਾਨੀਅਤ ਨਾਲ ਸਬੰਧਤ ਹੈ। ਇਸ ਵਿਚ ਸਈਦ ਤੇ ਉਸ ਦੇ ਸਾਥੀਆਂ ਨੇ ਆਪਣੇ ਖ਼ਿਲਾਫ਼ ਕੇਸ ਰੱਦ ਕਰਨ ਦੀ ਮੰਗ ਕੀਤੀ ਸੀ। ਦੋਸ਼ ਹੈ ਕਿ ਸਈਦ ਤੇ ਉਸ ਦੇ ਸਹਿਯੋਗੀ ਲੋਕਾਂ ਨੇ ਆਪਣੀਆਂ ਦੋਵਾਂ ਸੰਸਥਾਵਾਂ ਦੀ ਜਾਇਦਾਦ ਦਾ ਇਸਤੇਮਾਲ ਅੱਤਵਾਦੀ ਸਰਗਰਮੀਆਂ ਲਈ ਕੀਤੀ ਅਤੇ ਅਣਮਨੁੱਖੀ ਕੰਮ ਕੀਤਾ ਹੈ।



ਹਾਈ ਕੋਰਟ ਦੇ ਜਸਟਿਸ ਮੁਹੰਮਦ ਕਾਸਿਮ ਖ਼ਾਨ ਦੇ ਪ੍ਰਧਾਨਗੀ ਵਾਲੇ ਦੋ ਮੈਂਬਰੀ ਬੈਂਚ ਨੇ ਸਈਦ ਤੇ ਉਸ ਦੇ ਸਾਥੀਆਂ ਦੀ ਪਟੀਸ਼ਨ ਦਾ ਨਿਪਟਾਰਾ ਕਰ ਕੇ ਆਦੇਸ਼ ਦਿੱਤਾ ਹੈ ਕਿ ਹਰ ਕੇਸ ਰੱਦ ਕਰਨ ਲਈ ਵੱਖ-ਵੱਖ ਪਟੀਸ਼ਨ ਦੇਣ। ਹਾਫਿਜ਼ ਸਈਦ ਦੇ ਵਕੀਲ ਏ ਕੇ ਡੋਗਰ ਨੇ ਕਿਹਾ, ਜਮਾਤ-ਉਦ-ਦਾਵਾ ਅਤੇ ਫਲਾਹ-ਏ-ਇਨਸਾਨੀਅਤ ਦੀ ਕਿਸੇ ਜਾਇਦਾਦ ਦੀ ਵਰਤੋਂ ਕਿਸੇ ਅੱਤਵਾਦੀ ਕੰਮ ਲਈ ਨਹੀਂ ਹੋਈ। ਇਸਤਗਾਸਾ ਵੱਲੋਂ ਉਨ੍ਹਾਂ ਦੇ ਕਲਾਈਂਟ ਉੱਤੇ ਇਹ ਗ਼ਲਤ ਦੋਸ਼ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਈਦ ਅਤੇ ਉਸ ਦੇ ਕੁਝ ਸਾਥੀਆਂ ਦਾ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਨਾਲ ਜੁੜੇ ਹੋਣ ਦਾ ਦਾਅਵਾ ਕਾਨੂੰਨੀ ਰੂਪ ਨਾਲ ਗ਼ਲਤ ਹੈ। ਸਈਦ ਅਤੇ ਉਸ ਦੇ ਸਾਥੀ ਕਿਸੇ ਤਰ੍ਹਾਂ ਦੀਆਂ ਅੱਤਵਾਦੀ ਸਰਗਰਮੀਆਂ ਵਿਚ ਕਦੇ ਵੀ ਸ਼ਾਮਲ ਨਹੀਂ ਰਹੇ।

ਅੱਜ ਵੀਰਵਾਰ ਮੁੰਬਈ ਅੱਤਵਾਦੀ ਹਮਲੇ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਤੇ ਉਸ ਦੇ ਤਿੰਨ ਸਾਥੀਆਂ ਦੀ ਪੇਸ਼ੀ ਵਕੀਲਾਂ ਦੀ ਹੜਤਾਲ ਕਾਰਨ ਅਦਾਲਤ ਵਿਚ ਨਹੀਂ ਹੋਈ। ਸਈਦ ਤੇ ਉਸ ਦੇ ਸਾਥੀਆਂ ਦੀਆਂ ਅੱਤਵਾਦੀ ਸਰਗਰਮੀਆਂ ਲਈ ਪੈਸਾ ਪੁਚਾਉਣ ਦੇ ਕੇਸ ਵਿਚ ਪੇਸ਼ੀ ਹੋਣੀ ਸੀ। ਇਸ ਬਾਰੇ ਅਦਾਲਤ ਨੇ ਬੁੱਧਵਾਰ ਨੂੰ ਸਈਦ ਤੇ ਉਸ ਦੇ ਸਾਥੀਆਂ ਹਾਫਿਜ਼ ਅਬਦੁੱਲ ਸਲਾਮ ਬਿਨ ਮੁਹੰਮਦ, ਮੁਹੰਮਦ ਅਸ਼ਰਫ ਤੇ ਜ਼ਫਰ ਇਕਬਾਲ ਉੱਤੇ ਦੋਸ਼ ਤੈਅ ਕਰ ਦਿੱਤੇ ਸਨ। ਇਸ ਕੇਸ ਵਿੱਚ ਗਵਾਹ ਅਤੇ ਸਬੂਤ ਪੇਸ਼ ਹੋਣਗੇ।

## ਏਸ਼ੀਆ ਪ੍ਰਸ਼ਾਂਤ ਖਿੱਤੇ ਵਿੱਚ ਕਰੋੜਾਂ ਲੋਕ ਭੁੱਖਮਰੀ ਦੇ ਸ਼ਿਕਾਰ

ਬੈਂਕਾਕ, 12 ਦਸੰਬਰ (ਪੋਸਟ ਬਿਊਰੋ)- ਭਾਰਤ ਸਮੇਤ ਪੂਰੇ ਏਸ਼ੀਆ-ਪ੍ਰਸ਼ਾਂਤ ਖੇਤਰ 'ਚ 50 ਕਰੋੜ ਤੋਂ ਜ਼ਿਆਦਾ ਲੋਕ ਕੁਪੋਸ਼ਣ ਦੇ ਸ਼ਿਕਾਰ ਹਨ। ਇਨ੍ਹਾਂ 'ਚੋਂ ਅੱਧੇ ਤੋਂ ਵੱਧ ਲੋਕ ਦੱਖਣੀ ਏਸ਼ੀਆ 'ਚ ਰਹਿੰਦੇ ਹਨ।

ਯੂ ਐੱਨ ਦੀਆਂ ਏਜੰਸੀਆ ਨੇ ਕਿਹਾ ਕਿ ਜੇ 2030 ਤੱਕ ਇਸ ਖੇਤਰ 'ਚ ਭੁੱਖਮਰੀ ਦਾ ਖਾਤਮਾਕਰਨਾ ਹੈ ਤਾਂ ਲੱਖਾਂ ਲੋਕਾਂ ਨੂੰ ਖੁਰਾਕੀ ਸੁਰੱਖਿਆ ਦੇ ਘੇਰੇ ਵਿੱਚ ਲਿਆਉਣਾ ਪਵੇਗਾ। ਯੂ ਐੱਨ ਦੀਆਂ ਏਜੰਸੀਆਂ ਵੱਲੋਂ ਇਕੱਠੇ ਕੀਤੇ ਡਾਟੇ ਮੁਤਾਬਕ ਕੁਪੋਸ਼ਣ ਦੇ ਕਾਰਨ ਬੱਚਿਆਂ ਦਾ ਵਜ਼ਨ ਘੱਟ ਹੋ ਰਿਹਾ ਹੈ ਤੇ ਉਨ੍ਹਾਂ ਦੀ ਲੰਬਾਈਵੀ ਉਚਿਤ ਮਾਤਰਾ ਵਿੱਚ ਨਹੀਂ ਵੱਧ ਰਹੀ। ਭਾਰਤ 'ਚ 21 ਫੀਸਦੀ ਤੋਂ ਵੱਧ ਬੱਚੇ ਘੱਟ ਵਜ਼ਨ ਦੇ ਸ਼ਿਕਾਰ ਹਨ। ਕਮਜ਼ੋਰ ਦਿਮਾਗ ਵਾਲੇ ਬੱਚਿਆਂ ਦੀ ਗਿਣਤੀ ਵੱਧ ਰਹੀ ਹੈ। ਇਸ ਖੇਤਰ 'ਚ ਗੈਰਬਰਾਬਰੀ ਤੇਜ਼ੀ ਨਾਲ ਵਧੀ ਹੈ। ਤੇਜ਼ ਆਰਥਿਕ ਵਿਕਾਸ ਦੇ ਬਾਵਜੂਦ ਲੋਕਾਂ ਨੂੰ ਆਮਦਨ ਉਚਿਤ ਮਾਤਰਾ ਵਿੱਚ ਨਹੀਂ ਵੱਧ ਰਹੀ। ਇਸ ਕਾਰਨ ਲੋਕਾਂ ਪੋਸ਼ਣ ਖਾਣਾ ਨਹੀਂ ਮਿਲ ਪਾ ਰਿਹਾ, ਲੱਖਾਂ ਲੋਕ ਗਰੀਬੀ 'ਚ ਦਿਨ



ਬਿਤਾ ਰਹੇ ਹਨ। ਰਿਪੋਰਟ 'ਚ ਹਾਲਾਤ ਬਦਲਣ ਲਈ ਸਰਕਾਰ ਨੂੰ ਗਰੀਬੀ ਹਟਾਊ ਪ੍ਰੋਗਰਾਮ ਚਲਾਉਣ ਦੇ ਨਾਲ ਪੋਸ਼ਣ, ਸਿਹਤ ਤੇ ਸਿੱਖਿਆ 'ਚ ਸੁਧਾਰ ਲਈ ਵੀ ਨੀਤੀਆਂ ਲਾਗੂ ਕਰਨ ਦੀ ਅਪੀਲ ਕੀਤੀ ਗਈ ਹੈ। ਯੂ ਐੱਨ ਓ ਦੀ ਖੁਰਾਕ ਤੇ ਖੇਤੀ ਸੰਗਠਨ (ਐਫ ਏ ਓ) ਦੀ ਖੇਤਰੀ ਨੁਮਾਇੰਦਾ ਕੁੰਧਵੀ ਕਾਦਿਰਸਨ ਕਹਿੰਦੀ ਹੈ ਕਿ ਅਸੀ ਸਹੀ ਰਸਤੇ 'ਤੇ ਨਹੀਂ ਹਾਂ। ਪਿਛਲੇ ਕੁਝ ਸਾਲਾਂ 'ਚ ਕੁਪੋਸ਼ਣ ਨੂੰ ਘੱਟ ਕਰਨ ਦੀ ਰਫਤਾਰ ਬਹੁਤ ਘੱਟ ਹੋ ਗਈ ਹੈ। ਇਸ ਖੇਤਰ 'ਚ 20 ਫੀਸਦੀ ਤੋਂ ਜ਼ਿਆਦਾ ਲੋਕਾਂ ਨੂੰ ਸਾਲ ਭਰ 'ਚ ਕਈ-ਕਈ ਦਿਨਾਂ ਤੱਕ ਭਰ ਪੇਟ ਖਾਣਾ ਨਹੀਂ ਮਿਲਦਾ ਜਾਂ ਉਨ੍ਹਾਂ ਨੂੰ ਭੁੱਖੇ ਰਹਿਣਾ ਪੈਂਦਾ ਹੈ। ਕਦੇ-ਕਦੇ ਤਾਂ ਲਗਾਤਾਰ ਕਈ ਦਿਨਾਂ ਤੱਕ ਲੋਕਾਂ ਨੂੰ ਭੁੱਖੇ ਪੇਟ ਰਹਿਣ ਲਈ ਮਜਬੂਰ ਹੋਣਾ ਪੈ ਜਾਂਦਾ ਹੈ।


FIRST CHOICE FINANCIAL LIMITED

TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424


## ਅਮਰੀਕਾ ਵਿੱਚ ਪਿਛਲੇ ਸਾਲ 10,000 ਭਾਰਤੀ ਗ੍ਰਿਫਤਾਰ ਹੋਏ



ਵਾਸ਼ਿੰਗਟਨ, 12 ਦਸੰਬਰ (ਪੋਸਟ ਬਿਊਰੋ)- ਅਮਰੀਕਾ ਸਰਕਾਰ ਵਲੋਂ ਜਾਰੀ ਰਿਪੋਰਟ ਮੁਤਾਬਕ ਦੇਸ਼ ਦੀਆਂ ਵੱਖ-ਵੱਖ ਇਮੀਗਰੇਸ਼ਨ ਏਜੰਸੀਆਂ ਨੇ ਸਾਲ 2018 ਵਿੱਚ ਰਾਸ਼ਟਰੀ ਸੁਰੱਖਿਆ ਲਈ ਖਤਰੇ ਦੇ ਰੂਪ ਵਿੱਚ ਦੇਖੇ ਜਾਂਦੇ ਕਰੀਬ 10 ਹਜ਼ਾਰ ਭਾਰਤੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਸੀ।

ਅੱਜ ਮੰਗਲਵਾਰ ਜਾਰੀ ਇੱਕ ਰਿਪੋਰਟ ਮੁਤਾਬਕ ਇਨ੍ਹਾਂ 10 ਹਜ਼ਾਰ ਲੋਕਾਂ ਵਿੱਚੋਂ 831 ਨੂੰ ਅਮਰੀਕਾ ਵਿੱਚੋਂ ਬਾਹਰ ਕੱਢਿਆ ਗਿਆ ਹੈ। ਇਮੀਗ੍ਰੇਸ਼ਨ ਪਰਿਵਰਤਨ, ਗ੍ਰਿਫਤਾਰੀਆਂ, ਹਿਰਾਸਤ, ਬਾਹਰ ਭੇਜਣਾ ਅਤੇ ਕਈ ਹੋਰ ਮੁੱਦਿਆਂ' ਦੀ ਰਿਪੋਰਟ ਸਰਕਾਰੀ ਜਵਾਬਦੇਹੀ ਦਫਤਰ ਨੇ ਬਣਾਈ ਹੈ। ਅਮਰੀਕੀ ਇਮੀਗ੍ਰੇਸ਼ਨ ਤੇ ਕਸਟਮ (ਆਈ ਸੀ ਈ) ਵਲੋਂ ਗ੍ਰਿਫਤਾਰ ਕੀਤੇ ਭਾਰਤੀਆਂ ਦੀ ਗਿਣਤੀ 2015 ਤੋਂ 2018 ਵਿਚਾਲੇ ਦੋਗੁਣੀ ਹੋਈ ਹੈ।

ਆਈ ਸੀ ਈ ਨੇ 2015 ਵਿੱਚ 3,532 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਸੀ। ਸਾਲ 2016 ਵਿੱਚ 3913, ਸਾਲ 2017 ਵਿੱਚ 5322 ਅਤੇ 2018 ਵਿੱਚ 9,811 ਭਾਰਤੀਆਂ ਨੂੰ ਹਿਰਾਸਤ ਵਿੱਚ ਲਿਆ। ਰਿਪੋਰਟ ਮੁਤਾਬਕ ਆਈ ਸੀ ਈ ਨੇ 2018 ਵਿੱਚ 831 ਭਾਰਤੀਆਂ ਨੂੰ ਦੇਸ਼ ਤੋਂ ਕੱਢਿਆ। 2015 ਵਿੱਚ 296, 2016 ਵਿੱਚ 387 ਅਤੇ 2017 ਵਿੱਚ 474 ਭਾਰਤੀਆਂ ਨੂੰ ਦੇਸ਼ ਤੋਂ ਬਾਹਰ ਕੱਢਿਆ ਗਿਆ ਸੀ।

# ਲਾਹੌਰ ਦੇ ਵੱਡੇ ਹਸਪਤਾਲ 'ਚ ਵਕੀਲਾਂ ਵੱਲੋਂ ਹਿੰਸਾ, ਭੰਨ-ਤੋੜ

ਇਸਲਾਮਾਬਾਦ, 12 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਇੱਕ ਵੱਡੇ ਹਸਪਤਾਲ ਪੰਜਾਬ ਹਾਰਟ ਸੈਂਟਰ (ਪੀ ਆਈ ਸੀ) ਵਿੱਚ ਵਕੀਲਾਂ ਨੇ ਕੱਲ੍ਹ ਭਾਰੀ ਹੰਗਾਮਾ ਕੀਤਾ ਅਤੇ ਹਿੰਸਾ ਉਤੇ ਉਤਾਰੂ ਵਕੀਲਾਂ ਨੇ ਹਸਪਤਾਲ ਵਿੱਚ ਭੰਨ-ਤੋੜ ਕੀਤੀ। ਇਸ ਹੰਗਾਮੇ ਦੌਰਾਨ ਇਲਾਜ ਨਾ ਮਿਲਣ ਕਾਰਨ ਚਾਰ ਮਰੀਜ਼ਾਂ ਦੀ ਮੌਤ ਹੋ ਗਈ। ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜਦਾਰ ਨੇ ਵਕੀਲਾਂ ਦੇ ਹਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਸ਼ਹਿਰ ਦੇ ਪੁਲਸ ਅਧਿਕਾਰੀਆਂ ਨੂੰ ਜਾਂਚ ਦੇ ਹੁਕਮ ਦਿੱਤੇ ਹਨ।

ਮਿਲੀਆਂ ਖਬਰਾਂ ਮੁਤਾਬਕ ਕੱਲ੍ਹ ਸੋਸ਼ਲ ਮੀਡੀਆ ਉੱਤੇ ਜਾਰੀ ਹੋਈ ਵੀਡੀਓ ਪਿੱਛੋਂ ਵਕੀਲ ਹਿੰਸਾ ਉੱਤੇ ਉਤਾਰੂ ਹੋ ਗਏ। ਉਸ ਵੀਡੀਓ ਵਿੱਚ ਇੱਕ ਡਾਕਟਰ ਦੀ ਕੁਝ ਵਕੀਲਾਂ ਨਾਲ ਕੁੱਟ-ਮਾਰ ਵਿਖਾਈ ਗਈ ਸੀ। ਵੀਡੀਓ ਵਿੱਚ ਨਜ਼ਰ ਆ ਰਹੇ ਡਾਕਟਰ ਦੇ ਮੁਤਾਬਕ ਵਕੀਲਾਂ ਦਾ ਇੱਕ ਗਰੁੱਪ ਡਾਇਰੈਕਟਰ ਜਰਨਲ ਕੋਲ ਗਿਆ ਸੀ ਤੇ ਉਸ ਨੂੰ ਦੋ ਡਾਕਟਰਾਂ ਵਿਰੁੱਧ ਧਾਰਾ ਸੱਤ ਦਾ ਕੇਸ ਦਰਜ ਕਰਨ ਲਈ ਕਿਹਾ ਸੀ। ਉਸ ਵੱਲੋਂਕੇਸ ਦਰਜ ਕਰਨ ਤੋਂ ਨਾਂਹ ਕਰਨ ਉੱਤੇ ਕੱਲ੍ਹ ਹਸਪਤਾਲ ਵਿੱਚ ਵੱਡੀ ਗਿਣਤੀ ਵਿੱਚ ਵਕੀਲ ਇਕੱਠੇ ਹੋ ਗਏ ਅਤੇ ਹਿੰਸਾ 'ਤੇ ਉਤਰ ਆਏ। ਉਨ੍ਹਾਂ ਪੀ ਆਈ ਸੀ ਦੇ ਮੁੱਖ ਦਰਵਾਜ਼ੇ ਦਾ ਸ਼ੀਸ਼ਾ ਤੋੜ ਦਿੱਤਾ। ਹਸਪਤਾਲ ਵਿੱਚ ਪਏ ਕਈ ਮਹਿੰਗੇ ਜੰਤਰਾਂ ਦਾ ਨੁਕਸਾਨ ਕੀਤਾ ਅਤੇ ਖਿੜਕੀਆਂ ਤੋੜ ਦਿੱਤੀਆਂ। ਪਾਰਕਿੰਗ ਵਿੱਚ ਖੜ੍ਹੀਆਂ ਕਾਰਾਂ ਦੇ ਸ਼ੀਸ਼ੇ ਵੀ ਭੰਨ ਦਿੱਤੇ। ਹਸਪਤਾਲ ਦੇ ਐਮਰਜੈਂਸੀ ਵਿਭਾਗ ਦੇ ਦਰਵਾਜ਼ੇ ਤੋੜ ਦਿੱਤੇ। ਉਥੇ ਮੌਜੂਦ ਮੁਲਾਜ਼ਮਾਂ ਨੂੰ ਆਪਣੀ ਜਾਨ ਬਚਾਉਣ ਲਈ ਭੱਜਣਾ ਪਿਆ।

ਇੱਕ ਐਂਬੂਲੈਂਸ 'ਚ ਇਲਾਜ ਲਈ ਆਏ ਦੋ ਮਰੀਜ਼ ਹਸਪਤਾਲ ਨਹੀਂ ਪਹੁੰਚ ਸਕੇ। ਉਨ੍ਹਾਂ ਦੀ ਇਲਾਜ ਨਾ ਮਿਲਣ ਕਾਰਨ ਮੌਤ ਹੋ ਗਈ। ਦੋ ਹੋਰ ਮਰੀਜ਼ਾਂ, ਜੋ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਸਨ, ਦਾ ਇਲਾਜ ਨਹੀਂ ਹੋ ਸਕਿਆ ਅਤੇ ਉਨ੍ਹਾਂ ਨੇ ਵੀ ਦਮ ਤੋੜ ਦਿੱਤਾ। ਵਕੀਲਾਂ ਨੇ ਹਸਪਤਾਲ ਵਿੱਚ ਮੌਜੂਦ ਮੀਡੀਆ ਉੱਤੇ ਵੀ ਹਮਲਾ ਕੀਤਾ ਤੇ ਉਨ੍ਹਾਂ 'ਤੇ ਪਥਰਾਅ ਕੀਤਾ ਗਿਆ। ਇੱਕ ਟੀ ਵੀ ਚੈਨਲ ਦੀ ਮਹਿਲਾ





ਰਿਪੋਰਟਰ ਕਿੰਜਾ ਮਲਿਕ ਜ਼ਖ਼ਮੀ ਹੋ ਗਈ। ਪੰਜਾਬ ਦੇ ਸੂਚਨਾ ਮੰਤਰੀ ਫਰਿਆਜ਼ ਉਲ ਨੇ ਕਿਹਾ ਕਿ ਵਕੀਲਾਂ ਨੇ ਮੈਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਤੇ ਧੱਕਾ-ਮੁੱਕੀ ਕੀਤੀ ਹੈ।

# ਪੰਕਜਾ ਮੁੰਡੇ ਅਤੇ ਖੜਸੇ ਕਾਰਨ ਭਾਜਪਾ ਟੈਂਸ਼ਨ ਵਿੱਚ, ਦੇਰ ਰਾਤ ਕੋਰ ਕਮੇਟੀ ਦੀ ਬੈਠਕ ਹੋਈ



ਮੁੰਬਈ, 12 ਦਸੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਵੱਡਾ ਪਲਟਾ ਵੱਜ ਸਕਦਾ ਹੈ। ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਨਾਲ ਮੁਲਾਕਾਤ ਦੇ ਬਾਅਦ ਭਾਜਪਾ ਦੇ ਨੇਤਾ ਏਕਨਾਥ ਖੜਸੇ ਨੇ ਮੁੱਖ ਮੰਤਰੀ ਉਧਵ ਠਾਕਰੇ ਨਾਲ ਵੀ ਮੁਲਾਕਾਤ ਕੀਤੀ ਹੈ।

ਏਕਨਾਥ ਖੜਸੇ ਨੇ ਕਿਹਾ ਕਿ ਉਧਵ ਠਾਕਰੇ ਨਾਲ ਵਿਧਾਨ ਸਭਾ ਖੇਤਰ ਵਿੱਚ ਕੁਝ ਯੋਜਨਾਵਾਂ ਬਾਰੇ ਗੱਲ ਹੋਈ ਹੈ। ਇਸ ਮੁਲਾਕਾਤ ਤੋਂ ਪਹਿਲਾਂ ਏਕਨਾਥ ਖੜਸੇ ਨੇ ਪੰਕਜਾ ਮੁੰਡੇ ਨਾਲ ਮੁਲਾਕਾਤ ਕੀਤੀ ਸੀ। ਇਸ ਦੌਰਾਨ ਮੁੰਬਈ ਵਿੱਚ ਦੇਰ ਰਾਤ ਭਾਜਪਾ ਕੋਰ ਕਮੇਟੀ ਦੀ ਬੈਠਕ ਹੋਈ, ਜਿਸ ਵਿੱਚ ਡੈਮੇਜ ਕੰਟਰੋਲ ਕਰਨ ਅਤੇ ਨਾਗਪੁਰ ਸਮਾਗਮ ਦੀ ਰਣਨੀਤੀ ਬਣਾਉਣ ਉੱਤੇ ਮੰਥਨ ਕੀਤਾ ਗਿਆ। ਇਸ ਬੈਠਕ ਦੇ ਬਾਅਦ ਭਾਜਪਾ ਨੇਤਾ ਸੁਧੀਰ ਮੁਨਗੰਟੀਵਾਰ ਨੇ ਦੱਸਿਆ ਕਿ ਅਸੀ ਬੈਠਕ ਵਿੱਚ ਏਕਨਾਥ ਖੜਸੇ ਨਾਲ ਵਿਚਾਰ-ਵਟਾਂਦਰੇ ਦਾ ਫੈਸਲਾ ਲਿਆ, ਉਨ੍ਹਾਂ ਦੀ ਚਿੰਤਾਵਾਂ 'ਤੇ ਧਿਆਨ ਦਿੱਤਾ ਜਾਵੇਗਾ। ਪਾਰਟੀ ਦੇ ਖਿਲਾਫ ਕੰਮ ਕਰਨ ਵਾਲੇ ਲੋਕਾਂ ਨੂੰ ਲੈ ਕੇ ਖੜਸੇ ਨੇ ਕੁਝ ਸਬੂਤ ਸੌਂਪੇ ਹਨ, ਜਿਸ ਨੇ ਵੀ ਪਾਰਟੀ ਖਿਲਾਫ ਕੰਮ ਕੀਤਾ ਹੈ, ਉਸ ਨੂੰ ਬਾਹਰ ਕੱਢਿਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਬੈਠਕ ਵਿੱਚ ਪੰਕਜਾ ਮੁੰਡੇ ਸ਼ਾਮਲ ਨਹੀ ਸੀ।

ਮਹਾਰਾਸ਼ਟਰ ਵਿਧਾਨਸਭਾ ਚੋਣਾਂ ਵਿੱਚ ਚਚੇਰੇ ਭਰਾ ਕੋਲੋਂ ਪਰਲੀ ਵਿਧਾਨਸਭਾ ਸੀਟ ਤੋਂ ਚੋਣ ਹਾਰਨ ਦੇ ਪਿੱਛੇ ਅੰਦਰੂਨੀ ਮਾਰ ਦੇ ਸ਼ੰਕਿਆਂ ਦੇ ਬਾਅਦ ਪੰਕਜਾ ਮੁੰਡੇ ਭਾਜਪਾ ਨਾਲ ਨਾਰਾਜ਼ ਦੱਸੀ ਜਾਂਦੀ ਹੈ। ਏਕਨਾਥ ਖੜਸੇ ਕਹਿ ਚੁੱਕੇ ਹਨ ਕਿ ਪਾਰਟੀ ਦੇ ਕੁਝ ਵਰਕਰਾਂ ਦੇ ਕਾਰਨ ਹੀ ਪੰਕਜਾ ਮੁੰਡੇ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਦੇ ਸੰਬੰਧ ਵਿੱਚ ਉਨ੍ਹਾਂ ਨੇ ਮਹਾਰਾਸ਼ਟਰ ਭਾਜਪਾ ਦੇ ਇੰਚਾਰਜ ਚੰਦਰਕਾਂਤ ਪਾਟਿਲ ਨੂੰ ਕੁਝ ਸਬੂਤ ਸੌਂਪੇ ਹਨ

# ਟਰੰਪ ਵੱਲੋਂ ਰੂਸ ਨੂੰ ਅਮਰੀਕੀ ਚੋਣਾਂ ਵਿੱਚ ਕੋਈ ਦਖ਼ਲ ਨਾ ਦੇਣ ਦੀ ਚਿਤਾਵਨੀ



ਵਾਸ਼ਿੰਗਟਨ, 12 ਦਸੰਬਰ (ਪੋਸਟ ਬਿਊਰੋ)- ਰੂਸੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਨੂੰ ਚਿਤਾਵਨੀ ਦਿੱਤੀ ਅਤੇ ਅਪੀਲ ਵੀ ਕੀਤੀ ਹੈ। ਉਨ੍ਹਾਂ ਨੇ 2020 ਦੀਆਂ ਅਮਰੀਕੀ ਚੋਣਾਂ ਵਿੱਚ ਰੂਸ ਨੂੰ ਕਿਸੇ ਤਰ੍ਹਾਂ ਦਾ ਦਖ਼ਲ ਨਾ ਦੇਣ ਦੀ ਚਿਤਾਵਨੀ ਦਿੱਤੀ ਅਤੇ ਯੂਕ੍ਰੇਨ ਨਾਲ ਵਿਵਾਦ ਮੁਕਾਉਣ ਦੀ ਅਪੀਲ ਕੀਤੀ ਹੈ। ਟਰੰਪ ਦਾ ਇਹ ਰੁਖ਼ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਮੁਲਾਕਾਤ ਦੌਰਾਨ ਦਿਖਾਈ ਦਿੱਤਾ।

ਅਸਲ ਵਿੱਚ ਡੋਨਾਲਡ ਟਰੰਪ ਨੇ ਇਹ ਚਿਤਾਵਨੀ ਉਦੋਂ ਦਿੱਤੀ, ਜਦੋਂ ਇੱਕ ਦਿਨ ਪਹਿਲਾਂ ਹੀ ਅਮਰੀਕਾ ਦੇ ਨਿਆ ਵਿਭਾਗ ਨਾਲ ਜੁੜੀ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਐਫ ਬੀ ਆਈ ਨੂੰ ਸ਼ੁਰੂਆਤੀ ਜਾਂਚ 'ਚ ਟਰੰਪ ਦੇ ਚੋਣ ਪ੍ਰਚਾਰ ਨਾਲ ਜੁੜੇ ਲੋਕਾਂ ਦੇ ਰੂਸ ਨਾਲ ਸਬੰਧਾਂ ਦੇ ਸਬੂਤ ਮਿਲੇ ਸਨ। ਟਰੰਪ ਨੇ ਇਸ ਜਾਂਚ ਦਾ ਵਿਰੋਧ ਕੀਤਾ ਸੀ। ਇਨ੍ਹਾਂ ਦੋਵਾਂ ਨੇਤਾਵਾਂ ਦੀ ਮੁਲਾਕਤ ਤੋਂ ਬਾਅਦ ਵ੍ਹਾਈਟ ਹਾਊਸ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਚੋਣਾਂ ਵਿੱਚ ਦਖਲ ਬਾਰੇ ਰੂਸ ਨੂੰ ਸੁਚੇਤ ਕੀਤਾ ਹੈ, ਪਰ ਲਾਵਰੋਵ ਨੇ ਇਸਦੇ ਉਲਟ ਕਿਹਾ ਕਿ ਸਾਡੀ ਮੁਲਾਕਾਤ 'ਚ ਅਮਰੀਕੀ ਚੋਣ ਬਾਰੇ ਕੋਈ ਚਰਚਾ ਨਹੀਂ ਹੋਈ। ਦੋਵਾਂ ਨੇਤਾਵਾਂ ਦੀ ਇਹ ਦੂਜੀ ਮੁਲਾਕਾਤ ਸੀ। ਇਸ ਤੋਂ ਪਹਿਲਾਂ ਲਾਵਰੋਵ ਮਈ 2017 'ਚ ਅਮਰੀਕਾ ਆਏ ਸਨ। ਉਸ ਸਮੇਂ ਟਰੰਪ ਐਫ ਬੀ ਆਈ ਡਾਇਰੈਕਟਰ ਜੇਮਜ਼ ਕਾਮੇ ਵੱਲੋਂ ਚੋਣਾਂ 'ਚ ਰੂਸੀ ਦਖਲ ਦੀ ਜਾਂਚ ਸ਼ੁਰੂ ਕਰਨ ਦੇ ਮਸਲੇ 'ਤੇ ਬੁਰੀ ਤਰ੍ਹਾਂ ਨਾਲ ਨਾਰਾਜ਼ ਸਨ।

ਟਰੰਪ ਅਤੇ ਲਾਵਰੋਵ ਦੀ ਮੁਲਾਕਾਤ 'ਚ ਅੰਤਰਰਾਸ਼ਟਰੀ ਹਥਿਆਰ ਕੰਟਰੋਲਰ ਸਮਝੌਤੇ 'ਤੇ ਵੀ ਗੱਲ ਹੋਈ। ਟਰੰਪ ਨੇ ਇਸ ਨੂੰ ਦੁਨੀਆ 'ਚ ਸ਼ਾਂਤੀ ਅਤੇ ਸਥਿਰਤਾ ਲਈ ਜ਼ਰੂਰੀ ਦੱਸਿਆ ਤੇ ਕਿਹਾ ਕਿ ਭਵਿੱਖ 'ਚ ਹੋਣ ਵਾਲੀ ਅਜਿਹੀ ਕਿਸੇ ਸੰਧੀ 'ਚ ਅਮਰੀਕਾ ਅਤੇ ਰੂਸ ਦੇ ਨਾਲ ਚੀਨ ਦਾ ਵੀ ਸ਼ਾਮਲ ਹੋਣਾ ਜ਼ਰੂਰੀ ਹੈ। ਟਰੰਪ ਨੇ ਦੋਵਾਂ ਦੇਸ਼ਾਂ ਦੇ ਸਹਿਯੋਗ ਵਾਲੇ ਖੇਤਰਾਂ 'ਚ ਅੱਗੇ ਵਧਣ 'ਤੇ ਖੁਸ਼ੀ ਜ਼ਾਹਿਰ ਕੀਤੀ। ਕਿਹਾ ਕਿ ਦੋਵੇਂ ਦੇਸ਼ਾਂ 'ਚ ਗ੍ਰਿਫਤਾਰ ਇੱਕ-ਦੂਜੇ ਦੇ ਨਾਗਰਿਕਾਂ ਦੇ ਹਿੱਤਾਂ ਨੂੰ ਲੈ ਕੇ ਜਿਸ ਤਰ੍ਹਾਂ ਨਾਲ ਤੱਤਪਰਤਾ ਵਰਤੀ ਜਾ ਰਹੀ ਹੈ, ਉਹ ਸ਼ਲਾਘਾਯੋਗ ਹੈ।

# ਵਿਆਹ ਕਰਵਾ ਕੇ ਲੜਕੀ ਨੇ 29 ਲੱਖ ਦੀ ਠੱਗੀ ਮਾਰੀ

*** ਲੜਕੇ ਨੂੰ ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਨਿਊਜ਼ੀਲੈਂਡ ਜਾ ਪੁੱਜੀ**

ਤਰਨਤਾਰਨ, 12 ਦਸੰਬਰ (ਪੋਸਟ ਬਿਊਰੋ)- ਇਲਾਕੇ ਦੇ ਪਿੰਡ ਕੋਟ ਧਰਮ ਚੰਦ ਖੁਰਦ ਦੇ ਕਰਨੈਲ ਸਿੰਘ ਦੇ ਲੜਕੇ ਅੰਮ੍ਰਿਤਪਾਲ ਸਿੰਘ ਨਾਲ ਵਿਆਹ ਪਿੱਛੋਂ ਮੋਟੀ ਰਕਮ ਦੀ ਠੱਗੀ ਮਾਰ ਕੇ ਲੜਕੀ ਨਿਊਜ਼ੀਲੈਂਡ ਚਲੀ ਗਈ ਹੈ। ਇਸ ਬਾਰੇ ਲੜਕੀ ਤੇ ਉਸ ਦੇ ਮਾਤਾ-ਪਿਤਾ ਖਿਲਾਫ਼ ਸਥਾਨਕ ਥਾਣਾ ਸਿਟੀ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਇਸ ਸ਼ਹਿਰ ਦੇ ਮੁਹੱਲਾ ਜਸਵੰਤ ਸਿੰਘ ਦੀ ਵਸਨੀਕ ਲੜਕੀ ਕਾਜਲਪ੍ਰੀਤ ਕੌਰ, ਉਸ ਦੇ ਪਿਤਾ ਮਾਸਟਰ ਲਖਵਿੰਦਰ ਸਿੰਘ ਅਤੇ ਮਾਤਾ ਰਮਨਦੀਪ ਕੌਰ ਦਾ ਨਾਂ ਸ਼ਾਮਲ ਕੀਤਾ ਗਿਆਹੈ।

ਪੁਲਸ ਨੇ ਕੱਲ੍ਹ ਇਥੇ ਦੱਸਿਆ ਕਿ ਇਸ ਬਾਰੇ ਕਰਨੈਲ ਸਿੰਘ ਦੀ ਸ਼ਿਕਾਇਤ ਦੀ ਡੀ ਐਸ ਪੀ ਹਰੀਸ਼ ਬਹਿਲ ਵੱਲੋਂ ਕੀਤੀ ਜਾਂਚ ਦੇ ਆਧਾਰ ਉੱਤੇ ਲੜਕੀ ਕਾਰਜਲਪ੍ਰੀਤ ਕੌਰ ਤੇ ਉਸ ਦੇ ਰਿਸ਼ਤੇਦਾਰਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਲੜਕੀ ਨੇ ਵਿਆਹ ਪਿੱਛੋਂ ਕਰਨੈਲ ਸਿੰਘ ਦੇ ਪਰਵਾਰ ਵਾਲਿਆਂ ਕੋਲੋਂ ਵੱਖ-ਵੱਖ ਤਰੀਕਾਂ ਨੂੰ 29 ਲੱਖ ਰੁਪਏ ਲੈ ਲਏ ਅਤੇ ਨਿਊਜ਼ੀਲੈਂਡ ਚਲੀ ਗਈ। ਉਸ ਨੇ ਲੜਕੇ ਨੂੰ ਛੇਤੀ ਬੁਲਾ ਲੈਣ ਦਾ ਯਕੀਨ ਦਿਵਾਇਆ ਸੀ। ਇਸੇ ਕਰਕੇ ਹੀ ਅੰਮ੍ਰਿਤਪਾਲ ਸਿੰਘ ਦਾ ਪਰਵਾਰ ਉਸ ਨੂੰ ਪੈਸੇ ਦਿੰਦੇ ਰਿਹਾ। ਕਾਲਜਪ੍ਰੀਤ ਕੌਰ ਵੱਲੋਂ ਮੰਗ ਕਰਨ 'ਤੇ ਅੰਮ੍ਰਿਤਪਾਲ ਸਿੰਘ ਨੇ ਨਿਊਜ਼ੀਲੈਂਡ ਲਈ ਆਪਣੀ ਫਾਈਲ ਲਾ ਦਿੱਤੀਮ ਪਰ ਉਸ ਨੇ ਓਥੋਂ ਹੀ ਫਾਈਲ ਰਿਫਿਊਜ਼ ਕਰਵਾ ਦਿੱਤੀ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਟ੍ਰੈਵਲ ਕਾਰੋਬਾਰੀਆਂ ਦੇ ਦਫਤਰਾਂ 'ਚ ਪੁਲਸ ਵੱਲੋਂ ਛਾਪੇਮਾਰੀ

ਜਲੰਧਰ, 12 ਦਸੰਬਰ (ਪੋਸਟ ਬਿਊਰੋ)- ਕਮਿਸ਼ਨਰ ਪੁਲਸ ਨੇ ਫਰਜ਼ੀ ਟ੍ਰੈਵਲ ਏਜੰਟਾਂ ਉੱਤੇ ਨਕੇਲ ਕੱਸਣ ਲਈ ਕੱਲ੍ਹ ਸਥਾਨਕ ਬੱਸ ਸਟੈਂਡ ਦੇ ਆਲੇ-ਦੁਆਲੇ ਟ੍ਰੈਵਲ ਕਾਰੋਬਾਰੀਆਂ ਦੇ ਦਫਤਰਾਂ ਵਿੱਚ ਛਾਪੇਮਾਰੇ ਹਨ। ਪੁਲਸ ਛਾਪੇ ਦੀ ਭਿਣਕ ਲੱਗਦਿਆਂ ਸਾਰ ਟ੍ਰੈਵਲ ਕਾਰੋਬਾਰੀਆਂ ਵਿੱਚ ਭਾਜੜ ਪੈ ਗਈ, ਪਰ ਪੁਲਸ ਨੇ ਇੱਕ ਟ੍ਰੈਵਲ ਕਾਰੋਬਾਰੀ 'ਤੇ ਦੇ ਦਫਤਰ 'ਚੋਂ 159 ਪਾਸਪੋਰਟ, ਚਾਰ ਮੋਬਾਈਲ, ਦੋ ਲੈਪਟਾਪ, ਇੱਕ ਅਨ-ਵੈਲਿਡ ਲਾਇਸੈਂਸ ਜ਼ਬਤ ਕੀਤਾ ਹੈ।

ਡੀ ਸੀ ਪੀ ਬਲਕਾਰ ਸਿੰਘ ਅਤੇ ਗੁਰਮੀਤ ਸਿੰਘ ਨੇ ਦੱਸਿਆ ਕਿ ਫਰਜ਼ੀ ਟ੍ਰੈਵਲ ਕਾਰੋਬਾਰੀਆਂ 'ਤੇ ਸ਼ਿਕੰਜਾ ਕੱਸਣ ਲਈ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਦੀ ਅਗਵਾਈ ਵਿੱਚ ਕੱਲ੍ਹ ਕਮਿਸ਼ਨਰੇਟ ਪੁਲਸ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜਿਸ ਦੇ ਬਾਅਦ ਸਭ ਤੋਂ ਪਹਿਲਾਂ ਪੁਲਸ ਨੇ ਬੱਸ ਸਟੈਂਡ ਦੇ ਆਲੇ-ਦੁਆਲੇ ਕਈ ਕੰਪਲੈਕਸਾਂ ਵਿੱਚ ਛਾਪੇਮਾਰੀ ਕਰਕੇ ਟ੍ਰੈਵਲ ਕਾਰੋਬਾਰੀਆਂ ਦੇ ਦਫਤਰਾਂ 'ਚ ਉਨ੍ਹਾਂ ਦੇ ਲਾਇਸੈਂਸ ਅਤੇ ਦਸਤਾਵੇਜ਼ ਚੈਕ ਕੀਤੇ, ਜਿਸ ਤੋਂ ਬਾਅਦ ਪੁਲਸ ਨੇ ਥਾਣਾ ਨੰਬਰ ਸੱਤ ਦੇ ਇਲਾਕੇ ਵਿੱਚ ਟੀ ਐਸ ਇੰਟਰਪ੍ਰਾਈਜਿਜ਼ ਟ੍ਰੈਵਲ ਕਾਰੋਬਾਰੀ ਦੇ ਦਫਤਰ ਵਿੱਚ ਛਾਪਾ ਮਾਰ ਕੇ ਉਥੋਂ 159 ਪਾਸਪੋਰਟ ਅਤੇ ਹੋਰ ਦਸਤਾਵੇਜ਼ ਬਰਾਮਦ ਕੀਤੇ ਹਨ। ਡੀ ਸੀ ਪੀ ਗੁਰਮੀਤ ਸਿੰਘ ਨੇ ਦੱਸਿਆ ਕਿ ਇਸਤੋਂ ਇਲਾਵਾ ਟ੍ਰੈਵਲ ਕਾਰੋਬਾਰੀ ਤਿਰਲੋਚਨ ਸਿੰਘ ਵਾਸੀ ਬਸਤੀ ਬਾਵਾ ਖੇਲ ਨੇ ਪਿਛਲੇ ਕੁੱਝ ਸਮੇਂ ਤੋਂ ਆਪਣਾ ਲਾਇਸੈਂਸ ਵੀ ਰੀਨਿਊ ਨਹੀਂ ਕਰਵ-ਾਇਆ, ਜਿਸ ਕਾਰਨ ਉਕਤ ਟ੍ਰੈਵਲ ਕਾਰੋਬਾਰੀ ਖਿਲਾਫ ਪੁਲਸ ਵੱਲੋਂ ਥਾਣਾ ਨੰਬਰ ਚਾਰ 'ਚ ਮਾਮਲਾ ਦਰਜ ਕੀਤਾ ਜਾ ਰਿਹਾ ਹੈ।

# ਪੈਸੇ ਡਬਲ ਕਰਨ ਦੇ ਨਾਮ 'ਤੇ ਸਾਬਕਾ ਵਿਧਾਇਕ ਦੇ ਬੇਟੇ ਕੋਲੋਂ 5.65 ਲੱਖ ਠੱਗੇ

ਰੂਪਨਗਰ, 12 ਦਸੰਬਰ (ਪੋਸਟ ਬਿਊਰੋ)- ਚਮਕੌਰ ਸਾਹਿਬ ਦੇ ਸਾਬਕਾ ਵਿਧਾਇਕ ਭਾਗ ਸਿੰਘ ਦੇ ਬੇਟੇ ਡਾ. ਗੁਰਵਿੰਦਰ ਸਿੰਘ ਨੂੰ ਇੱਕ ਫਰਜੀ ਕੰਪਨੀ ਨੇ 5.65 ਲੱਖ ਦਾ ਰਗੜਾ ਲਾ ਦਿਤਾ ਹੈ।

ਪੁਲਸ ਨੂੰ ਕੀਤੀ ਸ਼ਿਕਾਇਤ ਵਿੱਚ ਡਾ. ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਸਨੇ ਅਰਾਇਮ ਭਵਿੱਖ ਇੰਡੀਆ ਮਯੂਚੁਅਲ ਭਵਿੱਖ ਨਿਧੀ ਲਿਮਿਟਿਡ ਕੰਪਨੀ ਵਿੱਚ ਦੋ ਲੱਖ ਰੁਪਏ ਦੀ ਐਫ ਡੀ ਕਰਵਾਈ ਸੀ। ਉਸ ਦੇ ਕੋਲ ਇਸ ਦੀ ਰਸੀਦ ਵੀ ਹੈ। ਕੰਪਨੀ ਵੱਲੋਂ ਦਿੱਤੇ ਦਸਤਾਵੇਜ਼ਾਂ 'ਤੇ ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਸੰਸਥਾ ਲਿਖਿਆ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਇਹ ਐਫ ਡੀ 60 ਮਹੀਨੇ ਲਈ ਹੈ, ਸਮੇਂ ਪੂਰਾ ਹੋਣ 'ਤੇ ਚਾਰ ਲੱਖ ਰੁਪਏ ਮਿਲਣੇ ਹਨ।ਇਸਦੇ ਇਲਾਵਾ ਉਸ ਨੇ ਇੱਕ ਸਾਲ ਲਈ ਰੋਜ਼ 500 ਰਿਕਰਿੰਗ ਡਿਪਾਜਿਟ (ਆਰ ਡੀ) ਦੇ ਦੋ ਅਕਾਊਂਟ ਵੀ ਖੁਲ੍ਹਵਾਏ ਸਨ। ਇਸ ਵਿੱਚੋਂ ਇੱਕ ਅਕਾਊਂਟ ਦੀ ਮਿਆਦ ਚਾਰ ਜੁਲਾਈ 2019 ਨੂੰ ਅਤੇ ਦੂਜੇ ਦੀ ਸੱਤ ਜੁਲਾਈ 2019 ਨੂੰ ਪੂਰੀ ਹੋ ਚੁੱਕੀ ਹੈ, ਪਰ ਕੰਪਨੀ ਦੇ ਪ੍ਰਤੀਨਿਧ ਜੂਨ ਵਿੱਚ ਹੀ ਕਿਤੇ ਭੱਜ ਗਏ। ਸ਼ਿਕਾਇਤ ਮਿਲਣ ਉਤੇ ਸਿਟੀ ਥਾਣਾ ਰੂਪਨਗਰ ਦੀ ਪੁਲਸ ਨੇ ਸੀ ਐਮ ਡੀ ਨਿਤਿਨ ਸ੍ਰੀਵਾਸਤਵ ਅਤੇ ਏ ਪੀ ਤਿਵਾਰੀ ਦੋਵੇਂ ਵਾਸੀ ਲਖਨਊ ਹਾਲ ਵਾਸੀ ਐਸ ਸੀ ਓ 21, ਫਰਸਟ ਫਲੋਰ ਬੇਅੰਤ ਸਿੰਘ ਨਗਰ ਰੂਪਨਗਰ ਦੇ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ।

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ੍ਰ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710





UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY


ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਖਾਲੀਪਣ ਨਾਲ ਖੜਕਦੇ ਰਿਸ਼ਤੇ

-ਕੁਲਵੰਤ ਸਿੰਘ ਔਜਲਾ



ਪੱਕੇ, ਪਾਕ ਤੇ ਪ੍ਰਾਣਵੰਤ ਰਿਸ਼ਤਿਆਂ ਦਾ ਯੁੱਗ ਬੀਤ ਗਿਆ ਲੱਗਦਾ ਹੈ। ਲੋੜਾਂ, ਲਾਲਚਾਂ ਅਤੇ ਆਪਸੀ ਲੈਣ ਦੇਣ ਦੇ ਰਸਮੀ ਤੇ ਰੂਹਹੀਣ ਬੰਧਨਾਂ ਵਿੱਚ ਬੱਝੇ ਹੋਏ ਲੋਕ ਦਿਖਾਵਟੀ ਤੇ ਦੇਹ-ਧਾਰੀ ਸਰੂਪਾਂ ਦੇ ਮੁਰੀਦ ਹੋ ਗਏ ਹਨ। 'ਲਾਈਆਂ ਤੇ ਤੋੜ ਨਿਭਾਵੀਂ' ਆਖਣ ਵਾਲੀਆਂ ਮਾਸੂਮ ਮੁਹੱਬਤਾਂ ਤੇ ਮੋਹ-ਖੋਰੀਆਂ ਦਾ ਗਾਇਨ ਹੁਣ ਗੀਤਾਂ ਅਤੇ ਸੰਗੀਤਾਂ ਦਾ ਵਿਸ਼ਾ ਨਹੀਂ ਰਿਹਾ। ਨਾ ਲੱਗੀਆਂ ਦੀ ਖੁਮਾਰੀ ਹੈ ਤੇ ਨਾ ਟੁੱਟੀਆਂ ਦਾ ਵੈਰਾਗ। ਅੰਦਰੂਨੀ ਖਾਲੀਪਣ ਨਾਲ ਖੜਕਦੇ ਰਿਸ਼ਤਿਆਂ ਦੀ ਬਹੁਤੀ ਉਮਰ ਨਹੀਂ ਹੁੰਦੀ। ਰਿਸ਼ਤਿਆਂ ਨੂੰ ਤਾ-ਉਮਰ ਨਿਭਾਉਣ ਤੇ ਪੁਗਾਉਣ ਲਈ ਜਿਸ ਤਰ੍ਹਾਂ ਦੀ ਜਾਨ, ਜੇਰੇ, ਜੁੱਸੇ ਤੇ ਜ਼ਿਆਰਤ ਦੀ ਜ਼ਰੂਰਤ ਹੁੰਦੀ ਹੈ, ਉਸ ਨੂੰ ਅਜੋਕੀ ਮਤਲਬੀ ਤੇ ਮੋਹ-ਹੀਣ ਮੰਡੀ ਨੇ ਨਪੀੜ ਦਿੱਤਾ ਹੈ। ਸਬੰਧਾਂ ਵਿੱਚ ਬਾਜ਼ਾਰ ਆ ਜਾਣ ਨਾਲ ਰਿਸ਼ਤਿਆਂ ਦੀਆਂ ਤੰਦਾਂ, ਤਰੰਗਾਂ ਤੇ ਤੈਹਾਂ ਮਾਨਵੀ ਤੇ ਮਾਸੂਮ ਨਹੀਂ ਰਹੀਆਂ। ਸਾਂਭ ਸੰਭਾਲ ਤੇ ਪੁੱਛ-ਗਿੱਛ ਲਈ ਬੇਹੱਦ ਸਮਝਦਾਰੀ, ਸਨੇਹ ਤੇ ਸੰਜਮ ਨਾਲ ਕੁਝ ਕੁ ਰਿਸ਼ਤੇ ਕਮਾ ਕੇ ਰੱਖਣੇ ਪੈਂਦੇ ਹਨ। ਰਿਸ਼ਤਿਆਂ ਨੂੰ ਕਮਾਉਣ ਦਾ ਕਾਰਜ ਆਪਸੀ ਮਿਲਵਰਤਣ, ਮੋਹ ਤੇ ਮਾਨਵੀਕਾਰੀ ਦੇ ਸੁਚੱਜੇ ਤੇ ਸਚਿਆਰੇ ਸੁਮੇਲ ਵਿੱਚੋਂ ਉਪਜਦਾ ਹੈ। ਗੁੜ ਜਾਂ ਸ਼ਹਿਦ ਨਾਲ ਨਵਜੰਮੇ ਬੱਚੇ ਨੂੰ ਦਿੱਤੀ ਜਾਣ ਵਾਲੀ ਗੁੜ੍ਹਤੀ ਮਹਿਜ਼ ਰਸਮ ਨਹੀਂ ਹੁੰਦੀ। ਇਸ ਮਾਸੂਮ ਵਰਤਾਰੇ ਨਾਲ ਅਸੀਂ ਨਵਜੰਮੇ ਜੀਆਂ ਲਈ ਮਾਨਵੀ ਮਿਠਾਸ ਤੇ ਔਸ਼ਧੀ ਆਕਾਸ਼ ਦੀ ਭਵਿੱਖ-ਮੁਖੀ ਕਲਪਨਾ ਦਾ ਸੁਪਨਾ ਲੈਂਦੇ ਹਾਂ। ਚੰਗੇ ਸੁਪਨੇ ਲੈਣ ਨਾਲ ਧੜਕਣਾਂ ਸੁੰਦਰ ਤੇ ਸਜੀਵ ਹੋ ਜਾਂਦੀਆਂ ਹਨ। ਨਵੀਂ, ਨਿਰਾਲੀ ਤੇ ਨਰੋਈ ਦੁਨੀਆ ਵਸਾਉਣ ਦਾ ਸੁਪਨਾ ਰਿਸ਼ਤਿਆਂ ਦੀ ਆਦਰਸ਼ਕ ਤੇ ਅਨੋਖੀ ਅੰਬਰਕਾਰੀ ਦਾ ਭਾਵਨਾ-ਮੁਖੀ ਭਵਿੱਖ ਹੁੰਦਾ ਹੈ।

ਰਾਜਨੀਤਕ ਤੇ ਸਮਾਜਿਕ ਵੰਡਾਂ ਤੇ ਵਾਹਗਿਆਂ ਨੇ ਆਪਸੀ ਸਬੰਧਾਂ ਨੂੰ ਕੁਸੈਲਾ ਤੇ ਕਿਰਕਰਾ ਕਰ ਦਿੱਤਾ ਹੈ। ਪਿੰਡਾਂ, ਸ਼ਹਿਰਾਂ, ਮੁਹੱਲਿਆਂ ਤੇ ਅਦਾਰਿਆਂ ਵਿੱਚ ਵੰਡਾਂ ਤੇ ਵਿਤਕਰਿਆਂ ਦੇ ਆਧਾਰ ਉੱਤੇ ਵੱਖਰੇ-ਵੱਖਰੇ ਵਿੰਗ ਤੇ ਵਲਗਣ ਬਣ ਗਏ ਹਨ। ਲੋਕੀਂ ਆਪੋ-ਆਪਣੇ ਧੜਿਆਂ ਦੇ ਮਰਨਿਆਂ-ਪਰਨਿਆਂ ਉੱਤੇ ਸ਼ਕਤੀ ਪ੍ਰਦਰਸ਼ਨ ਵਜੋਂ ਆਉਂਦੇ-ਜਾਂਦੇ ਹਨ। ਨਿਰਮੋਹੇ ਤੇ ਨਿਰਦਈ ਯੁੱਗ ਨੇ ਮੌਤ ਵਰਗੀ ਸਭ ਨੂੰ ਆਉਣ ਵਾਲੀ ਤੇ ਦਾਰਸ਼ਨਿਕ ਸ਼ੈਅ ਨੂੰ ਵੀ ਸਰਬ ਸਾਂਝੀ ਅਤੇ ਸੰਸਕ੍ਰਿਤਕ ਵਰਤਾਰਾ ਨਹੀਂ ਰਹਿਣ ਦਿੱਤਾ। ਹੁਣ ਮਨੁੱਖ ਦੀ ਨਹੀਂ, ਧੜਿਆਂ ਦੀ ਮੌਤ ਹੁੰਦੀ ਹੈ। ਵਿੱਥਾਂ ਤੇ ਵਿਵਾਦ ਇੰਨੇ ਬਾਰੀਕ ਤੇ ਬਲ-ਸ਼ਾਲੀ ਹੋ ਗਏ ਹਨ, ਜਿਵੇਂ ਘਰਾਂ ਵਿੱਚ ਪਾਕਿਸਤਾਨ ਹਿੰ-ਦੁਸਤਾਨ ਉੱਗ ਆਏ ਹੋਣ। ਸਾਲਾਂ ਦੇ ਸਾਲ ਕਿਸੇ ਸੰਸਥਾ ਵਿੱਚ ਕੰਮ ਕਰਨ ਉਪਰੰਤ ਕਈ ਵਾਰ ਇਕ ਵੀ ਪੱਕਾ ਤੇ ਪ੍ਰਾਣਵੰਤ ਰਿਸ਼ਤਾ ਨਹੀਂ ਬਣਾ ਹੁੰਦਾ, ਜੋ ਰਹਿੰਦੀ ਉਮਰ ਲਈ ਭਾਵੁਕ ਨਿੱਖ ਤੇ ਸ਼ਕਤੀ ਦੇ ਸਕੇ। ਸੰਸਥਾਵਾਂ ਵਿੱਚ ਮੁੜ-ਮੁੜ ਜਾਣ ਨੂੰ ਜੀਅ ਨਹੀਂ ਕਰਦਾ।

ਕਿੰਨਾ ਮੋਹ-ਖੋਰਾ ਤੇ ਮਾਨਵੀ ਸੀ ਮੇਰਾ ਬਾਪ, ਜੋ ਉਮਰ ਭਰ ਲਾਇਲਪੁਰ ਦੀ ਜ਼ਰਖੇਜ਼ ਮਿੱਟੀ ਨੂੰ ਯਾਦ ਕਰਦਾ ਰਿਹਾ। ਕੱਚੇ ਕੋਠੇ ਲਿੰਬਦੀ ਆਪਣੀ ਮਾਂ ਦੇ ਪੋਟਿਆਂ 'ਚੋਂ ਮਾਨਵੀ ਮੋਹ ਦੀਆਂ ਝਨਾਵਾਂ ਸਿੰਮਦੀਆਂ ਦੇਖੀਆਂ ਹਨ। ਅਜਿਹੇ ਲੋਕ ਤੇ ਘਰ ਹੁਣ ਨਹੀਂ ਰਹੇ। ਮਾਪੇ ਬੱਚਿਆਂ ਨੂੰ ਧੜਕਣਸ਼ੀਲ ਮਾਨਵੀ ਦਿਲ ਨਹੀਂ ਦਿੰਦੇ। ਹੁਣ ਗੁਰੂ ਤੇ ਮਾਪੇ ਬੱਚਿਆਂ ਨੂੰ ਨਾਕਾਰਾਤਮਕ ਸਹੂਲਤਾਂ ਤੇ ਸਰੋਕਾਰਾਂ ਲਈ ਉਤਸ਼ਾਹਿਤ ਤੇ ਉਤੇਜਿਤ ਕਰਦੇ ਹਨ। ਸਿੱਟੇ ਵਜੋਂ ਰਿਸ਼ਤਿਆਂ ਵਿੱਚ ਨੈਤਿਕ ਤੇ ਵਿਹਾਰਕ ਗਿਰਾਵਟ ਤੇ ਗਲੀਜ਼ਤਾ ਦਾ ਬੋਲਬਾਲਾ ਹੋ ਗਿਆ ਹੈ। ਜਦੋਂ ਮਾਨਵੀ ਮਾਪਦੰਡ, ਮਿਆਰ ਤੇ ਮਾਅਨੇ ਮੁੱਲਹੀਣ ਹੋ ਜਾਣ, ਉਸ ਵੇਲੇ ਰਿਸ਼ਤਿਆਂ ਦਾ ਹਸ਼ਰ ਹੈਰਾਨੀ ਜਨਕ ਹੋ ਜਾਂਦਾ। ਇਸੇ ਕਰਕੇ ਪੂਰਾ ਪੰਜਾਬ ਉਜੜਨ ਦੇ ਰਾਹ ਤੁਰਿਆ ਹੋਇਆ ਹੈ। ਵਿਦੇਸ਼ ਦੀ ਸਖਤ ਮਿਹਨਤ ਇਥੋਂ ਦੀ ਨੈਤਿਕ ਕੰਗਾਲੀ ਤੇ ਰਿਸ਼ਵਤਖੋਰੀ ਕੋਹਰਾਮ ਨਾਲੋਂ ਚੰਗੀ ਲੱਗਦੀ ਹੈ। ਕੰਗਾਲੀਆਂ ਤੇ ਕੋਹਰਾਮ ਰੂਹਾਂ ਤੇ ਰਿਸ਼ਤਿਆਂ ਨੂੰ ਅਲਹਿਦਾ ਤੇ ਆਤੰਕਿਤ ਕਰ ਦਿੰਦੀਆਂ ਹਨ ਤੇ ਲੋਕ ਆਖਣਾ ਸ਼ੁਰੂ ਕਰ ਦਿੰਦੇ ਹਨ ਕਿ ਹੁਣ ਕੋਈ ਕਿਸੇ ਦਾ ਸਕਾ ਨਹੀਂ ਰਿਹਾ।

ਰਿਸ਼ਤੇ ਪੌਸ਼ਟਿਕ ਖੁਰਾਕ ਤੇ ਖਾਬ-ਗੋਈ ਵਰਗੇ ਹੁੰਦੇ ਹ। ਫਕੀਰ ਤੇ ਫਲਸਫਾਨਾ ਲੋਕ ਰਿਸ਼ਤਿਆਂ ਨੂੰ ਜੀਵਨ ਭਰ ਜਿਊਂਦਾ ਤੇ ਜਾਗ੍ਰਿਤ ਰੱਖ ਸਕਦੇ ਹਨ। ਅਸਥਾਈ ਲੋੜਾਂ ਤੇ ਲਾਲਚਾਂ ਨੇ ਰਿਸ਼ਤਿਆਂ ਦੀ ਜਾਨ ਕੱਢ ਲਈ ਹੈ। ਮਿਲ ਬੈਠਣ ਦੀ ਜਾਚ ਤੇ ਜੁਸਤਜੂ ਗਵਾਚ ਗਈ ਹੈ। ਗੁਫਤਗੂ ਦਾ ਮਹਿਫਲੀ ਮਹਾਤਮ ਮੁੱਕ ਗਿਆ ਪ੍ਰਤੀਤ ਹੁੰਦਾ। ਚਾਪਲੂਸ ਚੇਲਿਆਂ ਦੀ ਭੀੜ ਵਿੱਚੋਂ ਵਿਰਲਾ ਹੀ ਲੱਭਦਾ ਹੈ, ਜੋ ਇਲਮ ਤੇ ਅਹਿਸਾਸ ਦੀ ਖੋਜ ਤੇ ਖਾਕਸਾਰੀ ਲਈ ਪ੍ਰਤੀਬੱਧ ਹੋਵੇ।

*ਮਾਂ ਕਹਿੰਦੀ ਸੀ ਸਦਾ ਨਹੀਂ ਜਗਣਾ*
*ਤਨ ਮਿੱਟੀ ਲਹੂ ਮਾਸ ਦਾ ਦੀਵਾ,*
*ਸਦਾ ਸਦਾ ਲਈ ਰਹੂ ਧੜਕਦਾ*
*ਇਲਮ ਤੇ ਅਹਿਸਾਸ ਦਾ ਦੀਵਾ।*

ਸਦੀਵੀ ਤੇ ਸਥਾਈ ਦੀ ਥਾਂ ਅਸਥਾਈ ਤੇ ਅਵਸਰਵਾਦੀ ਸਬੰਧ ਤੇ ਸ਼ਰੀਕੇ ਚੰਗੇ ਲੱਗਦੇ ਹਨ। ਕਿਸੇ ਨਾਲ ਰਲ ਕੇ ਲੰਬਾ ਸਮਾਂ ਕੁਝ ਚੰਗਾ ਕਰਨ ਦੀ ਤਮੰਨਾ ਤੇ ਤੇਹ ਨੂੰ ਪੁਗਾਉਣਾ ਸੌਖਾ ਨਹੀਂ ਰਿਹਾ। ਨਿੱਜਵਾਦ ਬੰਦੇ ਨੂੰ ਦੋ ਹੋਣ ਨਹੀਂ ਦਿੰਦਾ। ਸੁਚੱਜੇ ਸੁਮੇਲ ਤੇ ਸਹਿਚਾਰ ਦੀ ਥਾਂ ਹਾਜ਼ਰੀਆਂ ਹਜ਼ੂਰੀਆਂ ਤੇ ਹਜੂਮਾਂ ਦੀ ਪ੍ਰਧਾਨਤਾ ਹੈ। ਜਦੋਂ ਘਰ, ਗੁਰਦੁਆਰੇ, ਸਕੂਲ, ਦਫਤਰ ਅਤੇ ਵਿਆਹਾਂ ਵਿੱਚ ਲੋਕ ਹਾਜ਼ਰੀਆਂ ਲਈ ਜਾਣ ਲੱਗ ਪੈਣ ਉਦੋਂ ਦਿਲ 'ਚੋਂ ਬੋਲਣ ਦੀ ਰਵਾਇਤ ਗੂੰਗੀ ਹੋ ਜਾਂਦੀ ਹੈ:

*ਮੰਦਰ ਮਸੀਤਾਂ ਗੁਰਦੁਆਰੇ*
*ਸੰਗਮਰਮਰੀ ਹੋ ਗਏ*
*ਘਰਾਂ ਤੋਂ ਵੱਡਾ ਘਰਾਂ ਦਾ ਆਕਾਰ ਹੋ ਗਿਆ*
*ਦੇਖ ਬਾਬਾ ਤੇਰਾ ਬੰਦਾ ਕਿੰਨਾ*
*ਅਵਾਜ਼ਾਰ ਹੋ ਗਿਆ।*

# ਕਿੱਥੇ ਹੈ ਸੱਚੀ ਸੁੱਚੀ ਖੁਸ਼ੀ?

-ਅਜੀਤ ਸਿੰਘ ਚੰਦਨ

ਇਮਾਨਦਾਰ ਹੋਏ ਬਿਨਾਂ ਜ਼ਿੰਦਗੀ ਦੀ ਸੱਚੀ ਖੁਸ਼ੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਜਿਨ੍ਹਾਂ ਲੋਕਾਂ ਨੇ ਇਮਾਨਦਾਰ ਬਣ ਕੇ ਸੱਚੀ ਕਿਰਤ ਨੂੰ ਹੱਥ ਪਾਇਆ ਹੈ, ਉਹ ਸਦਾ ਖੁਸ਼ੀਆਂ ਮਾਣਦੇ ਹਨ ਤੇ ਰੱਬ ਅਜਿਹੇ ਇਨਸਾਨਾਂ ਦੀ ਕਿਰਤ ਵਿੱਚ ਵਾਧਾ ਕਰਦਾ ਹੈ। ਜਿਹੜਾ ਇਨਸਾਨ ਸੱਚਾਈ ਦਾ ਪੱਲਾ ਫੜ ਕੇ ਚੱਲਦਾ ਹੈ, ਉਸ ਨੂੰ ਕਿਸ ਦਾ ਡਰ ਹੋ ਸਕਦਾ ਹੈ। ਸੱਚਾਈ ਦੀ ਵੀ ਸ਼ਕਤੀ ਹੁੰਦੀ ਹੈ, ਜੋ ਇਨਸਾਨ ਨੂੰ ਫੌਲਾਦ ਵਾਂਗ ਸ਼ਕਤਸ਼ਾਲੀ ਤੇ ਨਿਰਭੈ ਬਣਾ ਦਿੰਦੀ ਹੈ। ਸੱਚੇ ਇਨਸਾਨ ਦੇ ਰਾਹ ਵਿੱਚ ਕਦੇ ਕੋਈ ਔਕੜ ਜਾਂ ਔਖਿਆਈ ਨਹੀਂ ਆਉਂਦੀ, ਸਗੋਂ ਅਜਿਹੇ ਇਨਸਾਨ ਦੀ ਕਿਸਮਤ ਦੇ ਦਰਵਾਜ਼ੇ ਰੱਬ ਆਪਣੇ ਹੱਥੀਂ ਖੁੱਲ੍ਹੇ ਰੱਖਦਾ ਹੈ। ਇਹੀ ਕਾਰਨ ਹੈ ਕਿ ਪੁਰਾਣੇ ਸਮਿਆਂ ਦੇ ਜੱਟ ਜ਼ਿਮੀਂਦਾਰ ਧਰਤੀ ਦੀ ਹਿੱਕ ਪਾੜ ਕੇ ਸੋਨੇ ਵਰਗੀ ਕਣਕ ਦੇ ਢੇਰ ਇਸ ਧਰਤੀ ਵਿੱਚੋਂ ਕੱਢਦੇ ਰਹੇ ਅਤੇ ਬਰਕਤਾਂ ਹਮੇਸ਼ਾ ਉਨ੍ਹਾਂ ਦੀ ਝੋਲੀ ਵਿੱਚ ਡਿੱਗਦੀਆਂ ਰਹੀਆਂ। ਖੁਸ਼ੀ, ਖੇੜੇ ਤੇ ਮਸਤੀ ਵਿੱਚ ਜ਼ਿੰਦਗੀ ਗੁਜ਼ਾਰਦੇ ਇਹ ਲੋਕ ਸੁੱਖ ਦੀ ਨੀਂਦ ਸੌਂਦੇ ਰਹੇ। ਸੱਚੀ ਸੁੱਚੀ ਕਿਰਤ ਕਰਕੇ ਘਰਾਂ ਦੀਆਂ ਬੁਖਾਰੀਆਂ ਕਣਕ ਦੇ ਅਨਾਜ ਨਾਲ ਭਰਦੇ ਰਹੇ। ਬੁੜੀਆਂ, ਕੁੜੀਆਂ ਤੇ ਮੁਟਿਆਰਾਂ ਜ਼ਿੰਦਗੀ ਦੀਆਂ ਸਭ ਬਰਕਤਾਂ ਪ੍ਰਾਪਤ ਕਰਦੀਆਂ ਰਹੀਆਂ। ਕਿਸੇ ਵੀ ਚੀਜ਼ ਦੀ ਥੁੜ੍ਹ ਉਨ੍ਹਾਂ ਨੇ ਕਦੇ ਮਹਿਸੂਸ ਨਹੀਂ ਕੀਤੀ।

ਸੱਚੀ ਸੱਚੀ ਖੁਸ਼ੀ ਜ਼ਿੰਦਗੀ ਦੇ ਚਾਅ ਤੇ ਲਾਡ ਪਿਆਰ ਇਨ੍ਹਾਂ ਦੀ ਜ਼ਿੰਦਗੀ ਦਾ ਆਧਾਰ ਬਣ ਰਹੇ। ਇਨ੍ਹਾਂ ਦੇ ਮਨਾਂ ਵਿੱਚ ਭਰਿਆ ਪਿਆਰ ਇਨ੍ਹਾਂ ਨੂੰ ਜ਼ਿੰਦਗੀ ਜਿਊਣ ਦਾ ਬਲ ਤੇ ਸ਼ਕਤੀ ਦਿੰਦਾ ਰਿਹਾ। ਕਦੇ ਕਿਸੇ ਚੀਜ਼ ਦੀ ਤੋਟ ਇਨ੍ਹਾਂ ਨੂੰ ਨਹੀਂ ਭਾਸੀ, ਸਗੋਂ ਖੇਤਾਂ ਵਿੱਚ ਹੱਥੀਂ ਮਿਹਨਤ ਕਰਕੇ ਰੱਬ ਦਾ ਸ਼ੁਕਰਾਨਾ ਵੀ ਕਰਦੇ ਰਹੇ। ਉਨ੍ਹਾਂ ਵਿੱਚ ਓਪਰਾਪਣ ਨਹੀਂ ਸੀ ਹੁੰਦਾ, ਸਗੋਂ ਸਭ ਇਕ ਦੂਜੇ ਦੇ ਯਾਰ ਬੇਲੀ ਤੇ ਅਲਬੇਲੇ ਗੱਭਰੂ ਬਣ ਕੇ ਜ਼ਿੰਦਗੀ ਗੁਜ਼ਾਰਦੇ ਸਨ। ਜ਼ਿੰਦਗੀ ਦੀਆਂ ਬਰਕਤਾਂ ਰੱਬ ਆਪ ਇਨ੍ਹਾਂ ਦੀ ਝੋਲੀ ਵਿੱਚ ਭਰ ਦਿੰਦਾ ਸੀ। ਮਾਵਾਂ ਦੇ ਚਿਹਰੇ ਨਿੱਖਰੇ ਤੇ ਮਸ਼ਾਲ ਵਾਂਗ ਬੋਲਦੇ ਸਨ ਤੇ ਮੁਟਿਆਰਾਂ ਆਪਣੇ ਜੋਬਨ ਨਾਲ ਰੰਗੀਆਂ ਤੇ ਭਰੀਆਂ ਸਭ ਦੀਆਂ ਆਪਣੀਆਂ ਧੀਆਂ ਭੈਣਾਂ ਹੋਇਆ ਕਰਦੀਆਂ ਸਨ। ਕੋਈ ਓਪਰਾਪਣ ਨਹੀਂ ਸੀ, ਸਭ ਆਪਣੇ-ਆਪਣੇ ਤੇ ਖੁਸ਼ੀਆਂ ਖੇੜਿਆਂ ਨਾਲ ਭਰੇ-ਭੁਕੰਨੇ ਲੋਕ ਇਸ ਧਰਤੀ ਦੇ ਅਸਲ ਵਾਸੀ ਸਨ। ਪਿੰਡਾਂ ਦੀ ਨੁਹਾਰ ਵੇਖਣ ਵਾਲੀ, ਘਰ ਅਨਾਜ ਨਾਲ ਭਰੇ ਤੇ ਦੁੱਧ ਦੀਆਂ ਨਹਿਰਾਂ ਵਗਦੀਆਂ ਸਨ। ਸਭ ਘਰਾਂ ਵਿੱਚ ਸੁਆਣੀਆਂ ਗੁਰਬਾਣੀ ਦਾ ਪਾਠ ਕਰਦੀਆਂ। ਚਾਟੀ ਵਿੱਚ ਮਧਾਣੀ ਪਾ ਕੇ ਤੜਕੇ ਉਠ ਜੋ ਦੁੱਧ ਰਿੜਕਦੀਆਂ। ਲੱਸੀ ਨਾਲ ਚਾਟੀਆਂ ਭਰ ਜਾਂਦੀਆਂ। ਬੱਚੇ, ਗੱਭਰੂ ਤੇ ਬਜ਼ੁਰਗ ਖੁਸ਼ੀਆਂ ਨਾਲ ਭਰਪੂਰ ਆਪਣੇ ਢੰਗ ਦੀ ਜ਼ਿੰਦਗੀ ਗੁਜ਼ਾਰਦੇ ਕਿੰਨੇ ਸੋਹਣੇ ਲੱਗਦੇ ਸਨ।

ਹੁਣ ਇਨਸਾਨ ਸ਼ਹਿਰਾਂ ਵਿੱਚ ਰਹਿੰਦਿਆਂ ਕਿੰਨੀ ਓਪਰੀ ਤੇ ਲਿੱਸੀ-ਲਿੱਸੀ ਜ਼ਿੰਦਗੀ ਗੁਜ਼ਾਰਦਾ ਹੈ। ਘਰਾਂ ਵਿੱਚ ਸਭ ਸੁੱਖ ਸਹੂਲਤਾਂ ਹਨ, ਪਰ ਕਿਸੇ ਚਿਹਰੇ 'ਤੇ ਮੁਸਕਾਨ ਨਹੀਂ ਲੱਭਦੀ। ਸਭ ਨਿੰਮੋਝੂਣ ਜ਼ਿੰਦਗੀ ਦਾ ਭਾਰ ਢੋਂਦੇ ਜਾਪ ਰਹੇ ਹਨ। ਮਾਵਾਂ ਦੀ ਕਦਰ ਨਹੀਂ ਰਹੀ ਤੇ ਉਹ ਹਾਉਕੇ ਭਰਦੀਆਂ ਜਵਾਨ ਪੁੱਤਰਾਂ ਦੇ ਹੱਥੋਂ ਬੇ-ਪੱਤ ਹੁੰਦੀਆਂ ਹਨ। ਪੁੱਤਰ ਨਸ਼ੇ ਵਿੱਚ ਗਲਤਾਨ ਕਿਸੇ ਪਿਓ ਜਾਂ ਮਾਂ ਦੀ ਸੁਣਨ ਨੂੰ ਤਿਆਰ ਨਹੀਂ। ਉਹ ਗੁੰਮਨਾਮ ਜ਼ਿੰਦਗੀ ਗੁਜ਼ਾਰਦਾ ਹੈ। ਘਰ ਦੇ ਜੀਅ ਰਹਿੰਦੇ ਤਾਂ ਭਾਵੇਂ ਇਕੋ ਘਰ ਵਿੱਚ ਹਨ, ਪਰ ਇਕ ਦੂਜੇ ਨਾਲ ਓਪਰਾ ਜਿਹਾ ਵਿਹਾਰ ਕਰਕੇ ਦਿਨ ਕਟੀ ਕਰ ਰਹੇ ਹਨ। ਸ਼ਹਿਰਾਂ, ਕਸਬਿਆਂ ਵਿੱਚ ਬੱਸਾਂ ਘੁੰਮਦੀਆਂ ਤੇ ਕਾਰਾਂ ਦੀ ਭਰਮਾਰ ਹੈ, ਪਰ ਚਿਹਰੇ ਡਰੇ-ਡਰੇ ਤੇ ਉਦਾਸ ਹਨ। ਅਸਲ ਤੇ ਸੱਚੀ ਖੁਸ਼ੀ ਅੱਜ ਦੇ ਇਨਸਾਨ ਤੋਂ ਕਿਤੇ ਦੂਰ ਭੱਜ ਗਈ ਹੈ। ਧਨ ਦੌਲਤ ਦੀ ਕਮੀ ਨਹੀਂ, ਪਰ ਸੱਚਾਈ, ਇਮਾਨਦਾਰੀ ਤੇ ਖੁੱਲ੍ਹੇ ਖੁਲਾਸੇ ਜੀਵਨ ਦੀ ਝਲਕ ਵਿਖਾਈ ਨਹੀਂ ਦਿੰਦੀ। ਓਪਰਾਪਣ ਤੇ ਝੂਠੀ ਜਿਹੀ ਜ਼ਿੰਦਗੀ ਦੀ ਝਲਕ ਹੀ ਸਭ ਪਾਸੇ ਵਿਖਾਈ ਦਿੰਦੀ ਹੈ। ਸੱਚੇ ਬੋਲ, ਹਾਸੇ ਤੇ ਖੁਸ਼ੀਆਂ ਪਰ ਲਾ ਕੇ ਉਡ ਗਏ। ਜ਼ਿੰਦਗੀ ਦੀ ਭਰਪੂਰਤਾ ਤੇ ਅਸਲ ਤਸੱਲੀ ਗੁੰਮ ਹੈ। ਸੋਚਾਂ ਵਿੱਚ ਘਿਰਿਆ ਇਨਸਾਨ ਤੰਦਰੁਸਤ ਕਿਵੇਂ ਰਹਿ ਸਕਦਾ ਹੈ? ਏਸੇ ਲਈ ਹਸਪਤਾਲਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਇਨਸਾਨ ਨੇ ਤਰੱਕੀ ਭਾਵੇਂ ਕੀਤੀ ਹੈ, ਇਸ ਰੰਗੀਨ ਜ਼ਿੰਦਗੀ ਵਿੱਚ ਵੀ ਸੱਚੀ ਖੁਸ਼ੀ ਕਿਧਰੇ ਗਾਇਬ ਹੋ ਚੁੱਕੀ ਹੈ। ਲੋਕ ਹਾਸਾ ਕਲੱਬ ਬਣਾ ਕੇ ਹੱਸਣ ਦਾ ਯਤਨ ਕਰਦੇ ਹਨ। ਝੂਠਾ ਹਾਸਾ ਇਨਸਾਨ ਨੂੰ ਕਿਵੇਂ ਤੰਦਰੁਸਤ ਕਰੇਗਾ? ਝੂਠੀ ਮੂਠੀ ਮੁਸਕਾਨ ਕੀ ਖੁਸ਼ੀ ਦੇ ਸਕਦੀ ਹੈ। ਇਨਸਾਨ ਨੂੰ ਫਿਰ ਆਪਣੀ ਜ਼ਿੰਦਗੀ ਦਾ ਮਕਸਦ, ਆਚਰਣ ਤੇ ਆਧਾਰ ਲੱਭਣਾ ਪਵੇਗਾ। ਤਦ ਹੀ ਨਵੀਂ ਜ਼ਿੰਦਗੀ ਸ਼ੁਰੂ ਕੀਤੀ ਜਾ ਸਕਦੀ ਹੈ। ਜ਼ਿੰਦਗੀ ਦੀਆਂ ਸੱਚੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਤੁਹਾਨੂੰ ਅਵੱਸ਼ ਹੀ ਇਮਾਨਦਾਰ ਬਣਨਾ ਪਏਗਾ। ਸੱਚੀ ਸੁੱਚੀ ਕਿਰਤ ਦਾ ਲੜ ਫੜ ਕੇ ਹੀ ਸੱਚੀ ਖੁਸ਼ੀ ਨੂੰ ਮਿਲਿਆ ਤੇ ਲੱਭਿਆ ਜਾ ਸਕਦਾ ਹੈ। ਜ਼ਿੰਦਗੀ ਦਾ ਆਧਾਰ, ਸੱਚਾਈ ਤੇ ਸੱਚਾ ਸੁੱਚਾ ਜੀਵਨ ਹੈ। ਸੁੱਚੀ ਕਿਰਤ ਹੈ। ਖੁਸ਼ੀ ਕਿਤੋਂ ਬਾਹਰੋਂ ਨਹੀਂ ਲੱਭਦੀ, ਸਗੋਂ ਖੁਸ਼ੀ ਦੇ ਖਜ਼ਾਨੇ ਤੁਹਾਡੇ ਦਿਲ ਵਿੱਚ ਹਨ। ਇਸ ਦਿਲ ਦੀਆਂ ਤੈਹਾਂ ਫੋਲੋ। ਖੁਸ਼ੀ ਅਵੱਸ਼ ਹੀ ਲੱਭ ਪਏਗੀ।

## ਮਿੰਨੀ ਕਹਾਣੀਆਂ

### ਨਾਲੇ ਪੁੰਨ ਨਾਲੇ ਫਲੀਆਂ

ਅਤਿ ਦੀ ਪੈ ਰਹੀ ਗਰਮੀ ਕਾਰਨ ਪਿੰਡ ਦੇ ਲੋਕ ਭਲਾਈ ਕਲੱਬ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਉਣ ਲਈ ਮੀਟਿੰਗ ਚੱਲ ਰਹੀ ਸੀ। ਕਲੱਬ ਮੈਂਬਰ ਗੁਰਮੇਲ ਸਿੰਘ, ਜੋ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਸਨ, ਨੇ ਝਿਜਕਦਿਆਂ ਮੀਟਿੰਗ ਵਿੱਚ ਆਪਣੇ ਦਿਲ ਦੀ ਗੱਲ ਆਖ ਦਿੱਤੀ। ਉਸ ਨੇ ਕਿਹਾ, 'ਕਿਉਂ ਨਾ ਆਪਾਂ ਇਕ ਦਿਨ ਦੀ ਛਬੀਲ ਲਾਉਣ ਦੀ ਬਜਾਏ ਇਨ੍ਹਾਂ ਰੁਪਇਆਂ ਨਾਲ ਸਕੂਲ ਵਿੱਚ ਪੜ੍ਹਨ ਵਾਲੇ ਛੋਟੇ-ਛੋਟੇ ਬੱਚਿਆਂ ਦੇ ਪੀਣ ਲਈ ਆਰ ਓ ਵਾਲੇ ਠੰਢੇ ਜਲ ਦਾ ਪ੍ਰਬੰਧ ਕਰ ਦੇਈਏ? ਇਸ ਤਰ੍ਹਾਂ ਕਰਨ ਨਾਲ ਛਬੀਲ ਲਾ ਕੇ ਪੁੰਨ ਖੱਟਣ ਦਾ ਮਕਸਦ ਵੀ ਪੂਰਾ ਹੋ ਜਾਵੇਗਾ ਤੇ ਸਾਡੇ ਪਿੰਡ ਦੀ ਆਉਣ ਵਾਲੀ ਪੀੜ੍ਹੀ ਦੇ ਛੋਟੇ ਬੱਚੇ ਸਾਲਾਂਬੱਧੀ ਆਰ ਓ ਦਾ ਸ਼ੁੱਧ ਪਾਣੀ ਪੀਣਗੇ ਅਤੇ ਧਰਤੀ ਹੇਠਲਾ ਪ੍ਰਦੂਸ਼ਿਤ ਪਾਣੀ ਪੀ ਕੇ ਹੋਣ ਵਾਲੀਆਂ ਘਾਤਕ ਬਿਮਾਰੀਆਂ ਤੋਂ ਵੀ ਬਚੇ ਰਹਿਣਗੇ।'

ਕਲੱਬ ਪ੍ਰਧਾਨ ਨੂੰ ਗੁਰਮੇਲ ਸਿੰਘ ਦੀ ਗੱਲ ਜਚ ਗਈ। ਉਸ ਨੇ 'ਇਹ ਤਾਂ ਨਾਲੇ ਪੁੰਨ ਨਾਲੇ ਫਲੀਆਂ ਵਾਲੀ ਗੱਲ ਹੋ ਗਈ' ਕਹਿੰਦਿਆਂ ਗੁਰਮੇਲ ਸਿੰਘ ਦੇ ਸੁਝਾਅ ਨੂੰ ਮੰਨ ਲਿਆ ਤੇ ਬਾਕੀ ਕਲੱਬ ਮੈਂਬਰਾਂ ਨੇ ਵੀ ਆਪਣੀ ਸਹਿਮਤੀ ਦਿੰਦਿਆਂ ਗੁਰਮੇਲ ਸਿੰਘ ਦੀ ਸੋਚ 'ਤੇ ਵਾਹ-ਵਾਹ ਕਰਨੀ ਸ਼ੁਰੂ ਕਰ ਦਿੱਤੀ। ਫਿਰ ਇਸ ਨੇਕ ਕਾਰਜ ਨੂੰ ਅਮਲੀ ਰੂਪ ਦੇਣ ਲਈ ਕਬੱਲ ਮੈਂਬਰ ਆਪਣੀਆਂ ਡਿਊਟੀਆਂ ਲਾਉਣ ਲੱਗੇ।

-ਜਗਸੀਰ ਸਿੰਘ ਮੋਹਲ

***

### ਡਰ

ਵਿਆਹ ਸਮਾਗਮ ਦੌਰਾਨ ਨੱਚਣ ਟੱਪਣ ਆਪਣੇ ਜ਼ੋਰਾਂ 'ਤੇ ਸੀ। ਪੂਰਾ ਪੰਡਾਲ ਹੀ ਖੁਸ਼ੀ ਦੇ ਆਲਮ ਵਿੱਚ ਝੂਮਦਾ ਜਾਪਦਾ ਸੀ। ਇੰਨੇ ਨੂੰ ਲਾੜੇ ਦੇ ਮਾਮੇ ਦੇ ਪੁੱਤ ਤੇ ਉਸ ਦੇ ਦੋਸਤਾਂ ਨੇ ਪਿਸਤੌਲ ਅਤੇ ਬੰਦੂਕਾਂ ਨਾਲ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਅਸੀਂ ਕੁਝ ਵਿਅਕਤੀਆਂ ਨੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਲਈ ਸਮਝਾਇਆ, ਪਰ ਨਸ਼ੇ ਵਿੱਚ ਚੂਰ ਮੁੰਡੇ ਕਿਸੇ ਦੀ ਸੁਣਨ ਨੂੰ ਤਿਆਰ ਨਹੀਂ ਸਨ। ਕਿਸੇ ਅਣਹੋਣੀ ਦੇ ਵਾਪਰਨ ਤੋਂ ਪਹਿਲਾਂ ਹੀ ਮੈਂ ਆਪਣੇ ਪਰਵਾਰ ਨੂੰ ਉਥੋਂ ਚੱਲਣ ਲਈ ਕਿਹਾ। ਅਸੀਂ ਉਥੋਂ ਤੁਰਨ ਹੀ ਲੱਗੇ ਸੀ ਕਿ ਇਕ ਹੋਰ ਰਿਸ਼ਤੇਦਾਰ ਨੇ ਟਿੱਚਰ ਕੀਤੀ, 'ਕੀ ਗੱਲ, ਡਰ ਗਏ?' 'ਹਾਂ ਜੀ, ਡਰ ਗਏ,' ਆਖ ਕੇ ਮੈਂ ਆਪਣੇ ਪਰਵਾਰ ਨਾਲ ਉਥੋਂ ਨਿਕਲ ਆਇਆ। ਅਗਲੇ ਦਿਨ ਅਖਬਾਰ ਵਿੱਚ ਵਿਆਹ ਮੌਕੇ 'ਖੁਸ਼ੀ' ਵਿੱਚ ਚਲਾਈਆਂ ਗੋਲੀਆਂ ਨਾਲ ਦੋ ਵਿਅਕਤੀਆਂ ਦੀ ਮੌਤ ਦੀ ਖਬਰ ਸੀ, ਜਿਨ੍ਹਾਂ ਵਿੱਚ ਮੈਨੂੰ ਆਉਣ ਵਾਲੇ ਮਖੌਲ ਕਰਨ ਵਾਲਾ ਰਿਸ਼ਤੇਦਾਰ ਸ਼ਾਮਲ ਸੀ।

-ਧਰਮਿੰਦਰ ਭੰਗੂ ਕਾਲੇਮਾਜਰਾ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
New Basement $1,000
Services:
• Complete Basement • Tiles • Bathrooms • Plumbing • Laminate • Hardwood Floor • Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 SECURITY SERVICES INC
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE TENS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਹਾਲੇ ਵੀ ਲੋਕ ਮੈਨੂੰ ਨਹੀਂ ਪਛਾਣਦੇ : ਸਨੀ ਕੌਸ਼ਲ



ਰਾਸ਼ਟਰੀ ਪੁਰਸਕਾਰ ਜੇਤੂ ਵਿੱਕੀ ਕੌਸ਼ਲ ਦੇ ਛੋਟੇ ਭਰਾ ਸਨੀ ਕੌਸ਼ਲ ਆਪਣੇ ਐਕਟਿੰਗ ਦੇ ਬਲਬੂਤੇ ਇੰਡਸਟਰੀ ਵਿੱਚ ਪੈਰ ਪੱਕੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। 'ਗੋਲਡ' ਫਿਲਮ ਵਿੱਚ ਉਸ ਦਾ ਕਿਰਦਾਰ ਕਾਫੀ ਪਸੰਦ ਕੀਤਾ ਗਿਆ ਸੀ ਤੇ ਉਸ ਕੋਲ ਫਿਲਮਾਂ ਦੀ ਕਮੀ ਵੀ ਨਹੀਂ। ਆਉਣ ਵਾਲੇ ਦਿਨਾਂ ਵਿੱਚ ਐਕਸ਼ਨ ਡਾਇਰੈਕਟਰ ਸ਼ਿਆਮ ਕੌਸ਼ਲ ਦੇ ਬੇਟੇ ਸਨੀ ਕੌਸ਼ਲ ਤਿੰਨ ਫਿਲਮਾਂ 'ਭੰਗੜਾ ਪਾ ਲੇ', 'ਹੁੜਦੰਗ' ਅਤੇ 'ਸ਼ਿੱਦਤ' ਵਿੱਚ ਨਜ਼ਰ ਆਉਣਗੇ। ਤਿੰਨਾਂ ਫਿਲਮਾਂ ਵਿੱਚ ਹੀ ਉਹ ਸੋਲੋ ਹੀਰੋ ਵਜੋਂ ਹੋਣਗੇ। ਸਨੀ ਲਗਾਤਾਰ ਫਿਲਮਾਂ ਕਰ ਰਹੇ ਹਨ, ਪਰ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਅੱਜ ਤੱਕ ਉਹ ਕਾਮਯਾਬੀ ਨਹੀਂ ਮਿਲੀ, ਜਿਸ ਦੇ ਕਾਰਨ ਲੋਕ ਉਨ੍ਹਾਂ ਨੂੰ ਦੇਖਦੇ ਹੀ ਪਛਾਣ ਜਾਣ।

ਸਨੀ ਦੱਸਦੇ ਹਨ ਕਿ ਜਦ ਉਹ ਬੀਤੇ ਦਿਨੀਂ ਆਪਣੀ 'ਹੁੜਦੰਗ' ਦੀ ਸ਼ੂਟਿੰਗ ਪ੍ਰਯਾਗਰਾਜ ਵਿੱਚ ਕਰ ਰਹੇ ਸਨ ਤਾਂ ਉਹ ਸ਼ਹਿਰ ਦਾ ਮਿਜਾਜ ਸਮਝਣ ਲਈ ਅਕਸਰ ਸੜਕ 'ਤੇ ਪੈਦਲ ਘੁੰਮਣ ਨਿਕਲ ਜਾਂਦੇ ਸਨ। ਕਈ ਵਾਰ ਦੁਕਾਨਾਂ ਉੱਤੇ ਚਾਹ ਪੀਣ ਲਈ ੀ ਰੁਕ ਜਾਂਦੇ ਸਨ। ਸਨੀ ਦੱਸਦੇ ਹਨ ਕਿ ਕਰੀਬ ਦੋ ਮਹੀਨੇ ਉਥੇ ਸ਼ੂਟਿੰਗ ਕਰਨ ਪਿੱਛੋਂ ਇੱਕ ਚਾਹ ਵਾਲੇ ਚਾਚਾ ਉਨ੍ਹਾਂ ਨੂੰ ਪਛਾਨਣ ਲੱਗ ਗਏ। ਉਹ ਉਨ੍ਹਾਂ ਤੋਂ ਰੋਜ ਹਾਲਚਾਲ ਪੁੱਛਦੇ ਸਨ। ਉਹ ਰੋਜ਼ ਪੁੱਛਦੇ ਸਨ ਕਿ ਅੱਜ ਦਾ ਕੰਮ ਕਿਹੋ ਜਿਹਾ ਰਿਹਾ। ਸਨੀ ਉਨ੍ਹਾਂ ਨੂੰ ਕਹਿੰਦੇ ਸਨ ਕਿ ਬਹੁਤ ਵਧੀਆ ਰਿਹਾ। ਸਨੀ ਕਹਿੰਦੇ ਹਨ, ਅੱਜ ਤੱਕ ਮੇਰੇ ਨਾਲ ਏਦਾਂ ਕਦੇ ਨਹੀਂ ਹੋਇਆ ਕਿ ਮੈਂ ਸੜਕ 'ਤੇ ਨਿਕਲ ਜਾਵਾਂ ਅਤੇ ਲੋਕ ਮੈਨੂੰ ਪਛਾਣ ਲੈਣ। 'ਗੋਲਡ' ਫਿਲਮ ਕਰਨ ਦੇ ਬਾਅਦ ਵੀ ਲੋਕ ਹਾਲੇ ਤੱਕ ਮੈਨੂੰ ਪਛਾਣਦੇ ਨਹੀਂ, ਕਿਉਂਕਿ ਉਸ ਵਿੱਚ ਮੇਰੀ ਲੁਕ ਇਕਦਮ ਅਲੱਗ ਸੀ। ਸਨੀ ਦੱਸਦੇ ਹਨ ਕਿ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਜੋ ਥੋੜ੍ਹਾ ਬਹੁਤ ਲੋਕ ਪਛਾਣ ਰਹੇ ਹਨ, ਉਹ ਉਨ੍ਹਾਂ ਨੂੰ ਫਿਲਮਾਂ ਦੇ ਕਾਰਨ ਨਹੀਂ, ਬਲਕਿ ਉਨ੍ਹਾਂ ਦੇ ਵੈੱਬ ਸ਼ੋਅ 'ਆਫੀਸ਼ੀਅਲ ਚੁਕਿਆਗਿਰੀ' ਦੇ ਕਾਰਨ ਪਛਾਣਦੇ ਹਨ। ਸਨੀ ਦੱਸਦੇ ਹਨ ਕਿ ਉਨ੍ਹਾਂ ਦੀ ਇਹ ਵੈੱਬ ਸੀਰੀਜ਼ ਅੰਦਰੂਨੀ ਇਲਾਕਿਆਂ ਤੱਕ ਪਹੁੰਚੀ ਸੀ, ਜਿਸ ਦੇ ਕਾਰਨ ਛੋਟੇ ਸ਼ਹਿਰਾਂ ਵਿੱਚ ਲੋਕ ਉਨ੍ਹਾਂ ਨੂੰ ਪਛਾਣਦੇ ਹਨ।

# 'ਆਜ ਕੱਲ੍ਹ' ਦਾ ਲਾਸਟ ਸੀਨ ਸ਼ੂਟ ਕਰ ਕੇ ਭਾਵੁਕ ਹੋਇਆ ਕਾਰਤਿਕ



ਬਾਲੀਵੁੱਡ ਅਭਿਨੇਤਾ ਕਾਰਤਿਕ ਆਰੀਅਨ ਆਪਣੀ ਆਉਣ ਵਾਲੀ ਫਿਲਮ 'ਆਜ ਕੱਲ੍ਹ' ਦਾ ਲਾਸਟ ਸੀਨ ਸ਼ੂਟ ਕਰਨ ਦੌਰਾਨ ਭਾਵੁਕ ਹੋ ਗਿਆ। ਉਸ ਦੀ ਅਗਲੀ ਰਿਲੀਜ਼ ਹੋ ਰਹੀ ਫਿਲਮ ਇਮਤਿਆਜ਼ ਅਲੀ ਦੀ 'ਆਜ ਕੱਲ੍ਹ' ਹੋਵੇਗੀ। ਇਸ ਫਿਲਮ ਵਿੱਚ ਕਾਰਤਿਕ ਪਹਿਲੀ ਵਾਰ ਸਾਰਾ ਅਲੀ ਖਾਨ ਨਾਲ ਦਿਖਾਈ ਦੇਵੇਗੀ। ਇਹ ਫਿਲਮ ਸੈਫ ਅਲੀ ਖਾਨ ਅਤੇ ਦੀਪਿਕਾ ਪਾਦੁਕੋਣ ਦੀ ਫਿਲਮ 'ਲਵ ਆਜ ਕੱਲ੍ਹ' ਦਾ ਸੀਕਵਲ ਦੱਸੀ ਜਾ ਰਹੀ ਹੈ। ਕਾਰਤਿਕ ਨੇ ਕਿਹਾ, 'ਜਦੋਂ ਮੈਂ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ, ਓਦੋਂ ਬਾਅਦ ਮੇਰੇ ਅੰਦਰ ਕਾਫੀ ਤਬਦੀਲੀ ਆ ਚੁੱਕੀ ਹੈ। ਮੇਰੇ ਐਕਟਿੰਗ ਕਰਨ ਦੇ ਤਰੀਕੇ ਅਤੇ ਮੇਰੀ ਨਿੱਜੀ ਸੋਚ ਦੋਵੇਂ ਇਮਤਿਆਜ਼ ਅਲੀ ਨਾਲ ਕੰਮ ਕਰਦਿਆਂ ਬਦਲ ਗਏ। ਇਥੋਂ ਤੱਕ ਉਸ ਨਾਲ ਲਾਸਟ ਸੀਨ ਕਰਦਿਆਂ ਮੈਂ ਇਮੋਸ਼ਨਲ ਹੋ ਗਿਆ ਸੀ ਕਿਉਂਕਿ ਇਹ ਸਫਰ ਬਹੁਤ ਸ਼ਾਨਦਾਰ ਸੀ। ਮੈਨੂੰ ਇਸ ਫਿਲਮ 'ਤੇ ਪੂਰਾ ਭਰੋਸਾ ਹੈ।"

# ਰਸਿਕਾ ਦੁੱਗਲ ਨੇ ਸ਼ੁਰੂ ਕੀਤੀ 'ਅ ਸੂਟੇਬਲ ਬੁਆਇ' ਦੀ ਸ਼ੂਟਿੰਗ



ਹਾਲੀਆ ਵੈਬ ਸੀਰੀਜ਼ 'ਆਊਟ ਆਫ ਲਵ' ਵਿੱਚ ਰਸਿਕਾ ਦੁੱਗਲ ਨੂੰ ਉਸ ਦੇ ਕਿਰਦਾਰ ਦੇ ਲਈ ਕਾਫੀ ਤਾਰੀਫਾਂ ਮਿਲ ਰਹੀਆਂ ਹਨ। ਇਸ ਦੀ ਸਫਲਤਾ ਦੇ ਤੁਰੰਤ ਬਾਅਦ ਉਸ ਨੇ ਅਗਲੀ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇੱਕ ਦੇ ਬਾਅਦ ਇੱਕ ਪ੍ਰੋਜੈਕਟਾਂ ਵਿੱਚ ਕੰਮ ਕਰਦੀ ਨਜ਼ਰ ਆ ਰਹੀ ਰਸਿਕਾ ਅੱਗੋਂ ਮੀਰਾ ਨਾਇਰ ਦੀ ਆਉਣ ਵਾਲੀ ਵੈਬ ਸੀਰੀਜ਼ 'ਅ ਸੂਟੇਬਲ ਬੁਆਇ' ਵਿੱਚ ਵੀ ਦਿਖਾਈ ਦੇਵੇਗੀ। ਰਸਿਕਾ ਦੁੱਗਲ ਦਾ ਮੰਨਣਾ ਹੈ, ਇੱਕ ਐਕਟਰ ਲਈ ਇਹ ਬਹੁਤ ਹੀ ਵਧੀਆ ਦੌਰ ਚੱਲ ਰਿਹਾ ਹੈ। ਮੈਨੂੰ ਬਹੁਤ ਹੀ ਬਿਹਤਰੀਨ ਵੈਬ ਸੀਰੀਜ਼ ਤੇ ਫਿਲਮ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਹੈ। 'ਆਊਟ ਆਫ ਲਵ' ਦੇ ਲਈ ਲੋਕਾਂ ਵੱਲੋਂ ਮਿਲ ਰਹੀ ਪ੍ਰਸ਼ੰਸਾ ਅਤੇ ਪਿਆਰ ਤੋਂ ਮੈਂ ਬਹੁਤ ਹੀ ਖੁਸ਼ ਹਾਂ। ਮੈਂ ਇਸ ਸਮੇਂ 'ਅ ਸੂਟੇਬਲ ਬਾਇ' ਦੀ ਸ਼ੂਟਿੰਗ ਦੇ ਲਈ ਲਖਨਊ ਵਿੱਚ ਹਾਂ।

# ਜਾਹਨਵੀ ਨੂੰ ਪਸੰਦ ਹਨ ਮਰਦਾਂ ਦੇ ਪਰਫਿਊਮ




ਅਭਿਨੇਤਰੀ ਜਾਹਨਵੀ ਕਪੂਰ ਅਕਸਰ ਪਾਰਟੀਆਂ ਵਿੱਚ ਔਰਤਾਂ ਅਤੇ ਮਰਦਾਂ ਦੋਵਾਂ ਦੇ ਪਰਫਿਊਮ ਲਾਉਂਦੀ ਹੈ, ਕਿਉਂਕਿ ਉਸ ਨੂੰ ਮਰਦਾਂ ਦੇ ਪਰਫਿਊਮ ਚੰਗੇ ਲੱਗਦੇ ਹਨ। ਉਹ ਕਹਿੰਦੀ ਹੈ, "ਮੈਨੂੰ ਪਾਪਾ ਬੋਨੀ ਕਪੂਰ ਦਾ ਪਰਫਿਊਮ ਬਹੁਤ ਪਸੰਦ ਹੈ। ਜਦ ਮੈਂ ਛੋਟੀ ਸੀ ਤਾਂ ਉਨ੍ਹਾਂ ਦੀ ਵਾਰਡਰੋਬ ਖੋਲ੍ਹ ਕੇ ਉਨ੍ਹਾਂ ਦਾ ਪਰਫਿਊਮ ਕੱਢ ਕੇ ਲਾਉਂਦੀ ਸੀ। ਹਾਲੇ ਵੀ ਰਾਤ ਦੀਆਂ ਪਾਰਟੀਆਂ ਵਿਚ ਜਾਣਾ ਹੋਵੇ ਤਾਂ ਮੈਂ ਮਰਦਾਂ ਦੇ ਪਰਫਿਊਮ ਨੂੰ ਔਰਤਾਂ ਦੇ ਪਰਫਿਊਮ ਨਾਲ ਮਿਕਸ ਕਰ ਕੇ ਲਾਉਂਦੀ ਹਾਂ।"

ਜਦ ਜਾਹਨਵੀ ਨੂੰ ਪਿਆਰ ਦੀ ਵਿਆਖਿਆ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਕਿਹਾ, ਮੈਂ ਪਿਆਰ ਨੂੰ ਪਰਿਭਾਸ਼ਿਤ ਨਹੀਂ ਕਰ ਸਕਦੀ। ਮੈਨੂੰ ਲੱਗਦਾ ਹੈ ਕਿ ਪਿਆਰ ਹੀ ਇੱਕ ਅਜਿਹੀ ਚੀਜ਼ ਹੈ, ਜਿਸ ਨੂੰ ਤੁਸੀਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ। ਇਹ ਇੱਕ ਭਾਵਨਾ ਹੈ। ਇਹ ਸਭ ਤੋਂ ਵੱਡਾ ਅਤੇ ਸਭ ਤੋਂ ਉਪਰ ਹੈ। ਮੈਂ ਇੱਕ ਵਾਰ ਪੜ੍ਹਿਆ ਸੀ ਕਿ ਤੁਸੀਂ ਜੋ ਵੀ ਕਰਦੇ ਹੋ, ਉਹ ਪਿਆਰ ਹਾਸਲ ਕਰਨ ਦਾ ਇੱਕ ਢੰਗ ਹੁੰਦਾ ਹੈ। ਮੈਂ ਵੀ ਹਮੇਸ਼ਾ ਇਹ ਕਰਦੀ ਰਹਾਂਗੀ, ਜਿਸ ਨਾਲ ਮੈਨੂੰ ਲੋਕਾਂ ਦਾ ਪਿਆਰ ਮਿਲਦਾ ਰਹੇ।

ਵਰਕਫਰੰਟ ਦੀ ਗੱਲ ਕਰੀਏ ਤਾਂ ਜਾਹਨਵੀ ਕੋਲ ਕਈ ਪ੍ਰੋਜੈਕਟ ਹਨ, ਜਿਨ੍ਹਾਂ ਵਿੱਚ ਜ਼ੋਇਆ ਅਖਤਰ ਦੀ 'ਘੋਸਟ ਸਟੋਰੀਜ਼', ਸ਼ਰਨ ਸ਼ਰਮਾ ਦੀ 'ਗੁੰਜਨ ਸਕਸੈਨਾ : ਦ ਕਾਰਗਿਲ ਗਰਲ', ਹਾਰਦਿਕ ਮਹਿਤਾ ਦੀ 'ਰੂਹੀ ਅਫਜ਼ਾ' ਅਤੇ ਕੋਲਿਨ ਡੀ ਕੀ 'ਦੋਸਤਾਨਾ-2' ਸ਼ਾਮਲ ਹੈ।

# ਫਿਰ ਪਰਦੇ 'ਤੇ ਪਾਪਾ ਪੰਕਜ ਦੇ ਨਾਲ ਹੋਣਗੇ ਸ਼ਾਹਿਦ ਕਪੂਰ



ਸ਼ਾਹਿਦ ਕਪੂਰ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ 'ਜਰਸੀ' ਦੀਆਂ ਤਿਆਰੀਆਂ ਵਿੱਚ ਖੂਬ ਮਿਹਨਤ ਕਰ ਰਹੇ ਹਨ। ਪਿੱਛੇ ਜਿਹੇ ਸੋਸ਼ਲ ਮੀਡੀਆ 'ਤੇ ਜਾਰੀ ਇੱਕ ਵੀਡੀਓ ਵਿੱਚ ਉਨ੍ਹਾਂ ਨੂੰ ਕ੍ਰਿਕਟ ਮੈਦਾਨ 'ਤੇ ਅਭਿਆਸ ਕਰਦੇ ਹੋਏ ਦੇਖਿਆ ਗਿਆ। ਕ੍ਰਿਕਟ ਦੇ ਪਿਛੋਕੜ ਉੱਤੇ ਆਧਾਰਤ ਇਸ ਫਿਲਮ ਨਾਲ ਸ਼ਾਹਿਦ ਦੇ ਪਿਤਾ ਪੰਕਜ ਕਪੂਰ ਜੁੜ ਗਏ ਹਨ। ਪੰਕਜ ਇਸ ਫਿਲਮ ਵਿੱਚ ਸ਼ਾਹਿਦ ਦੇ ਗੁਰੂ ਦੀ ਭੂਮਿਕਾ ਵਿੱਚ ਦਿਖਾਈ ਦੇਣਗੇ। ਇਸ ਤੋਂ ਪਹਿਲਾਂ ਸਾਲ 2015 ਵਿੱਚ ਰਿਲੀਜ਼ ਹੋਈ ਇਸ 'ਸ਼ਾਨਦਾਰ' ਵਿੱਚ ਸ਼ਾਹਿਦ ਅਤੇ ਪੰਕਜ ਨਾਲ ਇਕੱਠੇ ਕੰਮ ਕੀਤਾ ਸੀ। ਸਾਲ 2011 ਵਿੱਚ ਬਣੀ ਫਿਲਮ 'ਮੌਸਮ' ਵਿੱਚ ਪੰਕਜ ਕਪੂਰ ਨੇ ਸ਼ਾਹਿਦ ਨੂੰ ਨਿਰਦੇਸ਼ਤ ਕੀਤਾ ਸੀ। ਬੇਟੇ ਸ਼ਾਹਿਦ ਦੇ ਨਾਲ ਇੱਕ ਵਾਰ ਫਿਲਮ ਵਿੱਚ ਕੰਮ ਕਰਨ ਨੂੰ ਲੈ ਕੇ ਪੰਕਜ ਕਾਫੀ ਉਤਸ਼ਾਹਤ ਹਨ।

ਦੱਸਿਆ ਜਾ ਰਿਹਾ ਹੈ ਕਿ ਸ਼ਾਹਿਦ 30 ਦਸੰਬਰ ਤੱਕ ਇਸ ਫਿਲਮ ਦੀ ਸ਼ੂਟਿੰਗ ਕਰਨਗੇ। ਉਸ ਦੇ ਬਾਅਦ ਨਵੇਂ ਸਾਲ 'ਤੇ ਕੰਮ ਤੋਂ ਛੁੱਟੀ ਲੈ ਕੇ ਚਾਰ ਪੰਜ ਦਿਨ ਪਰਵਾਰ ਦੇ ਨਾਲ ਬਿਤਾਉਣਗੇ। ਛੁੱਟੀ ਤੋਂ ਮੁੜਨ 'ਤੇ ਉਹ ਫਿਲਮ ਦੇ ਦੂਸਰੇ ਸ਼ਡਿਊਲ ਦੀ ਸ਼ੂਟਿੰਗ ਚੰਡੀਗੜ੍ਹ ਵਿੱਚ ਸ਼ੁਰੂ ਕਰਨਗੇ। ਕੁਝ ਦਿਨ ਪਹਿਲਾਂ ਹੀ ਇਸ ਫਿਲਮ ਨਾਲ ਅਭਿਨੇਤਰੀ ਮ੍ਰਿਣਾਲ ਠਾਕੁਰ ਦੇ ਵੀ ਜੁੜਨ ਦੀ ਪੁਸ਼ਟੀ ਹੋਈ ਸੀ। 'ਜਰਸੀ' ਇਸੇ ਨਾਮ ਦੀ ਇੱਕ ਤੇਲਗੂ ਫਿਲਮ ਦੀ ਹਿੰਦੀ ਰੀਮੇਕ ਹੈ, ਜਿਸ ਨੂੰ ਮੂਲ ਨਿਰਦੇਸ਼ਕ ਗੌਤਮ ਤਿੰਨਾਨੁਰੀ ਨਿਰਦੇਸ਼ਤ ਕਰ ਰਹੇ ਹਨ। ਇਸ ਤੋਂ ਪਹਿਲਾਂ ਸ਼ਾਹਿਦ ਦੀ ਸੁਪਰਹਿੱਟ ਫਿਲਮ 'ਅਰਜੁਨ ਰੈੱਡੀ' ਦੀ ਹਿੰਦੀ ਰੀਮੇਕ ਫਿਲਮ ਸੀ।

# 'ਛਪਾਕ' ਦੇ ਟਰੇਲਰ ਲਾਂਚ ਉਤੇ ਭਾਵੁਕ ਹੋਈ ਦੀਪਿਕਾ




ਮੇਘਾ ਗੁਲਜਾਰ ਨਿਰਦੇਸ਼ਿਤ ਐਸਿਡ ਅਟੈਕ ਸਰਵਾਈਵਰ ਲਛਮੀ ਅਗਰਵਾਲ ਦੀ ਜ਼ਿੰਦਗੀ ਤੋਂ ਪ੍ਰੇਰਿਤ ਫਿਲਮ 'ਛਪਾਕ' ਦਾ ਟ੍ਰੇਲਰ ਲਾਂਚ ਹੋ ਗਿਆ ਹੈ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਹੋਏ ਇਸ ਲਾਂਚ ਉਤੇ ਮੇਘਨਾ ਗੁਲਜਾਰ, ਦੀਪਿਕਾ ਪਾਦੁਕੋਣ, ਵਿਕਰਾਂਤ ਮੇਸੀ ਮੌਜੂਦ ਸਨ। ਟਰੇਲਰ ਦਿਖਾਏ ਜਾਣ ਦੇ ਬਾਅਦ ਜਦ ਦੀਪਿਕਾ ਸਟੇਜ 'ਤੇ ਪਹੁੰਚੀ ਤਾਂ ਉਹ ਭਾਵੁਕ ਹੋ ਗਈ। ਦੀਪਿਕਾ ਨੂੰ ਸੰਭਲਣ ਵਿੱਚ ਥੋੜ੍ਹਾ ਸਮਾਂ ਲੱਗਾ। ਉਸ ਦਾ ਕਹਿਣਾ ਹੈ ਕਿ ਇਸ ਫਿਲਮ ਦੀ ਸਕ੍ਰਿਪਟ ਜਦ ਮੇਘਨਾ ਨੇ ਉਨ੍ਹਾਂ ਨੂੰ ਸੁਣਾਈ ਸੀ, ਤਦ ਦੋ ਪੇਜ ਦੀ ਨਰੇਸ਼ਨ ਸੁਣਨ ਦੇ ਬਾਅਦ ਹੀ ਉਨ੍ਹਾਂ ਨੇ ਇਸ ਫਲਮ ਲਈ ਹਾਂ ਕਰ ਦਿੱਤੀ ਸੀ। ਦੀਪਿਕਾ ਨੇ ਦੱਸਿਆ ਕਿ ਫਿਲਮ ਦੀ ਕਹਾਣੀ ਉਸ ਘਟਨਾ 'ਤੇ ਨਹੀਂ, ਬਲਕਿ ਉਸ ਘਟਨਾ ਤੋਂ ਬਾਹਰ ਨਿਕਲ ਕੇ ਜ਼ਿੰਦਗੀ ਜੀਉਣ ਦੀ ਹੈ। ਉਹ ਦੱਸਦੀ ਹੈ ਕਿ ਅਜਿਹੇ ਕਿਰਦਾਰ ਨੂੰ ਨਿਭਾਉਣਾ ਮੁਸ਼ਕਲ ਹੈ, ਜੋ ਤੁਹਾਡੇ ਸਾਹਮਣੇ ਮੌਜੂਦ ਹੁੰਦਾ ਹੈ। ਲਛਮੀ ਅਗਰਵਾਲ ਦਾ ਕਿਰਦਾਰ ਨਿਭਾਉਣਾ ਉਨ੍ਹਾਂ ਦੇ ਲਈ ਆਸਾਨ ਨਹੀਂ ਸੀ। ਪ੍ਰੋਸਥੈਟਿਕ ਮੇਕਅਪ ਦੇ ਬਾਅਦ ਜਦ ਪਹਿਲੇ ਦਿਨ ਸੈਟ 'ਤੇ ਦੀਪਿਕਾ ਤਿਆਰ ਬੈਠੀ ਸੀ, ਤਦ ਉਹ ਨਰਵਸ ਸੀ ਕਿ ਲਛਮੀ ਉਨ੍ਹਾਂ ਨੂੰ ਦੇਖ ਕੇ ਕੀ ਪ੍ਰਤੀਕਿਰਿਆ ਦੇਵੇਗੀ।

ਦੀਪਿਕਾ ਨੇ ਦੱਸਿਆ ਕਿ ਜਦ ਲਛਮੀ ਨੇ ਉਨ੍ਹਾਂ ਨੂੰ ਦੇਖਿਆ ਤਾਂ ਕਿਹਾ ਕਿ ਉਨ੍ਹਾਂ ਨੂੰ ਇੰਝ ਲੱਗਦਾ ਹੈ ਜਿਵੇਂ ਉਹ ਸ਼ੀਸ਼ਾ ਦੇਖ ਰਹੀ ਹੈ। ਦੀਪਿਕਾ ਕਹਿੰਦੀ ਹੈ ਕਿ ਇੱਕ ਕਲਾਕਾਰ ਲਈ ਇਸ ਤੋਂ ਵੱਡੀ ਮਾਨਤਾ ਕੋਈ ਹੋਰ ਨਹੀਂ ਹੋਵੇਗੀ ਕਿ ਜਿਸ ਦਾ ਕਿਰਦਾਰ ਨਿਭਾ ਰਹੀ ਹੈ, ਉਹ ਖੁਦ ਇਹ ਕਹੇ। ਨਿਰਦੇਸ਼ਕ ਮੇਘਨਾ ਗੁਲਜਾਰ ਦਾ ਕਹਿਣਾ ਹੈ ਕਿ ਇਹ ਮਹਿਲਾ ਪ੍ਰਧਾਨ ਫਿਲਮ ਨਹੀਂ ਹੈ। ਉਨ੍ਹਾਂ ਦੀਆਂ ਫਿਲਮਾਂ ਦੀਆਂ ਕਹਾਣੀਆਂ ਵਿੱਚ ਮਹਿਲਾ ਦਾ ਕਿਰਦਾਰ ਮਜ਼ਬੂਤ ਜ਼ਰੂਰ ਹੁੰਦਾ ਹੈ, ਪ੍ਰੰਤੂ ਉਹ ਕੇਵਲ ਇੱਕ ਮਹਿਲਾ ਦੀ ਕਹਾਣੀ ਨਹੀਂ ਹੁੰਦੀ। ਉਹ ਇਹੋ ਜਿਹੀਆਂ ਕਹਾਣੀਆਂ ਚੁਣਦੀ ਹੈ, ਜੋ ਉਨ੍ਹਾਂ ਨੂੰ ਸਮਝ ਵਿੱਚ ਆਉਂਦੀਆਂ ਹਨ। ਸੰਵੇਦਨਸ਼ੀਲ ਕਹਾਣੀ ਨੂੰ ਲੱਭ ਕੇ ਉਸ ਨੂੰ

# Dr. Randhawa Dentistry

*Your own dentist who really cares for you*



We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative


ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..
**OPEN HOUSE**
Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com

# NEED A LAWYER ??

Red Seal NOTARY

# KAUR LAW OFFICE



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain

# PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109





www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!

Call For a Quick & Free Home Evaluation
www.BramptonQuickHomeEvaluation.com
Top 1% Ranked in Broker
**2016,2015,2014,2013 **(2009,2008) 2012,2011,2010) **(RE/MAX International) **(2010) **(2014)


Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON

ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੈ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ

BRAMPTON

ਚਿੰਗਕੁਜ਼ੀ/ਡੁਫੀਲਡ/ਇਡਨਬ
ਚਿੰਗਕੁਜ਼ੀ ਦੇ ਏਰੀਏ ਵਿੱਚ 4+1 ਬੈਡਰੂਮ ਡੈਨ, 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਨੂੰ ਫਿਨੀਸ਼ਡ ਬੈਸਮੈਂਟ ਜਿਸ ਨੂੰ ਕਿ ਸੇਪਰੇਟ ਏਂਟਰੈਂਸ। ਹਾਰਡਵੁਡ ਫਲੋਰ, ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ, ਗਰੇਨਾਇਟ ਕਾਉਂਟਰ ਟਾਪ, ਮਾਸਟਰ ਬੈਡਰੂਮ ਨੂੰ 4 ਪੀਸ ਇੰਨ-ਸੂਟ, ਆਦਿ

WOODBRIDGE

ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੂਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।

BRAMPTON

ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ



Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ




Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca

ticoca IATA
Call Us For Guaranteed Lowest Airfare ANY Airline Time Destination Around the World
WESTJET vacations, transat Holidays, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



You can
Place Your Business Here
To Reach Wider Audience
For more info Call 905-793-2202 or e-mail ads@punjabipost.ca



IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677



New City Pizza & Kamal Sandhu Real Estate Present

BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week



50 Lacoste Blvd, Unit-112 Brampton, ON L6P 3Z8



REXDALE BODY SHOP USED CAR SALE


CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com